Watch
PUNJAB MAIL USA
TV Channel
On IP box, App, Website
For Advertisement
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA





Vol. 17, Issue- 751, 25 to 31 May, 2023, Ph: 916-320-9444, E-mail: punjabmailusa@yahoo.com, Web: punjabmailusa.com

## 'ਟਾਈਟਲ-42' ਦੀ ਮਿਆਦ ਪੁੱਗਣ ਤੋਂ ਇਕ ਹਫਤੇ 'ਚ 11 ਹਜ਼ਾਰ ਤੋਂ ਵੱਧ ਪ੍ਰਵਾਸੀਆਂ ਨੂੰ ਕੀਤਾ ਡਿਪੋਰਟ

**ਵਾਸ਼ਿੰਗਟਨ, (ਪੰਜਾਬ ਮੇਲ)-** ਯੂ.ਐੱਸ ਨੇ 'ਟਾਈਟਲ-42' ਸਰਹੱਦੀ ਪਾਬੰਦੀਆਂ ਦੀ ਮਿਆਦ ਪੁੱਗਣ ਤੋਂ ਬਾਅਦ ਦੇਸ਼ ਨਿਕਾਲੇ ਨੂੰ ਵਧਾਉਣ ਅਤੇ ਪ੍ਰਚਾਰ ਕਰਨ ਦੇ ਬਾਇਡਨ ਪ੍ਰਸ਼ਾਸਨ ਦੇ ਯਤਨਾਂ ਦੇ ਹਿੱਸੇ ਵਜੋਂ ਇੱਕ ਹਫ਼ਤੇ ਵਿਚ ਹੁਣ 11,000 ਤੋਂ ਵੱਧ ਪ੍ਰਵਾਸੀਆਂ ਨੂੰ ਮੈਕਸੀਕੋ ਅਤੇ 30 ਤੋਂ ਵੱਧ ਹੋਰਨਾਂ ਦੇਸ਼ਾਂ ਵਿਚ ਡਿਪੋਰਟ ਕੀਤਾ ਹੈ। ਅਧਿਕਾਰੀਆਂ ਨੇ ਕਿਹਾ ਕਿ ਯੂ.ਐੱਸ ਬਾਰਡਰ ਏਜੰਟਾਂ ਨੇ ਬੀਤੀ 11 ਮਈ ਨੂੰ ਟਾਈਟਲ-42 ਪਬਲਿਕ ਹੈਲਥ ਅਥਾਰਟੀ ਦੇ ਅਧੀਨ ਪ੍ਰਵਾਸੀਆਂ ਨੂੰ ਕੱਢਣ ਦੀ ਆਪਣੀ ਯੋਗਤਾ ਗੁਆ ਦਿੱਤੀ ਸੀ। ਹੋਮਲੈਂਡ ਸਕਿਓਰਿਟੀ ਵਿਭਾਗ ਨੇ ਕਿਹਾ ਕਿ ਇਸ ਨੇ 11,000 ਤੋਂ ਵੱਧ ਰਸਮੀ ਤੌਰ 'ਤੇ ਦੇਸ਼ ਨਿਕਾਲੇ ਅਤੇ ਪ੍ਰਵਾਸੀਆਂ ਦੀ ਵਾਪਸੀ ਕੀਤੀ ਹੈ, ਜੋ ਹਾਲ ਹੀ ਵਿਚ ਗੈਰ-ਕਾਨੂੰਨੀ ਢੰਗ ਨਾਲ ਦੱਖਣੀ ਸਰਹੱਦ ਪਾਰ ਕਰ ਗਏ ਸਨ।

■ **ਡਿਪੋਰਟ ਕੀਤੇ ਪ੍ਰਵਾਸੀਆਂ ਨੂੰ ਗੰਭੀਰ ਇਮੀਗ੍ਰੇਸ਼ਨ ਤੇ ਅਪਰਾਧਿਕ ਨਤੀਜਿਆਂ ਦਾ ਕਰਨਾ ਪੈ ਸਕਦੈ ਸਾਹਮਣਾ**



ਟਾਈਟਲ-42 ਦੇ ਤਹਿਤ ਕੱਢੇ ਗਏ ਲੋਕਾਂ ਦੇ ਉਲਟ, ਯੂ.ਐੱਸ ਇਮੀਗ੍ਰੇਸ਼ਨ ਕਾਨੂੰਨ ਦੇ ਤਹਿਤ ਦੇਸ਼ ਨਿਕਾਲਾ ਦਿੱਤੇ ਗਏ ਪ੍ਰਵਾਸੀਆਂ ਨੂੰ ਗੰਭੀਰ ਇਮੀਗ੍ਰੇਸ਼ਨ ਅਤੇ ਅਪਰਾਧਿਕ ਨਤੀਜਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਵੇਂ ਕਿ ਅਮਰੀਕਾ ਤੋਂ ਪੰਜ ਸਾਲ ਦਾ ਦੇਸ਼ ਨਿਕਾਲਾ ਅਤੇ ਸੰਭਾਵੀ ਜੇਲ੍ਹ ਦਾ ਸਮਾਂ ਅਤੇ ਅਪਰਾਧਿਕ ਮੁਕੱਦਮਾ, ਜੇਕਰ ਉਹ ਸਰਕਾਰ ਦੀ ਇਜਾਜ਼ਤ ਤੋਂ ਬਿਨਾਂ ਮੁੜ ਅਮਰੀਕਾ ਦੇਸ਼ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹਨ। ਬਾਇਡਨ ਪ੍ਰਸ਼ਾਸਨ ਨੇ ਯੂ.ਐੱਸ.-ਮੈਕਸੀਕੋ ਸਰਹੱਦ ਦੇ ਨਾਲ ਪ੍ਰਵਾਸੀਆਂ ਦੀ ਆਮਦ ਨੂੰ ਰੋਕਣ ਲਈ ਇੱਕ ਵਿਆਪਕ ਮੁਹਿੰਮ ਦੇ ਹਿੱਸੇ ਵਜੋਂ, ਰਸਮੀ ਦੇਸ਼ ਨਿਕਾਲੇ ਦੀ ਵਧੀ ਹੋਈ ਸੰਖਿਆ ਅਤੇ ਉਨ੍ਹਾਂ

■ ਬਾਕੀ ਖਬਰ ਸਫਾ 16 'ਤੇ

## ਬਰਗਾੜੀ ਬੇਅਦਬੀ ਕਾਂਡ ਦੇ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਬੈਂਗਲੁਰੂ ਗਈ ਪੰਜਾਬ ਪੁਲਿਸ ਖਾਲੀ ਹੱਥ ਪਰਤੀ

**ਬੈਂਗਲੁਰੂ, (ਪੰਜਾਬ ਮੇਲ)-** ਬਰਗਾੜੀ ਬੇਅਦਬੀ ਕਾਂਡ ਦੇ ਭਗੌੜੇ ਮੁੱਖ ਸਾਜ਼ਿਸ਼ਕਾਰ ਸੰਦੀਪ ਬਰੇਟਾ ਦੀ ਗ੍ਰਿਫਤਾਰੀ ਦੇ ਮਾਮਲੇ 'ਚ ਪੰਜਾਬ ਪੁਲਿਸ ਬੈਕਫੁੱਟ 'ਤੇ ਆ ਗਈ ਹੈ। ਪੁਲਿਸ ਦਾ ਕਹਿਣਾ ਹੈ ਕਿ ਜਾਂਚ ਦੌਰਾਨ ਗ੍ਰਿਫਤਾਰ ਵਿਅਕਤੀ ਸੰਦੀਪ ਬਰੇਟਾ ਨਹੀਂ ਨਿਕਲਿਆ। ਬਰਗਾੜੀ ਬੇਅਦਬੀ ਕਾਂਡ ਦੇ ਭਗੌੜੇ ਮੁੱਖ ਸਾਜ਼ਿਸ਼ਕਾਰ ਸੰਦੀਪ ਬਰੇਟਾ ਦੀ ਗ੍ਰਿਫਤਾਰੀ ਦੇ ਮਾਮਲੇ 'ਚ ਪੰਜਾਬ ਪੁਲਿਸ ਬੈਕਫੁੱਟ 'ਤੇ ਆ ਗਈ ਹੈ। ਪੁਲਿਸ ਦਾ ਕਹਿਣਾ ਹੈ ਕਿ ਜਾਂਚ ਦੌਰਾਨ ਗ੍ਰਿਫਤਾਰ ਵਿਅਕਤੀ ਸੰਦੀਪ ਬਰੇਟਾ ਨਹੀਂ ਨਿਕਲਿਆ। ਇਸ ਲਈ ਬੈਂਗਲੂਰੂ ਏਅਰਪੋਰਟ 'ਤੇ ਗ੍ਰਿਫਤਾਰ ਵਿਅਕਤੀ ਨੂੰ ਹਿਰਾਸਤ 'ਚ ਲੈਣ ਪਹੁੰਚੀ ਫਰੀਦਕੋਟ ਪੁਲਿਸ ਦੀ ਟੀਮ ਖਾਲੀ ਹੱਥ ਪਰਤੀ ਹੈ।

ਦੱਸ ਦਈਏ ਕਿ ਸ਼ੱਕ ਦੇ ਆਧਾਰ 'ਤੇ ਹਿਰਾਸਤ 'ਚ ਲੈਣ ਤੋਂ ਬਾਅਦ ਪੰਜਾਬ ਪੁਲਿਸ ਨੇ ਆਪਣੇ ਫੇਸਬੁੱਕ ਤੇ ਟਵਿੱਟਰ ਪੇਜ 'ਤੇ ਸੰਦੀਪ ਬਰੇਟਾ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਸੀ। ਇਸ ਦੇ ਆਧਾਰ 'ਤੇ ਮੀਡੀਆ ਨੂੰ ਸੰਦੀਪ ਬਰੇਟਾ ਦੀ ਗ੍ਰਿਫਤਾਰੀ ਦੀ ਜਾਣਕਾਰੀ ਦਿੱਤੀ ਗਈ ਸੀ। ਸੂਤਰਾਂ ਅਨੁਸਾਰ ਇਸ ਵਿਅਕਤੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਫ਼ਰੀਦਕੋਟ ਪੁਲਿਸ ਦੀ ਟੀਮ ਮੰਗਲਵਾਰ ਸ਼ਾਮ ਨੂੰ ਬੰਗਲੌਰ ਪਹੁੰਚੀ ਤੇ ਰਾਤ ਭਰ ਇਸ ਵਿਅਕਤੀ ਬਾਰੇ ਪੜਤਾਲ ਕੀਤੀ, ਪਰ ਜਾਂਚ ਦੌਰਾਨ ਇਹ ਵਿਅਕਤੀ ਸੰਦੀਪ ਬਰੇਟਾ ਨਹੀਂ ਨਿਕਲਿਆ। ਇਸ ਤੋਂ ਬਾਅਦ ਟੀਮ ਫਰੀਦਕੋਟ ਵਾਪਸ ਆ ਰਹੀ ਹੈ। ਫਰੀਦਕੋਟ ਵਿਚ 2015 ਦੇ ਬਰਗਾੜੀ ਬੇਅਦਬੀ ਕਾਂਡ ਦੇ ਮੁੱਖ ਸਾਜ਼ਿਸ਼ਕਰਤਾ ਅਤੇ ਡੇਰਾ ਸਿਰਸਾ ਦੇ ਕੌਮੀ ਕਮੇਟੀ ਮੈਂਬਰ ਸੰਦੀਪ ਬਰੇਟਾ ਦਾ ਬੇਅਦਬੀ ਦੀਆਂ ਤਿੰਨੋਂ ਘਟਨਾਵਾਂ 'ਚ ਨਾਂ ਆਉਂਦਾ ਹੈ। ਅਦਾਲਤ ਨੇ ਇਨ੍ਹਾਂ ਮਾਮਲਿਆਂ ਵਿਚ ਸੰਦੀਪ ਬਰੇਟਾ ਅਤੇ ਕਮੇਟੀ ਦੇ ਦੋ ਹੋਰ ਮੈਂਬਰਾਂ ਹਰਸ਼ ਧੂਰੀ ਅਤੇ ਪ੍ਰਦੀਪ ਕਲੇਰ ਨੂੰ ਵੀ ਭਗੌੜਾ ਕਰਾਰ ਦਿੱਤਾ ਸੀ।

■ **ਮੁੱਖ ਦੋਸ਼ੀ ਸੰਦੀਪ ਬਰੇਟਾ ਦੀ ਥਾਂ ਏਅਰਪੋਰਟ 'ਤੇ ਕਿਸੇ ਹੋਰ ਨੂੰ ਹੀ ਦਬੋਚਿਆ**

ਬਰਗਾੜੀ ਬੇਅਦਬੀ ਮਾਮਲੇ ਨਾਲ ਸਬੰਧਤ ਤਿੰਨੋਂ ਘਟਨਾਵਾਂ ਵਿਚ ਪੰਜਾਬ ਪੁਲਿਸ ਦੀ ਐੱਸ.ਆਈ.ਟੀ. ਨੇ ਗੁਰਮੀਤ ਰਾਮ ਰਹੀਮ ਅਤੇ ਹੋਰ ਡੇਰਾ ਪੈਰੋਕਾਰਾਂ ਖ਼ਿਲਾਫ਼ ਚਾਰਜਸ਼ੀਟ ਦਾਇਰ ਕਰ ਦਿੱਤੀ ਹੈ ਅਤੇ ਇਨ੍ਹੀਂ ਦਿਨੀਂ ਅਦਾਲਤ ਵਿਚ ਸੁਣਵਾਈ ਚੱਲ ਰਹੀ ਹੈ। ਪਰ ਸੁਪਰੀਮ ਕੋਰਟ ਨੇ ਦੋਸ਼ੀ ਡੇਰਾ ਪੈਰੋਕਾਰਾਂ ਦੀ ਪਟੀਸ਼ਨ 'ਤੇ ਤਿੰਨੋਂ ਕੇਸ ਫਰੀਦਕੋਟ ਅਦਾਲਤ ਤੋਂ ਚੰਡੀਗੜ੍ਹ ਤਬਦੀਲ ਕਰ ਦਿੱਤੇ।

ਐੱਸ.ਆਈ.ਟੀ. ਦੀ ਚਾਰਜਸ਼ੀਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਬਰਗਾੜੀ ਬੇਅਦਬੀ ਕਾਂਡ ਦੀ ਸਾਜ਼ਿਸ਼ ਮਹਿੰਦਰਪਾਲ ਬਿੱਟੂ ਨਾਲ ਮਿਲ ਕੇ ਇਨ੍ਹਾਂ ਤਿੰਨਾਂ ਨੇ ਰਚੀ ਸੀ। ਐੱਸ.ਆਈ.ਟੀ. ਅਨੁਸਾਰ ਬੇਅਦਬੀ ਦੀ ਘਟਨਾ ਤੋਂ ਪਹਿਲਾਂ ਡੇਰਾ ਸਿਰਸਾ ਦੇ ਅਹੁਦੇਦਾਰਾਂ ਨੇ ਸੰਪਰਦਾ ਦੇ ਆਗੂ ਬਲਜੀਤ ਸਿੰਘ ਦਾਦੂਵਾਲ ਨੂੰ ਮਾਰਨ ਦੀ ਸਾਜ਼ਿਸ਼ ਵੀ ਰਚੀ ਸੀ ਪਰ ਉਹ ਇਸ ਵਿਚ ਕਾਮਯਾਬ ਨਹੀਂ ਹੋ ਸਕੇ। ਇਸ ਤੋਂ ਬਾਅਦ ਉਸ ਨੇ ਇਸ ਘਿਨਾਉਣੀ ਹਰਕਤ ਨੂੰ ਅੰਜਾਮ ਦੇਣ ਦੀ ਯੋਜਨਾ ਬਣਾਈ।

1 ਜੂਨ 2015 ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਤੋਂ ਪਵਿੱਤਰ ਗ੍ਰੰਥ ਚੋਰੀ ਕਰਨ ਦੀ ਘਟਨਾ ਵਿਚ ਡੇਰਾ ਸੱਚਾ ਸੌਦਾ ਦੇ ਸੱਤ ਪੈਰੋਕਾਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਬਾਅਦ ਵਿਚ ਬੇਅਦਬੀ ਦੀ ਸਾਜ਼ਿਸ਼ ਰਚਣ ਦੇ ਦੋਸ਼ ਹੇਠ ਸੰਦੀਪ ਬਰੇਟਾ ਨੂੰ ਵੀ ਨਾਮਜ਼ਦ ਕੀਤਾ ਗਿਆ ਸੀ।

## ਅਮਰੀਕੀ ਸੰਸਦ 'ਗ੍ਰੀਨ ਕਾਰਡ' ਦੀ ਸਾਲਾਨਾ ਸੀਮਾ 'ਚ ਕਰ ਸਕਦੀ ਹੈ ਤਬਦੀਲੀ

**ਵਾਸ਼ਿੰਗਟਨ, (ਪੰਜਾਬ ਮੇਲ)-** ਭਾਰਤ, ਚੀਨ, ਮੈਕਸੀਕੋ ਅਤੇ ਫਿਲੀਪੀਨਜ਼ ਦੇ ਲੋਕਾਂ ਲਈ ਗ੍ਰੀਨ ਕਾਰਡਾਂ ਲਈ ਲੰਬਾ ਇੰਤਜ਼ਾਰ ਦਾ ਕਾਰਨ ਹਰ ਦੇਸ਼ ਲਈ ਨਿਰਧਾਰਤ ਕੋਟਾ ਵਿਵਸਥਾ ਹੈ, ਜਿਸ ਨੂੰ ਸੰਸਦ ਦੁਆਰਾ ਬਦਲਿਆ ਜਾ ਸਕਦਾ ਹੈ। ਇਕ ਸੀਨੀਅਰ ਅਮਰੀਕੀ ਅਧਿਕਾਰੀ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਗ੍ਰੀਨ ਕਾਰਡ ਨੂੰ ਅਧਿਕਾਰਤ ਤੌਰ 'ਤੇ ਸਥਾਈ ਨਿਵਾਸੀ ਕਾਰਡ ਵਜੋਂ ਜਾਣਿਆ ਜਾਂਦਾ ਹੈ। ਗ੍ਰੀਨ ਕਾਰਡ ਸੰਯੁਕਤ ਰਾਜ ਅਮਰੀਕਾ ਵਿਚ ਪ੍ਰਵਾਸੀਆਂ ਨੂੰ ਜਾਰੀ ਕੀਤਾ ਗਿਆ ਇੱਕ ਦਸਤਾਵੇਜ਼ ਹੈ, ਜੋ ਇਸ ਗੱਲ ਦਾ ਸਬੂਤ ਹੈ ਕਿ ਗ੍ਰੀਨ ਕਾਰਡ ਧਾਰਕ ਨੂੰ



■ **ਇੱਕ ਦੇਸ਼ ਨੂੰ ਮਿਲਦੇ ਹਨ ਸਿਰਫ ਸੱਤ ਫ਼ੀਸਦੀ ਗ੍ਰੀਨ ਕਾਰਡ**

■ ਬਾਕੀ ਖਬਰ ਸਫਾ 16 'ਤੇ

## ਐੱਨ.ਐੱਸ.ਏ. ਤਹਿਤ ਗਠਿਤ ਬੋਰਡ ਦੇ ਮੈਂਬਰ ਡਿਬਰੂਗੜ੍ਹ ਜੇਲ੍ਹ ਪਹੁੰਚੇ

**ਡਿਬਰੂਗੜ੍ਹ (ਆਸਾਮ), (ਪੰਜਾਬ ਮੇਲ)-** ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਨੂੰ ਮਿਲਣ ਲਈ ਐੱਨ.ਐੱਸ.ਏ. ਤਹਿਤ ਗਠਿਤ ਬੋਰਡ ਦੇ ਮੈਂਬਰ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਪੁੱਜੇ। ਬੋਰਡ ਦੇ ਮੈਂਬਰਾਂ ਨੇ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਨਾਲ ਵੱਖ-ਵੱਖ ਤੌਰ 'ਤੇ ਮੁਲਾਕਾਤ ਕੀਤੀ। ਉਨ੍ਹਾਂ ਤੋਂ ਕੁਝ ਸਵਾਲ ਪੁੱਛੇ ਤੇ ਬਿਆਨ ਦਰਜ ਕੀਤੇ।



ਹਾਲਾਂਕਿ ਬੋਰਡ ਦੇ ਮੈਂਬਰਾਂ ਵੱਲੋਂ ਕਿਹੜੇ ਸਵਾਲ ਪੁੱਛੇ ਗਏ ਤੇ ਬਿਆਨ ਕਿਵੇਂ ਦਰਜ ਕੀਤੇ ਗਏ, ਇਸ ਦੀ ਜਾਣਕਾਰੀ ਅਜੇ ਜਨਤਕ ਨਹੀਂ ਕੀਤੀ ਗਈ। ਉਸ ਨੂੰ ਗੁਪਤ ਰੱਖਿਆ ਗਿਆ ਹੈ। ਐੱਨ.ਐੱਸ.ਏ. ਤਹਿਤ ਹਾਈ ਕੋਰਟ ਦੇ ਸੇਵਾਮੁਕਤ ਜਸਟਿਸ ਸ਼ਬੀਹੁਲ ਹਸਨੈਨ ਦੀ ਪ੍ਰਧਾਨਗੀ ਹੇਠ ਗਠਿਤ ਬੋਰਡ ਵਿਚ ਸੁਵੀਰ ਸਿਓਕੰਦ, ਦਿਵਯਾਂਸ਼ੂ ਜੈਨ, ਪੰਜਾਬ ਪੁਲਿਸ ਦੇ ਆਈ.ਜੀ. ਰਾਕੇਸ਼ ਅਗਰਵਾਲ ਮੈਂਬਰ ਵਜੋਂ ਸ਼ਾਮਲ ਹਨ।

■ **ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਦੇ ਬਿਆਨ ਕੀਤੇ ਦਰਜ**

ਦੱਸ ਦਈਏ ਕਿ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਕਰੀਬੀ ਪਪਲਪ੍ਰੀਤ ਸਿੰਘ ਸਮੇਤ ਨੌਂ ਪੰਜਾਬੀ ਨੌਜਵਾਨ ਅਜਨਾਲਾ ਥਾਣੇ 'ਤ

■ ਬਾਕੀ ਖਬਰ ਸਫਾ 16 'ਤੇ

## ਡਬਲਯੂ.ਐੱਚ.ਓ. ਮੁਖੀ ਵੱਲੋਂ ਕੋਵਿਡ ਤੋਂ ਵੀ ਘਾਤਕ ਵਾਇਰਸ ਦੀ ਚਿਤਾਵਨੀ!

**ਸੈਕਰਾਮੈਂਟੋ, (ਪੰਜਾਬ ਮੇਲ)-** ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.) ਦੇ ਮੁਖੀ ਡਾ. ਟੇਡਰੋਸ ਅਡਾਨੋਮ ਘੇਬਰੇਅਸਸ ਨੇ ਕਿਹਾ ਕਿ ਦੁਨੀਆਂ ਨੂੰ ਇੱਕ ਅਜਿਹੇ ਵਾਇਰਸ ਲਈ ਤਿਆਰ ਰਹਿਣਾ ਚਾਹੀਦਾ ਹੈ, ਜੋ ਕੋਵਿਡ ਤੋਂ ਵੀ ਘਾਤਕ ਹੋਵੇਗਾ। ਡਬਲਯੂ.ਐੱਚ.ਓ. ਮੁਖੀ ਨੇ ਕਿਹਾ ਕਿ ਆਉਣ ਵਾਲੇ ਵਾਇਰਸ ਨਾਲ ਘੱਟੋ-ਘੱਟ 20 ਮਿਲੀਅਨ ਲੋਕ ਮਾਰੇ ਜਾਣਗੇ। ਹਾਲ ਹੀ ਵਿਚ, ਗਲੋਬਲ ਹੈਲਥ ਬਾਡੀ ਨੇ ਘੋਸ਼ਣਾ ਕੀਤੀ ਕਿ ਕੋਵਿਡ-19 ਮਹਾਂਮਾਰੀ ਹੁਣ ਸਿਹਤ ਐਮਰਜੈਂਸੀ ਨਹੀਂ ਰਹੀ ਹੈ।

ਡਬਲਯੂ.ਐੱਚ.ਓ. ਮੁਖੀ ਨੇ ਜੇਨੇਵਾ ਵਿਚ ਆਪਣੀ ਸਾਲਾਨਾ ਸਿਹਤ ਕਾਨਫਰੰਸ ਵਿਚ ਕਿਹਾ ਕਿ ਆਉਣ ਵਾਲੀ ਮਹਾਂਮਾਰੀ ਨੂੰ ਰੋਕਣ ਦਾ ਸਮਾਂ ਆ ਗਿਆ ਹੈ। ਇਸ ਲਈ ਇਹ ਗੱਲਬਾਤ ਨੂੰ ਅੱਗੇ ਵਧਾਉਣ ਦਾ ਸਮਾਂ ਹੈ। ਜੇਨੇਵਾ, ਸਵਿਟਜ਼ਰਲੈਂਡ ਵਿਚ ਵਿਸ਼ਵ ਸਿਹਤ ਕਾਨਫਰੰਸ ਦੀ ਇੱਕ ਮੀਟਿੰਗ ਵਿਚ, ਡਬਲਯੂ.ਐੱਚ.ਓ. ਮੁਖੀ ਨੇ ਚੇਤਾਵਨੀ ਦਿੱਤੀ ਕਿ ਕੋਵਿਡ -19 ਮਹਾਂਮਾਰੀ ਅਜੇ ਖਤਮ ਨਹੀਂ ਹੋਈ ਹੈ।

■ **ਇਸ ਵਾਇਰਸ ਨਾਲ ਮਾਰੇ ਜਾਣਗੇ 2 ਕਰੋੜ ਲੋਕ**

World Health Organization

ਡਾਕਟਰ ਟੇਡਰੋਸ ਅਡਾਨੋਮ ਗੈਬਰੇਅਸਸ ਨੇ ਕਿਹਾ ਕਿ ਕੋਵਿਡ ਤੋਂ

■ ਬਾਕੀ ਖਬਰ ਸਫਾ 16 'ਤੇ

## ਯੂ.ਐੱਸ. ਸੈਨੇਟਰ ਕ੍ਰਿਸਟਨ ਜਿਲੀਬਰਾਂਡ ਨੇ ਡਾ. ਪ੍ਰਿਤਪਾਲ ਦੇ ਗ੍ਰਹਿ ਵਿਖੇ ਸਿੱਖ ਆਗੂਆਂ ਨਾਲ ਕੀਤੀ ਮੁਲਾਕਾਤ

**ਫਰੀਮਾਂਟ, (ਪੰਜਾਬ ਮੇਲ)-** ਯੂ.ਐੱਸ. ਸੈਨੇਟਰ ਕ੍ਰਿਸਟਨ ਜਿਲੀਬਰਾਂਡ ਸਿੱਖ ਕਾਕਸ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਦੇ ਗ੍ਰਹਿ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਨੇ ਵੱਖ-ਵੱਖ ਆਗੂਆਂ ਨਾਲ ਸਿੱਖਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਇਸ ਦੌਰਾਨ ਇਨ੍ਹਾਂ ਆਗੂਆਂ ਨੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਸਭ ਤੋਂ ਪਹਿਲਾਂ ਹਰਪ੍ਰੀਤ ਸਿੰਘ ਸੰਧੂ ਨੇ ਯੂ.ਐੱਸ. ਸੈਨੇਟਰ ਜਿਲੀਬਰਾਂਡ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਇਹ ਸਿੱਖਾਂ ਦੇ ਪਿਛਲੇ ਲੰਮੇ ਸਮੇਂ ਤੋਂ ਦੋਸਤ ਮੰਨੇ ਜਾਂਦੇ ਹਨ ਤੇ ਅੱਜ ਵਿਸ਼ੇਸ਼ ਤੌਰ 'ਤੇ ਸਿੱਖਾਂ ਨੂੰ ਆ ਰਹੀਆਂ ਮੁਸ਼ਕਿਲਾਂ ਨੂੰ ਜਾਣਨ ਲਈ ਇਥੇ ਪਹੁੰਚੇ ਹਨ। ਡਾ. ਪ੍ਰਿਤਪਾਲ ਸਿੰਘ ਨੇ ਅਮਰੀਕਾ ਵਿਚ ਅਤੇ ਅਮਰੀਕਾ ਤੋਂ ਬਾਹਰ ਸਿੱਖਾਂ ਦੇ ਬਹੁਤ ਸਾਰੇ ਮੁੱਦੇ ਸੈਨੇਟਰ ਜਿਲੀਬਰਾਂਡ ਨਾਲ ਵਿਚਾਰੇ।

■ ਬਾਕੀ ਖਬਰ ਸਫਾ 16 'ਤੇ





ਡਾ. ਪ੍ਰਿਤਪਾਲ ਸਿੰਘ ਦੇ ਗ੍ਰਹਿ ਵਿਖੇ ਪਹੁੰਚੇ ਯੂ.ਐੱਸ. ਸੈਨੇਟਰ ਕ੍ਰਿਸਟਨ ਜਿਲੀਬਰਾਂਡ ਦੀ ਵੱਖ-ਵੱਖ ਆਗੂਆਂ ਨਾਲ ਵਿਚਾਰ-ਵਟਾਂਦਰੇ ਦੌਰਾਨ ਵੱਖ-ਵੱਖ ਤਸਵੀਰਾਂ।



# VALLEJO TEEYAN MELA 2023

## Sunday, July 16th, 2023 from 12-6pm

Hosted By



Asha Sharma

*Only for Ladies and Children*

**At Dan Foley Cultural Center**

(Behind Sutter Solano Hospital)
1498 N Camino Alto, Vallejo, CA 94589
Special Attractions include Mehndi, Indian Clothing and Jewelry Booths.

Organizer



Sunita Verma

Come and enjoy a day filled with entertainment and festiveties, including Punjabi Folk songs and dances, Gidha, Boliyan and much more...



Copyright@Punjab Mail USA

*To Participate Rent Space for a booth, or Sponsor, Please Contact:*

**SUNITA VERMA : 707-853-9006**

Email: sonalideep@gmail.com









ਹੁੰਮਹੁਮਾ ਕੇ ਪਹੁੰਚੋ ਖੁੱਲ੍ਹਾ ਸੱਦਾ

# 13th Children Summer Sports Camp - 2023

# 13ਵਾਂ ਬੱਚਿਆਂ ਦਾ ਖੇਡ ਕੈਂਪ - 2023

## *8th July, Saturday*



Dedicated to
**Late Bahadar Singh**
*Social Worker of Seattle*

*Wilson Play Fields Kent WA. 13028 SE. 251st. Kent, WA - 98030*

**8 ਜੁਲਾਈ, ਸ਼ਨਿਚਰਵਾਰ ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ**

ਕੋਈ ਫੀਸ ਨਹੀਂ, ਸਗੋਂ ਸਪੋਰਟਸ ਕਿੱਟ ਦੀ ਹਰੇਕ ਸਾਲ ਸੰਧੂ ਤੇ ਕਾਹਲੋਂ ਵੱਲੋਂ ਮੁਫਤ ਸੇਵਾ ਕੀਤੀ ਜਾ ਰਹੀ ਹੈ।

ਮਨਜੀਤ ਸਿੰਘ ਦੀ ਇੰਸ਼ੋਰੈਂਸ ਵੱਲੋਂ ਹਰੇਕ ਸਾਲ ਫ੍ਰੀ ਇੰਸ਼ੋਰੈਂਸ ਦੀ ਸੇਵਾ ਕੀਤੀ ਜਾਂਦੀ ਹੈ।

ਦਾਨੀਆਂ ਵੱਲੋਂ ਮੁਫਤ ਰੀਫਰੈਸ਼ਮੈਂਟ ਦੀ ਸੇਵਾ ਕੀਤੀ ਜਾਂਦੀ ਹੈ।

ਬਜ਼ੁਰਗਾਂ ਲਈ ਸੈਰ ਤੇ ਯੋਗਾ 6 ਤੋਂ 7 ਵਜੇ ਤੱਕ

*Every Saturday & Sunday 5-7 AM*

ਸਤਿਕਾਰਯੋਗ ਜੀਉ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਪਿਛਲੇ 12 ਸਾਲ ਤੋਂ ਬੱਚਿਆਂ ਦਾ ਖੇਡ ਕੈਂਪ ਲਗਾ ਕੇ ਬੱਚਿਆਂ ਨੂੰ ਤੰਦਰੁਸਤ ਮਨੋਰੰਜਨ ਦੇ ਕੇ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕਰਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਸੱਭਿਆਚਾਰ ਤੇ ਖੇਡਾਂ ਨਾਲ ਜੋੜਨ ਦੀ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਾਲ 8 ਜੁਲਾਈ, ਦਿਨ ਸ਼ਨਿੱਚਰਵਾਰ, 5 ਵਜੇ ਬੱਚਿਆਂ ਦੀ ਤੰਦਰੁਸਤੀ ਲਈ ਅਤੇ ਸੱਟ-ਫੇਟ ਤੋਂ ਬਚਾਅ ਲਈ ਅਰਦਾਸ ਕਰਕੇ ਬੱਚਿਆਂ ਦੇ ਖੇਡ-ਕੈਂਪ ਦਾ ਸ਼ੁੱਭ ਆਰੰਭ ਕੀਤਾ ਜਾ ਰਿਹਾ ਹੈ। ਆਪਣੇ ਬੱਚਿਆਂ ਨੂੰ ਕੈਂਪ ਦਾ ਹਿੱਸਾ ਬਣਨ ਲਈ ਖੁੱਲ੍ਹਾ ਸੱਦਾ।





ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।



ਫੁਲਕਾਰੀ ਤੀਆਂ ਦੇ ਮੇਲੇ ਦੀਆਂ ਪ੍ਰਬੰਧਕਾਂ ਸਨਮਾਨਿਤ।



ਪੰਜਾਬੀ ਭਾਈਚਾਰੇ ਵੱਲੋਂ ਵਾਸ਼ਿੰਗਟਨ ਸਟੇਟ ਦੇ ਗਵਰਨਰ ਦਾ ਸਨਮਾਨ।



ਹਾਜ਼ਰ ਪੰਜਾਬੀ ਭਾਈਚਾਰੇ ਦੇ ਲੋਕ।




ਪੰਜਾਬੀ ਭਾਈਚਾਰੇ ਦੀ ਮਾਣ-ਮੱਤੀਆਂ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ।




ਸਿਆਟਲ ਫੁਲਕਾਰੀ ਤੀਆਂ ਦੇ ਮੇਲੇ ਦੀ ਤਿਆਰੀ ਕਰਦੀਆਂ ਪ੍ਰਬੰਧਕਾਂ।

**ਸਵਾਗਤ ਕਰਤਾ : Sikhs of Seattle**

ਸਿਆਟਲ ਦੇ ਨੌਜਵਾਨਾਂ ਵੱਲੋਂ ਸਹਿਯੋਗ ਦੇਣ ਵਾਸਤੇ ਉਪਰਾਲਾ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ

**ਗੁਰਚਰਨ ਸਿੰਘ ਢਿੱਲੋਂ : 206-412-1559**

*gsdhillon51@gmail.com*



Designed By Punjab Mail USA

# ਗੈਰ-ਕਾਨੂੰਨੀ ਢੰਗ ਨਾਲ ਕੈਨੇਡਾ ਤੋਂ ਅਮਰੀਕਾ ਦਾਖਲ ਹੋਣ ਦਾ ਰੁਝਾਨ ਜਾਰੀ



ਔਟਵਾ, (ਰਾਜ ਗੋਗਨਾ/ ਕੁਲਤਰਨ ਪਧਿਆਣਾ/ ਪੰਜਾਬ ਮੇਲ)- ਕੈਨੇਡਾ ਵਿਚ ਗੈਰ-ਕਾਨੂੰਨੀ ਢੰਗ ਦੇ ਨਾਲ ਕੈਨੇਡਾ ਤੋਂ ਅਮਰੀਕਾ ਦਾਖਲ ਹੋ ਰਹੇ ਪ੍ਰਵਾਸੀਆਂ ਦੀ ਗਿਣਤੀ ਹੁਣ ਲਗਾਤਾਰ ਵਧਦੀ ਜਾ ਰਹੀ ਹੈ ਅਤੇ ਮਨੁੱਖੀ ਤਸਕਰ ਆਪਣੀਆਂ ਜੇਬਾਂ ਭਰਨ 'ਚ ਕਾਮਯਾਬ ਹੋ ਰਹੇ ਹਨ। ਕੈਨੇਡਾ ਦੇ ਟੋਰਾਂਟੋ ਅਤੇ ਮੌਂਟਰੀਅਲ 'ਚ ਬੈਠੇ ਮਨੁੱਖੀ ਤਸਕਰ ਸਥਾਨਕ ਲੋਕਾਂ ਨੂੰ ਵਰਤ ਕੇ ਆਪਣਾ ਧੰਦਾ ਚਲਾ ਰਹੇ ਹਨ। ਅਮਰੀਕਾ ਦੇ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਵਿਭਾਗ ਵੱਲੋਂ ਪਿਛਲੇ ਸਾਲ 109,535 ਪ੍ਰਵਾਸੀਆਂ ਨੂੰ ਰੋਕਿਆ ਗਿਆ, ਜਦਕਿ ਇਸ ਵਾਰ ਇਹ ਅੰਕੜਾ 6 ਮਹੀਨੇ 'ਚ ਹੀ 84 ਹਜ਼ਾਰ ਤੋਂ ਟੱਪਦਾ ਨਜ਼ਰ ਆ ਰਿਹਾ ਹੈ। ਓਨਟਾਰੀਓ ਦਾ ਕੌਰਨਵਾਲ ਅਤੇ ਕਿਊਬਿਕ ਦਾ ਅਕਵੇਜ਼ਨ ਇਲਾਕਾ ਵਾਸੀਆਂ ਦੇ ਸਰਹੱਦ ਪਾਰ ਕਰਨ ਵਾਸਤੇ ਢੁੱਕਵੀਆਂ ਥਾਵਾਂ ਮੰਨੀਆਂ ਜਾਂਦੀਆਂ ਹਨ ਅਤੇ ਸੰਭਾਵਤ ਤੌਰ 'ਤੇ ਮਨੁੱਖੀ ਤਸਕਰਾਂ ਵੱਲੋਂ ਇਸ ਕੰਮ 'ਚ ਸਥਾਨਕ ਲੋਕਾਂ ਦੀ ਮਦਦ ਵੀ ਲਈ ਜਾਂਦੀ ਹੈ। ਕਿਊਬਿਕ ਦਾ ਰੋਕਸਮ ਰੋਡ ਲਾਂਘਾ ਬੰਦ ਹੋਣ ਦੇ ਬਾਵਜੂਦ ਨਾਜਾਇਜ਼ ਪਰਵਾਸ 'ਚ ਕੋਈ ਕਮੀ ਮਹਿਸੂਸ ਨਹੀਂ ਹੋ ਰਹੀ ਅਤੇ ਅਮਰੀਕਾ ਜਾਣ ਦੇ ਇੱਛੁਕ ਲੋਕ ਆਪਣੀ ਜਾਨ ਖਤਰੇ 'ਚ ਪਾਉਣ ਤੋਂ ਵੀ ਪਿੱਛੇ ਨਹੀਂ ਹਟ ਰਹੇ। ਦੱਸਣਯੋਗ ਹੈ ਕਿ ਇਸ ਗੈਰ ਕਾਨੂੰਨੀ ਬਾਰਡਰ ਕਰਾਸਿੰਗ ਦੌਰਾਨ ਕਈ ਲੋਕਾਂ ਦੀਆਂ ਮੌਤਾਂ ਵੀ ਹੋ ਰਹੀਆ ਹਨ। ਹਾਲੇ ਕੁਝ ਸਮੇਂ ਪਹਿਲੇ ਹੀ ਇਕ ਗੁਜਰਾਤੀ ਮੂਲ ਦੇ ਕੁੱਝ ਪਰਿਵਾਰ ਵੀ ਹਾਦਸੇ ਦਾ ਸ਼ਿਕਾਰ ਹੋਏ ਸਨ।

# ਅਮਰੀਕਾ ਬੇਰੁਜ਼ਗਾਰੀ ਬੀਮਾ ਪ੍ਰਣਾਲੀ 'ਚ ਵਾਪਸ ਜਾਣ 'ਤੇ ਕਰ ਰਿਹੈ ਵਿਚਾਰ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਕੰਮ-ਕਾਜ ਨੂੰ ਲੈ ਕੇ ਮਾਰਕੀਟ ਦਾ ਰੁਝਾਨ ਬਦਲ ਰਿਹਾ ਹੈ। ਵਕੀਲਾਂ ਤੋਂ ਲੈ ਕੇ ਅਖਬਾਰਾਂ ਦੇ ਕਾਲਮਨਵੀਸ ਤੱਕ, ਹਰ ਕੋਈ ਦਫਤਰ ਦੀ ਸਾਰਥਕਤਾ 'ਤੇ ਮੁੜ ਵਿਚਾਰ ਕਰਨ ਲਈ ਮਜਬੂਰ ਹੈ। ਉਸ ਨੂੰ ਇਹ ਵੀ ਚਿੰਤਾ ਹੈ ਕਿ ਕਿਤੇ ਵਾਈਟ ਕਾਲਰ ਨੌਕਰੀਆਂ (ਦਫ਼ਤਰ ਦਾ ਕੰਮ) ਨਾ ਵਧ ਜਾਵੇ। ਸਰਕਾਰ ਮਹਿਸੂਸ ਕਰਦੀ ਹੈ ਕਿ ਇਸ ਸਮੱਸਿਆ ਨਾਲ ਨਜਿੱਠਣ ਦਾ ਇੱਕੋ ਇੱਕ ਤਰੀਕਾ ਹੈ - ਬੇਰੁਜ਼ਗਾਰੀ ਬੀਮਾ ਪ੍ਰਣਾਲੀ ਵਿਚ ਵਾਪਸ ਜਾਣਾ। ਬੇਰੋਜ਼ਗਾਰੀ ਬੀਮੇ ਦਾ ਡਿਜ਼ਾਈਨ ਇਕ ਅਰਥ ਵਿਚ ਪ੍ਰਭਾਵਸ਼ਾਲੀ ਹੈ। ਇਹ ਪ੍ਰਣਾਲੀ ਮਹਾਮੰਦੀ ਭਾਵ 1935 ਵਿਚ ਸ਼ੁਰੂ ਹੋਈ ਸੀ। ਉਸ ਸਮੇਂ ਅਮਰੀਕਾ ਵਿਚ ਬੇਰੋਜ਼ਗਾਰੀ ਦਰ 25 ਫ਼ੀਸਦੀ ਦੇ ਪੱਧਰ ਤੱਕ ਪਹੁੰਚ ਗਈ ਸੀ।

ਸਰਕਾਰੀ ਅਧਿਕਾਰੀਆਂ ਇਸ ਨਤੀਜੇ ਉੱਤੇ ਪਹੁੰਚੇ ਕਿ ਬਿਨਾਂ ਨੌਕਰੀ ਦੇ ਉਹ ਸਾਰਿਆਂ ਉਨ੍ਹਾਂ ਦੀ ਜ਼ਰੂਰਤ ਦਾ ਪੈਸਾ ਨਹੀਂ ਦੇ ਸਕਦੇ। ਇਸ ਨਤੀਜੇ ਤੋਂ ਬਾਅਦ ਸਰਕਾਰ ਨੇ ਕੁਝ ਬਦਲਾਅ ਕੀਤੇ। ਕੰਪਨੀਆਂ ਨੂੰ ਘੱਟ ਛਾਂਟੀ ਕਰਨ ਲਈ ਕਿਹਾ ਗਿਆ। ਇਸ ਨਿਯਮ ਨੂੰ ਯਕੀਨੀ ਬਣਾਉਣ ਲਈ ਸਰਕਾਰ ਨੇ ਐਕਸਪੀਰਿੰਸ ਰੇਟੇਡ ਪੇਰੋਲ ਟੈਕਸ ਲਗਾ ਦਿੱਤਾ। ਇਸ ਦਾ ਸਿੱਧਾ ਮਤਲਬ ਇਹ ਸੀ ਕਿ ਜਿਹੜੀ ਕੰਪਨੀ ਜਿੰਨੀ ਜ਼ਿਆਦਾ ਮੁਲਾਜ਼ਮਾਂ ਦੀ ਛਾਂਟੀ ਕਰੇਗੀ, ਉਸ ਕੰਪਨੀ ਉੱਤੇ ਜ਼ਿਆਦਾ ਟੈਕਸ ਲੱਗੇਗਾ। ਇਸ ਨਿਯਮ ਦਾ ਇਹ ਅਸਰ ਹੋਇਆ ਕਿ ਇਸ ਦਾ ਲਾਭ ਸਿਰਫ਼ ਉਨ੍ਹਾਂ ਮੁਲਾਜ਼ਮਾਂ ਨੂੰ ਹੀ ਮਿਲਿਆ, ਜਿਨ੍ਹਾਂ ਦੀ ਨੌਕਰੀ ਨਹੀਂ ਗਈ ਸੀ। ਇਸ ਨਿਯਮ ਦਾ ਅਸਰ ਵੀ ਸਿਰਫ਼ ਕੁਝ ਸਮਾਂ ਹੀ ਰਿਹਾ।

**■ ਕਾਰਪੋਰੇਟ ਸੈਕਟਰ ਲਈ ਫ਼ਾਇਦੇਮੰਦ ਹੋ ਸਕਦੈ ਹੈ ਇਹ ਸਿਸਟਮ**


ਕਾਰਪੋਰਲ ਸ਼ਹੀਦ ਗੁਰਪ੍ਰੀਤ ਸਿੰਘ ਦੀ 12ਵੀਂ ਬਰਸੀ

11 ਜੂਨ 2023, ਦਿਨ ਐਤਵਾਰ, ਗੁਰਦੁਆਰਾ ਸਾਹਿਬ, ਰੋਜ਼ਵਿਲ



Corporal Gurpreet Singh

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ

ਸਿੱਖ ਕੌਮ ਦੇ ਮਹਾਨ ਸਪੂਤ ਕਾਰਪੋਰਲ ਗੁਰਪ੍ਰੀਤ ਸਿੰਘ ਅਮਰੀਕਾ ਦੀ ਫੌਜ ਵੱਲੋਂ ਲੜਦਾ ਹੋਇਆ ਅਫ਼ਗਾਨਿਸਾਨ ਵਿੱਚ ਸੰਨ 2011 ਵਿਚ ਸ਼ਹੀਦੀ ਪ੍ਰਾਪਤ ਕਰ ਗਿਆ ਸੀ। ਇਸ ਬਹਾਦੁਰ ਨੌਜਵਾਨ ਦੀ 12ਵੀਂ ਬਰਸੀ 11 ਜੂਨ 2023, ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ, ਰੋਜ਼ਵਿਲ ਵਿਖੇ ਮਨਾਈ ਜਾ ਰਹੀ ਹੈ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਪਹੁੰਚ ਕੇ ਕਾਰਪੋਰਲ ਗੁਰਪ੍ਰੀਤ ਸਿੰਘ ਨੂੰ ਸ਼ਰਧਾਂਜਲੀਆਂ ਭੇਂਟ ਕਰਨ।

ਆਰੰਭ ਸ੍ਰੀ ਅਖੰਡ ਪਾਠ ਸਾਹਿਬ, ਸ਼ੁੱਕਰਵਾਰ, 06-9-2023
ਭੋਗ ਸ੍ਰੀ ਅਖੰਡ ਪਾਠ ਸਾਹਿਬ, ਐਤਵਾਰ, 06-11-2023

GURDWARA SRI SACHKHAND SAHIB
1090, Main Street, Roseville - 95678

SPACE SPONSORED BY
Punjab Mail USA TV Channel, Newspaper, Radio

Designed By Punjab Mail USA





ੴ ਸਤਿਗੁਰ ਪ੍ਰਸਾਦਿ॥

ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਹਿ। ਘਲੇ ਆਵੇ ਨਾਨਕਾ ਸਦੇ ਉਠੀ ਜਾਹਿ॥

# ਮਨਜਿੰਦਰ ਸਿੰਘ ਸ਼ੇਰਗਿੱਲ ਨਹੀਂ ਰਹੇ



copyright@Punjab Mail USA

## ਮਨਜਿੰਦਰ ਸਿੰਘ ਸ਼ੇਰਗਿੱਲ

**ਮੋਡੈਸਟੋ, (ਪੰਜਾਬ ਮੇਲ)**- ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬੀ ਭਾਈਚਾਰੇ ਵਿਚ ਜਾਣੀ ਪਛਾਣੀ ਸ਼ਖਸੀਅਤ ਮਨਜਿੰਦਰ ਸਿੰਘ ਸ਼ੇਰਗਿੱਲ ਦਾ ਬੀਤੀ 20 ਮਈ ਨੂੰ 36 ਸਾਲ ਦੀ ਉਮਰ ’ਚ ਅਚਾਨਕ ਵਿਛੋੜੇ ਕਾਰਨ ਸ਼ੋਕ ਦੀ ਲਹਿਰ ਦੌੜ ਗਈ ਹੈ। ਉਨ੍ਹਾਂ ਦਾ ਸਸਕਾਰ 30 ਮਈ, 2023 ਨੂੰ ਸਵੇਰੇ 10 ਤੋਂ 12 ਵਜੇ ਤੱਕ Lakewood Funeral Home, 900 Santa FE Ave. HUGHSON, CA, 95326 ਵਿਖੇ ਹੋਵੇਗਾ। ਉਪਰੰਤ ਗੁਰਦੁਆਰਾ ਸਿੱਖ ਟੈਂਪਲ, ਮੋਡੈਸਟੋ 5743 E Hatch Rd, HUGHSON, CA, 95326 ਵਿਖੇ ਅੰਤਿਮ ਅਰਦਾਸ ਹੋਵੇਗੀ। ਉਨ੍ਹਾਂ ਦੇ ਅਚਨਚੇਤ ਵਿਛੋੜੇ ਕਾਰਨ ਰਿਸ਼ਤੇਦਾਰਾਂ ਸਮੇਤ ਪੰਜਾਬੀ ਭਾਈਚਾਰੇ ਵਿਚ ਵੀ ਸ਼ੋਕ ਦੀ ਲਹਿਰ ਪਾਈ ਜਾ ਰਹੀ ਹੈ। ਇਸ ਦੁੱਖ ਦੀ ਘੜੀ ਵਿਚ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਅਮਰੀਕਾ ਵੱਲੋਂ ਵਿਛੜੀ ਰੂਹ ਨੂੰ ਪ੍ਰਮਾਤਮਾ ਦੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦੀ ਅਰਦਾਸ ਕੀਤੀ ਜਾਂਦੀ ਹੈ।

**ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਅਤੇ ਹੋਰ ਜਾਣਕਾਰੀ ਲਈ ਮਨਦੀਪ ਸ਼ੇਰਗਿੱਲ ਨੂੰ 209-678-8819 ਅਤੇ ਅਭੀ ਬੈਂਸ ਨੂੰ 916-747-2221 ’ਤੇ ਸੰਪਰਕ ਕੀਤਾ ਜਾ ਸਕਦਾ ਹੈ।**

## In Loving Memory



## MANJINDER SINGH SHERGILL

DECEMBER 15, 1987 - MAY 20, 2023

**FUNERAL SERVICE:**
TUESDAY, MAY 30, 2023 AT 12PM
LAKEWOOD FUNERAL HOME
900 SANTA FE AVE, HUGHSON, CA, 95326

**FOLLOWED BY SEHAJ PATH BHOG & ANTIM ARDAAS:**
SIKH TEMPLE MODESTO
5743 E HATCH RD, HUGHSON, CA, 95326

MANDEEP SHERGILL: (209) 678-8819
ABI BAINS: (916) 747-2221



# ਬਾਇਡਨ ਵੱਲੋਂ ਭਾਰਤੀ-ਅਮਰੀਕੀ ਪੁਲਿਸ ਅਧਿਕਾਰੀ ਬਹਾਦਰੀ ਮੈਡਲ ਨਾਲ ਸਨਮਾਨਿਤ



ਨਿਊਯਾਰਕ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਨਿਊਯਾਰਕ ਪੁਲਿਸ ਵਿਭਾਗ (ਐੱਨ.ਵਾਈ.ਪੀ.ਡੀ.) ਦੇ ਭਾਰਤੀ ਮੂਲ ਦੇ ਇਕ ਅਧਿਕਾਰੀ ਅਤੇ 9 ਹੋਰ ਲੋਕਾਂ ਨੂੰ 'ਬਹਾਦਰੀ ਮੈਡਲ' ਨਾਲ ਸਨਮਾਨਿਤ ਕੀਤਾ। ਇਹ ਬਹਾਦਰੀ ਮੈਡਲ ਜਨਤਕ ਸੁਰੱਖਿਆ ਅਧਿਕਾਰੀਆਂ ਲਈ ਦੇਸ਼ ਦਾ ਸਰਵਉੱਚ ਪੁਰਸਕਾਰ ਹੈ। ਸੁਮਿਤ ਸੁਲਾਨ (27) ਨੂੰ ਵ੍ਹਾਈਟ ਹਾਊਸ ਵਿਚ ਆਯੋਜਿਤ ਇਕ ਸਮਾਰੋਹ 'ਚ ਸਨਮਾਨਿਤ ਕੀਤਾ ਗਿਆ ਸੀ। ਸੁਮਿਤ ਨੇ ਜਨਵਰੀ ਵਿਚ ਨਿਊਯਾਰਕ ਸ਼ਹਿਰ 'ਚ ਇਕ ਘਰੇਲੂ-ਹਿੰਸਾ ਕਾਲ ਦੀ ਜਾਂਚ ਦੌਰਾਨ ਆਪਣੇ 2 ਸਹਿਯੋਗੀਆਂ ਦੀ ਹੱਤਿਆ ਕਰਨ ਵਾਲੇ ਇਕ ਫਰਾਰ ਅਪਰਾਧੀ ਨੂੰ ਗੋਲੀ ਮਾਰ ਦਿੱਤੀ ਸੀ।

ਪੁਲਿਸ ਮੁਤਾਬਕ 3 ਪੁਲਿਸ ਮੁਲਾਜ਼ਮ ਸੁਲਾਨ, ਜੇਸਨ ਰਿਵੇਰਾ (22) ਅਤੇ ਵਿਲਬਰਟ ਮੋਰਾ (27) ਨਿਊਯਾਰਕ ਦੇ ਹਾਰਲੇਮ ਇਲਾਕੇ ਵਿਚ 911 ਨੰਬਰ ਦੀ ਕਾਲ ਦੀ ਜਾਂਚ ਕਰਨ ਲਈ ਇਕ ਪ੍ਰੇਸ਼ਾਨ ਔਰਤ ਕੋਲ ਗਏ ਸਨ, ਜਿਸਦੇ ਵੱਡੇ ਬੇਟੇ ਨੇ ਮਹਿਲਾ ਅਤੇ ਆਪਣੇ ਭਰਾ ਨੂੰ ਧਮਕੀ ਦਿੱਤੀ ਸੀ। ਸਜ਼ਾਯਾਫਤਾ ਗੁੰਡੇ ਨੇ ਤਿੰਨੋਂ ਅਧਿਕਾਰੀਆਂ 'ਤੇ ਨਿਸ਼ਾਨਾ ਲਗਾ ਕੇ ਹਮਲਾ ਕਰ ਦਿੱਤਾ, ਜਿਸ ਵਿਚ ਰਿਵੇਰਾ ਅਤੇ ਮੋਰਾ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ, ਜਿਨ੍ਹਾਂ ਦੀ ਬਾਅਦ ਵਿਚ ਮੌਤ ਹੋ ਗਈ। ਅਮਰੀਕੀ ਰਾਸ਼ਟਰਪਤੀ ਨੇ ਨਵ-ਨਿਯੁਕਤ ਪੁਲਿਸ ਅਧਿਕਾਰੀ ਹੋਣ ਦੇ ਬਾਵਜੂਦ ਤੇਜ਼ੀ ਨਾਲ ਕਾਰਵਾਈ ਕਰਨ ਲਈ 17 ਮਈ ਨੂੰ ਆਯੋਜਿਤ ਇਕ ਸਮਾਰੋਹ 'ਚ ਸੁਲਾਨ ਦੀ ਤਾਰੀਫ ਕੀਤੀ ਸੀ।

## ਬਰਾਕ ਓਬਾਮਾ ਸਮੇਤ 500 ਅਮਰੀਕੀਆਂ 'ਤੇ ਰੂਸ ਨੇ ਲਾਈ ਪਾਬੰਦੀ

ਵਾਸ਼ਿੰਗਟਨ, (ਪੰਜਾਬ ਮੇਲ)- ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਉਨ੍ਹਾਂ 500 ਅਮਰੀਕੀਆਂ ਵਿੱਚ ਸ਼ਾਮਲ ਹਨ, ਜਿਨ੍ਹਾਂ ਨੂੰ ਅਮਰੀਕਾ ਵੱਲੋਂ ਲਗਾਈਆਂ ਪਾਬੰਦੀਆਂ ਦੇ ਜਵਾਬ ਵਿਚ ਰੂਸ ਨੇ ਆਪਣੀ ਧਰਤੀ 'ਤੇ ਪੈਰ ਧਰਨ ਤੋਂ ਰੋਕ ਦਿੱਤਾ ਹੈ। ਰੂਸ ਨੇ ਕਿਹਾ ਕਿ ਉਹ ਜੋਅ ਬਾਇਡਨ ਪ੍ਰਸ਼ਾਸਨ ਵੱਲੋਂ ਲਗਾਈਆਂ ਰੂਸ ਵਿਰੋਧੀ ਪਾਬੰਦੀਆਂ ਦੇ ਜਵਾਬ ਵਿਚ ਉਸ ਦੇ ਕਈ ਕਈ ਸੀਨੀਅਰ ਅਧਿਕਾਰੀਆਂ, ਹਸਤੀਆਂ ਤੇ ਬਰਾਕ ਓਬਾਮਾ ਸਣੇ 500 ਅਮਰੀਕੀਆਂ 'ਤੇ ਦੇਸ਼ 'ਚ ਦਾਖਲੇ 'ਤੇ ਪਾਬੰਦੀ ਲਗਾ ਰਿਹਾ ਹੈ।



## ਬਰੈਂਪਟਨ 'ਚ ਪੰਜਾਬਣ ਔਰਤ ਦੇ ਕਤਲ ਦੇ ਦੋਸ਼ ਹੇਠ ਪੰਜਾਬੀ ਵਿਅਕਤੀ ਗ੍ਰਿਫ਼ਤਾਰ

**ਬਰੈਂਪਟਨ, (ਰਾਜ ਗੋਗਨਾ/ ਪੰਜਾਬ ਮੇਲ)**- ਕੈਨੇਡਾ ਦੇ ਬਰੈਂਪਟਨ ਸਿਟੀ 'ਚ ਬੀਤੇ ਦਿਨੀਂ ਇਕ ਪੰਜਾਬੀ ਵਿਅਕਤੀ ਨੂੰ ਕਤਲ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਗਿਆ। ਨਵ ਨਿਸ਼ਾਨ ਸਿੰਘ (44) ਨੇ ਸ਼ੁੱਕਰਵਾਰ ਨੂੰ ਦਵਿੰਦਰ ਕੌਰ (43) ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ। ਜਾਣਕਾਰੀ ਮੁਤਾਬਕ ਬੀਤੇ ਦਿਨੀਂ ਸ਼ਾਮ ਨੂੰ ਪੀਲ ਰੀਜਨਲ ਪੁਲਿਸ ਨੂੰ ਬਰੈਂਪਟਨ ਸਿਟੀ ਵਿਖੇ ਚੈਰੀ ਟ੍ਰੀ ਡਰਾਈਵ ਅਤੇ ਸਪੈਰੋਅ ਕੋਰਟ ਨੇੜੇ ਸਥਿਤ ਸਪੈਰੋਅ ਪਾਰਕ ਵਿਖੇ ਡਾਕਟਰੀ ਸਹਾਇਤਾ ਲਈ 9-1-1 'ਤੇ ਕਾਲ ਪ੍ਰਾਪਤ ਹੋਈ ਸੀ। ਪੀਲ ਪੁਲਿਸ ਅਤੇ ਬਰੈਂਪਟਨ ਫਾਇਰ ਅਤੇ ਪੀਲ ਪੈਰਾਮੈਡਿਕਸ ਨੇ ਜਦੋਂ ਮੌਕੇ 'ਤੇ ਜਾ ਕੇ ਦੇਖਿਆ, ਤਾਂ ਦਵਿੰਦਰ ਕੌਰ ਜ਼ਖ਼ਮੀ ਹਾਲਤ ਵਿਚ ਪਈ ਸੀ। ਇਸ ਮਗਰੋਂ ਉਸ ਨੂੰ ਮੁੱਢਲੀ ਸਹਾਇਤਾ ਦੇ ਕੇ ਹਸਪਤਾਲ ਲਿਜਾਣ ਦੀ ਕੋਸ਼ਿਸ਼ ਕੀਤੀ ਗਈ ਪਰ ਉਹ ਮੌਕੇ 'ਤੇ ਹੀ ਦਮ ਤੋੜ ਗਈ। ਔਰਤ ਦੀ ਪਛਾਣ ਬਰੈਂਪਟਨ ਦੀ ਰਹਿਣ ਵਾਲੀ 43 ਸਾਲਾ ਦਵਿੰਦਰ ਕੌਰ ਵਜੋਂ ਹੋਈ ਹੈ। ਪੁਲਿਸ ਨੇ ਘਟਨਾ ਵਾਲੀ ਥਾਂ ਤੋਂ ਥੋੜ੍ਹੀ ਦੂਰੀ 'ਤੇ ਹੀ 44 ਸਾਲਾ ਪੰਜਾਬੀ ਵਿਅਕਤੀ ਨਵਨਿਸ਼ਾਨ ਸਿੰਘ ਨੂੰ ਦਵਿੰਦਰ ਕੌਰ ਦੇ ਕਤਲ ਦੇ ਦੋਸ਼ ਵਿਚ ਲੱਭ ਕੇ ਗ੍ਰਿਫ਼ਤਾਰ ਕਰ ਲਿਆ। ਉਸ 'ਤੇ ਫਸਟ-ਡਿਗਰੀ ਕਤਲ ਦਾ ਦੋਸ਼ ਲਗਾਇਆ ਗਿਆ ਹੈ, ਜਿਸ ਨੂੰ ਓਨਟਾਰੀਓ ਕੋਰਟ ਆਫ ਜਸਟਿਸ ਵਿਚ ਪੇਸ਼ ਕੀਤਾ ਗਿਆ। ਜਾਂਚ ਅਧਿਕਾਰੀ ਅਨੁਸਾਰ ਦੋਵੇਂ ਇੱਕ-ਦੂਜੇ ਨੂੰ ਜਾਣਦੇ ਸਨ, ਪਰ ਕਤਲ ਦੇ ਕਾਰਨ ਹਾਲੇ ਜਾਂਚ ਦੇ ਅਧੀਨ ਹਨ। ਲਗਭਗ 7,00,000 ਲੋਕਾਂ ਦਾ ਸ਼ਹਿਰ, ਬਰੈਂਪਟਨ ਕੈਨੇਡਾ ਵਿਚ ਪੰਜਾਬੀ ਭਾਈਚਾਰੇ ਦੀ ਸਭ ਤੋਂ ਸੰਘਣੀ ਵਸੋਂ ਹੈ।

### ਸ਼ੋਕ ਸਮਾਚਾਰ

## ਪੰਜਾਬੀ ਕਵੀ ਤੇ ਗੀਤਕਾਰ ਸੁੱਖੀ ਧਾਲੀਵਾਲ ਨੂੰ ਸਦਮਾ: ਪਿਤਾ ਸ. ਗੁਰਚਰਨ ਸਿੰਘ ਧਾਲੀਵਾਲ ਦਾ ਅਕਾਲ ਚਲਾਣਾ

**ਫਰਿਜ਼ਨੋ, (ਧਾਲੀਆਂ/ ਮਾਛੀਕੇ/ ਪੰਜਾਬ ਮੇਲ)**- ਬੀਤੇ ਦਿਨੀਂ ਕਰਮਨ ਨਿਵਾਸੀ ਕਵੀ ਅਤੇ ਗੀਤਕਾਰ ਸੁੱਖੀ ਧਾਲੀਵਾਲ ਅਤੇ ਸਮੂਹ ਧਾਲੀਵਾਲ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਸ. ਗੁਰਚਰਨ ਸਿੰਘ ਧਾਲੀਵਾਲ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਉਮਰ ਲਗਭਗ 88 ਸਾਲ ਸੀ ਅਤੇ ਪੰਜਾਬ ਤੋਂ ਪਿਛਲਾ ਪਿੰਡ ਬੱਧਨੀ ਖੁਰਦ, ਜ਼ਿਲ੍ਹਾ ਮੋਗਾ ਸੀ। ਪਿਛਲੇ ਲਗਭਗ 32 ਸਾਲਾਂ ਤੋਂ ਵਧੀਕ ਸਮੇਂ ਤੋਂ ਉਹ ਪਰਿਵਾਰ ਸਮੇਤ ਕਰਮਨ ਸ਼ਹਿਰ ਵਿਚ ਰਹਿ ਰਹੇ ਸਨ। ਉਹ ਸੰਤ ਸੁਭਾਅ ਦੇ ਮਾਲਕ ਅਤੇ ਮਿਹਨਤ ਕਰਨ ਵਾਲੇ ਇਨਸਾਨ ਸਨ, ਜਿਨ੍ਹਾਂ ਨੇ ਪਹਿਲਾਂ ਪੰਜਾਬ ਵਿਚ ਖੇਤੀਬਾੜੀ ਕੀਤੀ ਅਤੇ ਕੈਲੀਫੋਰਨੀਆਂ ਆ ਕੇ ਵੀ ਆਪਣੀ ਸਖਤ ਮਿਹਨਤ ਅਤੇ ਲਗਨ ਨਾਲ ਬੱਚਿਆਂ ਨੂੰ ਪੜ੍ਹਾਈ ਵੱਲ ਪ੍ਰੇਰਿਤ ਕਰਦੇ ਹੋਏ ਆਪਣੇ ਪਰਿਵਾਰ ਨੂੰ ਕਾਮਯਾਬ ਕੀਤਾ। ਉਹ ਆਪਣੇ ਪਿੱਛੇ ਪਤਨੀ, ਇੱਕ ਪੁੱਤਰ ਅਤੇ ਦੋ ਧੀਆਂ ਦੀ ਹੱਸਦੀ-ਖੇਡਦੀ ਪਰਿਵਾਰਕ ਫੁੱਲਵਾੜੀ ਛੱਡ ਗਏ ਹਨ।



**ਸਵ. ਗੁਰਚਰਨ ਸਿੰਘ ਧਾਲੀਵਾਲ।**

ਉਨ੍ਹਾਂ ਦਾ ਅੰਤਮ ਸੰਸਕਾਰ ਅਤੇ ਸ਼ਰਧਾਂਜਲੀਆਂ ਦੀ ਰਸਮ "ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ" **4800 E. Clayton Avenue, Fowler CA 93625** ਵਿਖੇ 31 ਮਈ, 2023 ਦਿਨ ਬੁੱਧਵਾਰ ਨੂੰ ਸਵੇਰੇ 11 ਵਜੇ ਤੋਂ 1 ਵਜੇ ਤੱਕ ਹੋਵੇਗਾ। ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ "ਗੁਰਦੁਆਰਾ ਅਨੰਦਗੜ੍ਹ ਸਾਹਿਬ, ਕਰਮਨ 680 S. Vineland Ave. Kerman, CA 93630 ਵਿਖੇ ਹੋਵੇਗੀ।

ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਜਾਂ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਪੁੱਤਰ ਸੁੱਖੀ ਧਾਲੀਵਾਲ ਨਾਲ ਫੋਨ ਨੰਬਰ : (559) 283-2298 'ਤੇ ਸੰਪਰਕ ਕਰ ਸਕਦੇ ਹੋ।

**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




# ਸਿੱਖ-ਵਿਰੋਧੀ ਦੰਗੇ: ਸੀ.ਬੀ.ਆਈ. ਵੱਲੋਂ ਟਾਈਟਲਰ ਖ਼ਿਲਾਫ਼ ਚਾਰਜਸ਼ੀਟ ਦਾਇਰ

**■ਗੁਰਦੁਆਰਾ ਪੁਲ ਬੰਗਸ਼ ਨੇੜੇ ਨਵੰਬਰ 1984 'ਚ ਤਿੰਨ ਸਿੱਖਾਂ ਦੀ ਹੱਤਿਆ ਦਾ ਮਾਮਲਾ**



ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਵਿਚ 1984 'ਚ ਹੋਏ ਸਿੱਖ-ਵਿਰੋਧੀ ਦੰਗਿਆਂ ਦੇ ਕੇਸ ਵਿਚ ਸੀ.ਬੀ.ਆਈ. ਵੱਲੋਂ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ ਗਈ ਹੈ। ਸੀ.ਬੀ.ਆਈ. ਵੱਲੋਂ ਟਾਈਟਲਰ ਨੂੰ ਚਾਰਜਸ਼ੀਟ 'ਚ ਮੁਲਜ਼ਮ ਵਜੋਂ ਦਰਜ ਕੀਤਾ ਗਿਆ ਹੈ। ਇਹ ਮਾਮਲਾ ਗੁਰਦੁਆਰਾ ਪੁਲ ਬੰਗਸ਼ ਆਜ਼ਾਦ ਮਾਰਕੀਟ ਨੇੜੇ ਇੱਕ ਭੀੜ ਵੱਲੋਂ ਠਾਕੁਰ ਸਿੰਘ, ਬਾਦਲ ਸਿੰਘ ਤੇ ਗੁਰਚਰਨ ਸਿੰਘ ਦੀ ਹੱਤਿਆ ਨਾਲ ਸਬੰਧਤ ਹੈ। ਘਟਨਾ ਪਹਿਲੀ ਨਵੰਬਰ 1984 ਨੂੰ ਵਾਪਰੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਟਾਈਟਲਰ 'ਤੇ ਲੱਗੇ ਦੋਸ਼ਾਂ ਨਾਲ ਸਬੰਧਤ ਨਵੇਂ ਸਬੂਤ ਸਾਹਮਣੇ ਆਏ ਹਨ। ਇਸ ਮਾਮਲੇ 'ਚ ਗਵਾਹਾਂ ਵੱਲੋਂ ਦਿੱਤੇ ਬਿਆਨਾਂ ਮੁਤਾਬਕ ਟਾਈਟਲਰ ਨੇ ਭੀੜ ਨੂੰ ਭੜਕਾਇਆ ਸੀ। ਕੇਸ ਵਿਚ ਪਟੀਸ਼ਨ ਲਖਵਿੰਦਰ ਕੌਰ ਵੱਲੋਂ ਦਾਇਰ ਕੀਤੀ ਗਈ ਸੀ, ਜੋ ਕਿ ਮ੍ਰਿਤਕ ਬਾਦਲ ਸਿੰਘ ਦੀ ਪਤਨੀ ਹੈ। ਸੀ.ਬੀ.ਆਈ. ਅਧਿਕਾਰੀਆਂ ਨੇ ਕਿਹਾ ਹੈ ਕਿ ਕੌਰ ਦੀ ਗਵਾਹੀ ਚਾਰਜਸ਼ੀਟ ਲਈ ਅਹਿਮ ਹੈ। ਗੁਰਦੁਆਰੇ ਦੇ ਤਤਕਾਲੀ ਗ੍ਰੰਥੀ ਸੁਰਿੰਦਰ ਸਿੰਘ ਦਾ ਬਿਆਨ ਵੀ ਸੀ.ਬੀ.ਆਈ. ਵੱਲੋਂ ਇਸ ਮਾਮਲੇ ਵਿਚ ਦਰਜ ਕੀਤਾ ਗਿਆ ਹੈ। ਸੁਰਿੰਦਰ ਸਿੰਘ ਨੇ ਆਪਣੇ ਬਿਆਨਾਂ 'ਚ ਕਿਹਾ ਸੀ ਕਿ ਭੀੜ ਨੇ ਰਾਗੀ ਬਾਦਲ ਸਿੰਘ, ਇੱਕ ਸਿੱਖ ਪੁਲਿਸ ਇੰਸਪੈਕਟਰ ਠਾਕੁਰ ਸਿੰਘ ਤੇ ਇੱਕ ਸਿੱਖ ਸੇਵਕ ਨੂੰ ਟਾਇਰ ਪਾ ਕੇ ਅੱਗ ਲਾ ਦਿੱਤੀ ਸੀ। ਉਸ ਨੇ ਕਿਹਾ ਸੀ ਕਿ ਟਾਈਟਲਰ ਸਵੇਰੇ 9 ਵਜੇ ਤੋਂ 11 ਵਜੇ ਤੱਕ ਕਤਲੇਆਮ ਕਰਨ ਵਾਲਿਆਂ ਨੂੰ ਹਦਾਇਤਾਂ ਦੇ ਰਿਹਾ ਸੀ। ਜਦਕਿ ਟਾਈਟਲਰ ਨੇ ਦਲੀਲ ਦਿੱਤੀ ਸੀ ਕਿ ਉਹ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਦੇ ਪ੍ਰਬੰਧਾਂ ਦੀ ਨਿਗਰਾਨੀ ਲਈ ਪਹਿਲੀ ਨਵੰਬਰ ਨੂੰ ਸਵੇਰੇ 7 ਵਜੇ ਤੋਂ 3 ਵਜੇ ਤੱਕ ਤਿੰਨ ਮੂਰਤੀ ਭਵਨ 'ਚ ਸੀ। ਇਸ ਮਾਮਲੇ ਵਿਚ ਜਸਬੀਰ ਸਿੰਘ ਤੀਜਾ ਗਵਾਹ ਹੈ। ਸੀ.ਬੀ.ਆਈ. ਵੱਲੋਂ ਤਕਰੀਬਨ 10 ਗਵਾਹਾਂ ਦੇ ਬਿਆਨ ਦਰਜ ਕੀਤੇ ਗਏ ਸਨ। ਇਸ ਮਾਮਲੇ ਵਿਚ ਪਹਿਲਾਂ ਹੀ ਤਿੰਨ ਕਲੋਜ਼ਰ ਰਿਪੋਰਟਾਂ ਦਾਖ਼ਲ ਹੋ ਚੁੱਕੀਆਂ ਹਨ। ਸਤੰਬਰ 2015 ਵਿਚ ਸੀ.ਬੀ.ਆਈ. ਨੇ ਕਿਹਾ ਸੀ ਕਿ ਉਹ ਟਾਈਟਲਰ ਨੂੰ ਝੂਠਾ ਨਹੀਂ ਫਸਾ ਸਕਦੇ। ਐਡੀਸ਼ਨਲ ਚੀਫ਼ ਮੈਟਰੋਪਾਲਿਟਨ ਮੈਜਿਸਟਰੇਟ ਸਾਹਮਣੇ ਦਾਇਰ ਇੱਕ ਵਿਰੋਧ ਪਟੀਸ਼ਨ ਦੇ ਜਵਾਬ 'ਚ ਏਜੰਸੀ ਨੇ ਕਿਹਾ ਸੀ, 'ਸੀ.ਬੀ.ਆਈ. ਸਿਰਫ਼ ਭਾਵਨਾਵਾਂ ਦੇ ਆਧਾਰ 'ਤੇ ਕੁਝ ਦੇ ਹਉਮੈ ਨੂੰ ਸੰਤੁਸ਼ਟ ਕਰਨ ਲਈ ਇੱਕ ਨਿਰਦੋਸ਼ ਵਿਅਕਤੀ ਨੂੰ ਝੂਠਾ ਨਹੀਂ ਫਸਾ ਸਕਦੀ।'

# ਟਾਈਟਲਰ ਵਿਰੁੱਧ ਕੇਸ ਦਰਜ ਕਰਨ ਦੀ ਸਿਫ਼ਾਰਸ਼ ਨੂੰ ਮਨਮੋਹਨ ਸਿੰਘ ਸਰਕਾਰ ਨੇ ਕੀਤਾ ਸੀ ਰੱਦ : ਫੂਲਕਾ



ਪਟਿਆਲਾ, (ਪੰਜਾਬ ਮੇਲ)- ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐੱਚਐੱਸ ਫੂਲਕਾ ਨੇ ਕਿਹਾ ਹੈ ਕਿ 1984 ਦੇ ਸਿੱਖ ਕਤਲੇਆਮ ਮਾਮਲੇ 'ਚ ਕਾਂਗਰਸੀ ਨੇਤਾ ਜਗਦੀਸ਼ ਟਾਈਟਲਰ ਵਿਰੁੱਧ ਨਾਨਾਵਤੀ ਕਮਿਸ਼ਨਰ ਵੱਲੋਂ ਕੇਸ ਦਰਜ ਕਰਨ ਦੀ ਸਿਫ਼ਾਰਸ਼ ਨੂੰ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਨਾ ਸਿਰਫ਼ ਅਣਗੌਲ਼ਿਆ ਕੀਤਾ, ਸਗੋਂ ਮੁੱਢੋਂ ਰੱਦ ਕਰ ਦਿੱਤਾ ਸੀ। ਸੀਬੀਆਈ ਨੇ ਕੇਂਦਰ ਦੀ ਸਰਕਾਰ ਦੇ ਕਥਿਤ ਹੁਕਮਾਂ ਨੂੰ ਮੰਨਦਿਆਂ ਇਕ ਵਾਰ ਨਹੀਂ, ਸਗੋਂ ਕਈ ਕਈ ਵਾਰ ਨਾਨਾਵਤੀ ਰਿਪੋਰਟ ਨੂੰ ਬੰਦ ਕਰ ਲਈ ਦਰਖਾਸਤਾਂ ਦਿੱਤੀਆਂ। ਆਖ਼ਰ ਮਾਣਯੋਗ ਅਦਾਲਤ ਨੇ ਇਸ ਸਾਰੇ ਮਾਮਲੇ ਦੀ ਨਿਗਰਾਨੀ ਕੀਤੀ ਤਾਂ ਜਾ ਕੇ ਹੁਣ ਜਗਦੀਸ਼ ਟਾਈਟਲਰ ਖ਼ਿਲਾਫ਼ ਚਾਰਜਸ਼ੀਟ ਪੇਸ਼ ਹੋਈ ਹੈ। ਐਡਵੋਕੇਟ ਫੂਲਕਾ ਭਦੌੜ ਤੋਂ ਆਉਂਦੇ ਪਟਿਆਲਾ ਵਿਚ ਨੂੰ ਲੰਘ ਰਹੇ ਸਨ। ਇੱਥੇ ਉਨ੍ਹਾਂ ਕੁਝ ਪੱਤਰਕਾਰਾਂ ਨਾਲ ਗੱਲ ਕੀਤੀ। ਉਨ੍ਹਾਂ ਇਸ ਟਾਈਟਲਰ ਖ਼ਿਲਾਫ਼ ਚਾਰਜਸ਼ੀਟ ਪੇਸ਼ ਹੋਣ ਦੇ ਸਾਰੇ ਸਿੱਖ ਜਗਤ ਨੂੰ ਵਧਾਈ ਵੀ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਗੁਰਦੁਆਰਾ ਪੁਲ ਬੰਗਸ਼ ਦਿੱਲੀ ਵਿਚ ਅੱਗ ਲਗਾ ਦਿੱਤੀ। ਇਸ ਵੇਲੇ ਤਿੰਨ ਸਿੱਖ ਬਾਦਲ ਸਿੰਘ, ਗੁਰਚਰਨ ਸਿੰਘ ਤੇ ਠਾਕਰ ਸਿੰਘ ਦੀ ਮੌਤ ਹੋ ਗਈ ਸੀ। ਨਾਨਾਵਤੀ ਕਮਿਸ਼ਨ ਨੇ 2005 ਵਿਚ ਇਸ ਕੇਸ ਵਿਚ ਪੂਰੀ ਪੜਤਾਲ ਕਰਨ ਤੋਂ ਬਾਅਦ ਜਗਦੀਸ਼ ਟਾਈਟਲਰ ਵਿਰੁੱਧ ਕੇਸ ਦਰਜ ਕਰਨ ਦੀ ਸਿਫ਼ਾਰਸ਼ ਕੀਤੀ। ਉਸ ਵੇਲੇ ਜਗਦੀਸ਼ ਟਾਈਟਲਰ ਕੇਂਦਰ ਸਰਕਾਰ ਵਿਚ ਮੰਤਰੀ ਸੀ ਤੇ ਸਰਕਾਰ ਨੇ ਨਾਨਾਵਤੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਦਰ ਕਿਨਾਰ ਕਰਦਿਆਂ ਟਾਈਟਲਰ ਖ਼ਿਲਾਫ਼ ਕੇਸ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਵੇਲੇ ਯੂਪੀਏ ਦੇ ਭਾਈਵਾਲਾਂ ਸਮੇਤ ਵਿਰੋਧੀ ਧਿਰ ਵੱਲੋਂ ਪਾਰਲੀਮੈਂਟ ਵਿਚ ਰੌਲਾ ਪਾਇਆ ਗਿਆ ਕਿ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਨੂੰ ਮੰਨਿਆ ਜਾਵੇ। ਟਾਈਟਲਰ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇ। ਇਸ ਦਬਾਅ ਕਾਰਨ ਕੇਂਦਰ ਦੀ ਕਾਂਗਰਸ ਸਰਕਾਰ ਨੇ ਟਾਈਟਲਰ ਖ਼ਿਲਾਫ਼ ਕੇਸ ਦਰਜ ਕਰਨ ਲਈ ਕਿਹਾ। ਉਸ ਤੋਂ ਬਾਅਦ ਟਾਈਟਲਰ ਨੇ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਪਰ ਸੀ.ਬੀ.ਆਈ. ਨੇ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਨੂੰ ਰੱਦ ਕਰਨ ਲਈ 2007 ਵਿਚ ਕਲੋਜ਼ਰ ਰਿਪੋਰਟ ਫਾਈਲ ਕਰ ਦਿੱਤੀ।

# ਬਰਤਾਨੀਆ ਦੇ ਸ਼ਹਿਰ ਕੋਵੈਂਟਰੀ 'ਚ ਜਸਵੰਤ ਬਿਰਦੀ ਪਹਿਲੇ ਦਸਤਾਧਾਰੀ ਲਾਰਡ ਮੇਅਰ ਬਣੇ



ਲੰਡਨ, (ਪੰਜਾਬ ਮੇਲ)- ਕੋਵੈਂਟਰੀ ਵਿਚ ਰਹਿਣ ਵਾਲੇ ਬਰਤਾਨਵੀ ਸਿੱਖ ਕੌਂਸਲਰ ਨੇ ਕੇਂਦਰੀ ਇੰਗਲੈਂਡ ਦੇ ਸ਼ਹਿਰ ਲਈ ਪਹਿਲਾ ਦਸਤਾਰਧਾਰੀ ਲਾਰਡ ਮੇਅਰ ਬਣ ਕੇ ਇਤਿਹਾਸ ਰਚ ਦਿੱਤਾ ਹੈ। ਜਸਵੰਤ ਸਿੰਘ ਬਿਰਦੀ, ਜਿਨ੍ਹਾਂ ਦਾ ਜਨਮ ਪੰਜਾਬ ਵਿਚ ਹੋਇਆ ਸੀ ਅਤੇ ਪੱਛਮੀ ਬੰਗਾਲ ਦੇ ਕੋਲਕਾਤਾ ਵਿਚ ਬਚਪਨ ਗੁਜ਼ਾਰਿਆ, 60 ਸਾਲ ਪਹਿਲਾਂ ਕੋਵੈਂਟਰੀ ਵਸ ਗਏ ਸਨ ਅਤੇ 16 ਸਾਲਾਂ ਤੱਕ ਸ਼ਹਿਰ ਵਿਚ ਕੌਂਸਲਰ ਵਜੋਂ ਸੇਵਾ ਨਿਭਾਅ ਚੁੱਕੇ ਹਨ। ਉਨ੍ਹਾਂ ਨੇ ਹਾਲ ਹੀ ਵਿਚ ਲਾਰਡ ਮੇਅਰ ਦੇ ਆਪਣੇ ਨਵੇਂ ਅਹੁਦੇ ਦਾ ਰਸਮੀ ਕਾਰਜਭਾਰ ਆਪਣੀ ਪਤਨੀ ਕ੍ਰਿਸ਼ਨਾ ਦੇ ਨਾਲ ਸੰਭਾਲਿਆ।

# ਦਿੱਲੀ ਹਾਈ ਕੋਰਟ ਵੱਲੋਂ ਗੁਜਰਾਤ ਦੰਗਿਆਂ ਬਾਰੇ ਦਸਤਾਵੇਜ਼ੀ ਫਿਲਮ ਸਬੰਧੀ ਮਾਣਹਾਨੀ ਮਾਮਲੇ 'ਚ ਬੀ.ਬੀ.ਸੀ. ਨੂੰ ਨੋਟਿਸ




ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਹਾਈ ਕੋਰਟ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਪਾਬੰਦੀਸ਼ੁਦਾ ਦਸਤਾਵੇਜ਼ੀ ਫਿਲਮ ਖ਼ਿਲਾਫ਼ ਮਾਣਹਾਨੀ ਦੇ ਮੁਕੱਦਮੇ 'ਚ ਬ੍ਰਿਟਿਸ਼ ਬ੍ਰੌਡਕਾਸਟਿੰਗ ਕੰਪਨੀ (ਬੀ.ਬੀ.ਸੀ.) ਨੂੰ ਨੋਟਿਸ ਜਾਰੀ ਕੀਤਾ ਹੈ। ਗੁਜਰਾਤ ਸਥਿਤ ਗੈਰ-ਸਰਕਾਰੀ ਸੰਗਠਨ (ਐੱਨ.ਜੀ.ਓ.) ਜਸਟਿਸ ਆਨ ਟ੍ਰਾਇਲ ਵੱਲੋਂ ਦਾਇਰ ਮੁਕੱਦਮੇ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਦਸਤਾਵੇਜ਼ੀ ਫਿਲਮ ਨੇ ਦੇਸ਼, ਨਿਆਂਪਾਲਿਕਾ ਅਤੇ ਪ੍ਰਧਾਨ ਮੰਤਰੀ ਦੇ ਅਕਸ ਨੂੰ ਦਾਗਦਾਰ ਕੀਤਾ ਹੈ। ਜਸਟਿਸ ਸਚਿਨ ਦੱਤਾ ਨੇ ਮੁਕੱਦਮੇ ਵਿੱਚ ਸੰਮਨ ਜਾਰੀ ਕਰਦੇ ਹੋਏ ਮਾਮਲੇ ਦੀ ਅਗਲੀ ਸੁਣਵਾਈ 15 ਸਤੰਬਰ ਵਿੱਚ ਸੂਚੀਬੱਧ ਕਰ ਦਿੱਤੀ ਹੈ।



# ਜਾਰਜੀਆ ’ਚ ਆਪਣੀ ਨਵ ਜੰਮੀ ਬੱਚੀ ਨੂੰ ਮਾਰਨ ਦੀ ਕੋਸ਼ਿਸ਼ ਦੇ ਦੋਸ਼ ’ਚ ਭਾਰਤੀ ਮੂਲ ਦੀ ਔਰਤ ਗ੍ਰਿਫ਼ਤਾਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ ਦੇ ਜਾਰਜੀਆ ਰਾਜ ਵਿਚ ਪੁਲਿਸ ਵੱਲੋਂ ਤਕਰੀਬਨ 4 ਸਾਲ ਪਹਿਲਾਂ ਪਲਾਸਟਿਕ ਦੇ ਲਿਫ਼ਾਫੇ ਵਿਚ ਬੰਦ ਜੰਗਲੀ ਖੇਤਰ ਵਿਚੋਂ ਬਰਾਮਦ ਕੀਤੀ ਨਵ ਜੰਮੀ ਬੱਚੀ ਦਾ ਮਾਮਲਾ ਹੱਲ ਕਰਨ ਦਾ ਦਾਅਵਾ ਕਰਨ ਦੀ ਖਬਰ ਹੈ। ਪੁਲਿਸ ਨੇ ਬੱਚੀ ਦੀ ਮਾਂ ਨੂੰ ਗ੍ਰਿ਼ਫਤਾਰ ਕਰ ਲਿਆ ਹੈ। ਇਸ ਮਾਮਲੇ ਸਬੰਧੀ ਕੀਤੀ ਪ੍ਰੈੱਸ ਕਾਨਫਰੰਸ ਵਿਚ ਪ੍ਰਤੱਖ ਤੌਰ ’ਤੇ ਜਜ਼ਬਾਤੀ ਨਜ਼ਰ ਆ ਰਹੇ ਫੋਰਸਿਥ ਕਾਊਂਟੀ ਦੇ ਸ਼ੈਰਿਫ ਰੋਨ ਫਰੀਮੈਨ ਨੇ ਕਿਹਾ ਕਿ ਭਾਰਤੀ ਮੂਲ ਦੀ 40 ਸਾਲਾ ਮਾਂ ਕਰੀਮਾ ਜਿਵਾਨੀ ਨੂੰ ਕਤਲ ਦੀ ਕੋਸ਼ਿਸ਼, ਬੱਚਿਆਂ ਪ੍ਰਤੀ



ਪ੍ਰੈੱਸ ਕਾਨਫਰੰਸ ਦੌਰਾਨ ਗ੍ਰਿਫਤਾਰ ਕੀਤੀ ਮਾਂ ਦੀ ਤਸਵੀਰ ਨਾਲ ਇਕ ਪੁਲਿਸ ਅਫਸਰ।

ਨਿਰਦਈਪੁਣਾ ਵਰਤਣ ਤੇ ਹੋਰ ਦੋਸ਼ਾਂ ਤਹਿਤ ਗ੍ਰਿ਼ਫਤਾਰ ਕਰ ਲਿਆ ਗਿਆ ਹੈ। ਫਰੀਮੈਨ ਨੇ ਕਿਹਾ ਕਿ ਡੀ.ਐੱਨ.ਏ. ਰਾਹੀਂ ਕਰੀਮਾ ਜਿਵਾਨੀ ਦੀ ਬੱਚੀ ਦੀ ਜੈਵਿਕ ਮਾਂ ਵਜੋਂ ਪਛਾਣ ਕੀਤੀ ਗਈ ਹੈ। ਉਨ੍ਹਾਂ

**■ 4 ਸਾਲ ਪਹਿਲਾਂ ਨਵ ਜੰਮੀ ਬੱਚੀ ਨੂੰ ਲਿਫ਼ਾਫੇ ’ਚ ਬੰਦ ਕਰਕੇ ਸੁੱਟਿਆ ਸੀ ਜੰਗਲ ਵਿਚ**

ਕਿਹਾ ਕਿ 10 ਮਹੀਨੇ ਪਹਿਲਾਂ ਬੱਚੀ ਦੇ ਪਿਤਾ ਦੀ ਡੀ.ਐੱਨ.ਏ. ਰਾਹੀਂ ਪਛਾਣ ਕੀਤੀ ਗਈ ਸੀ। ਉਸ ਤੋਂ ਬਾਅਦ ਜਿਵਾਨੀ ਤੋਂ ਪੁੱਛਗਿੱਛ ਕੀਤੀ ਗਈ ਸੀ। ਬੱਚੀ ਦੇ ਪਿਤਾ ਜਿਸ ਦੇ ਨਾਂ ਦਾ ਖੁਲਾਸਾ ਪੁਲਿਸ ਨੇ ਨਹੀਂ ਕੀਤਾ, ਵਿਰੁੱਧ ਵੱਖਰਾ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੇ ਮਿਲੇ ਵੇਰਵੇ ਅਨੁਸਾਰ 6 ਜੂਨ, 2019 ਨੂੰ ਕਮਿੰਗ ਸ਼ਹਿਰ ਤੋਂ ਇਕ ਵਿਅਕਤੀ ਨੇ ਪੁਲਿਸ ਨੂੰ ਫੋਨ ਕਰਕੇ ਦੱਸਿਆ ਸੀ ਕਿ ਉਸ ਨੇ ਤੇ ਉਸ ਦੇ ਬੱਚਿਆਂ ਨੇ ਸਥਾਨਕ ਡੇਵਸ ਕਰੀਕ ਰੋਡ ਦੇ 1900 ਬਲਾਕ ਨੇੜੇ ਜੰਗਲ ਵਿਚੋਂ ਕਿਸੇ ਬੱਚੇ ਦੇ ਚਿਲਾਉਣ ਦੀ ਆਵਾਜ਼ ਸੁਣੀ ਹੈ। ਡਿਪਟੀ ਟੈਰੀ ਰੋਪਰ ਨੇ ਮੌਕੇ ’ਤੇ ਪੁੱਜ ਕੇ ਝਾੜੀਆਂ ਵਿਚੋਂ ਇਕ ਪਲਾਸਟਿਕ ਦੇ ਲਿਫ਼ਾਫੇ ਵਿਚ ਬੰਦ ਨਵ ਜੰਮੀ ਬੱਚੀ ਨੂੰ ਬਰਾਮਦ ਕਰਕੇ ਤੁਰੰਤ ਇਕ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ, ਜਿਥੇ ਹਸਪਤਾਲ ਦੇ ਸਟਾਫ਼ ਨੇ ਇਸ ਬੱਚੀ ਦਾ ਨਾਂ ‘ਬੇਬੀ ਇੰਡੀਆ’ ਰੱਖਿਆ। ਫਰੀਮੈਨ ਨੇ ਕਿਹਾ ਕਿ ‘ਬੇਬੀ ਇੰਡੀਆ’ ਦੇ ਨਾਂ ਨਾਲ ਜਾਣੀ ਜਾਂਦੀ ਇਹ ਬੱਚੀ ਹੁਣ 4 ਸਾਲ ਦੀ ਹੈ ਤੇ ਬਿਲਕੁੱਲ ਤੰਦਰੁਸਰਤ ਹੈ।

# ਪਰਲਜ਼ ਧੋਖਾਧੜੀ: ਪੰਜਾਬ ਸਰਕਾਰ ਨੇ ਵਿਜੀਲੈਂਸ ਨੂੰ ਸੌਂਪੀ ਜਾਂਚ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਨੇ ਪਰਲ ਗਰੁੱਪ ਦੀ ਕਰੋੜਾਂ ਰੁਪਏ ਦੀ ਧੋਖਾਧੜੀ ਦੀ ਜਾਂਚ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ ਹੈ। ਨਵੇਂ ਹੁਕਮਾਂ ਅਨੁਸਾਰ ਫ਼ਿਰੋਜ਼ਪੁਰ ਦੇ ਜ਼ੀਰਾ ਥਾਣੇ ਵਿਚ ਪਰਲ ਗਰੁੱਪ ਦੇ ਘਪਲੇ ਦੇ ਸਬੰਧ ਵਿਚ ਸਾਲ 2020 ਵਿਚ ਦਰਜ ਐੱਫ.ਆਈ.ਆਰ. ਨੰਬਰ 79 ਅਤੇ ਸਾਲ 2023 ਵਿਚ ਮੁਹਾਲੀ ਦੇ ਸਟੇਟ ਕ੍ਰਾਈਮ ਥਾਣੇ ਵਿਚ ਦਰਜ ਐੱਫ.ਆਈ.ਆਰ. ਨੰਬਰ ਇੱਕ ਦੀ ਜਾਂਚ ਹੁਣ ਵਿਜੀਲੈਂਸ ਨੂੰ ਟਰਾਂਸਫ਼ਰ ਕਰ ਦਿੱਤੀ ਗਈ ਹੈ। ਵਿਜੀਲੈਂਸ ਬਿਊਰੋ ਦੀ ਆਰਥਿਕ ਅਪਰਾਧ ਸ਼ਾਖਾ ਇਸ ਦੀ ਪੜਤਾਲ ਕਰੇਗੀ।

ਮੁੱਖ ਮੰਤਰੀ ਭਗਵੰਤ ਮਾਨ ਪਰਲ ਗਰੁੱਪ ਦੀ ਧੋਖਾਧੜੀ ਮਾਮਲੇ ਦੀ ਪੜਤਾਲ ਕਿਸੇ ਤਣ-ਪਤਣ ਲਾ ਕੇ ਇਸ ਗਰੁੱਪ ਤੋਂ ਪੀੜਤ ਨਿਵੇਸ਼ਕਾਂ ਦੀ ਰਾਸ਼ੀ ਵਾਪਸ ਕਰਾਉਣ ਦੇ ਇੱਛੁਕ ਹਨ ਅਤੇ ਉਹ ਕਈ ਵਾਰ ਟਵੀਟ ਕਰਕੇ ਨਿਵੇਸ਼ਕਾਂ ਨਾਲ ਵਾਅਦਾ ਵੀ ਕਰ ਚੁੱਕੇ ਹਨ। ਜਾਣਕਾਰੀ ਅਨੁਸਾਰ ਸਰਕਾਰ ਨੇ ਗੁੰਝਲਦਾਰ ਆਰਥਿਕ ਅਪਰਾਧ ਹੋਣ ਕਰਕੇ ਇਸ ਦੀ ਜਾਂਚ ਵਿਜੀਲੈਂਸ ਨੂੰ ਸੌਂਪੀ ਹੈ। ਮੁੱਖ ਮੰਤਰੀ ਇਹ ਵੀ ਚਾਹੁੰਦੇ ਹਨ ਕਿ ਡਿਪਟੀ ਕਮਿਸ਼ਨਰਾਂ ਦੀ ਅਗਵਾਈ ਵਿਚ ਬਣੀਆਂ ਕਮੇਟੀਆਂ ਪਰਲ ਗਰੁੱਪ ਦੀਆਂ ਜਾਇਦਾਦਾਂ ਨੂੰ ਨਿਲਾਮ ਕਰਕੇ ਨਿਵੇਸ਼ਕਾਂ ਨੂੰ ਪੈਸੇ ਵਾਪਸ ਕਰਨ ਪ੍ਰੰਤੂ ਇਸ ਦੇ ਅੱਗੇ ਕਾਫ਼ੀ ਕਾਨੂੰਨੀ ਅੜਚਣਾਂ ਵੀ ਹਨ। ਸਰਕਾਰ ਨੇ ਕਿਹਾ ਹੈ ਕਿ ਇਸ ਘੁਟਾਲੇ ਵਿਚ



**■ ਪੀੜਤਾਂ ਨੂੰ ਪੈਸੇ ਮੁੜਨ ਦੀ ਆਸ ਬੱਝੀ; ਕੰਪਨੀ ਦੀਆਂ ਜਾਇਦਾਦਾਂ ਵੇਚ ਕੇ ਲੋਕਾਂ ਦੇ ਪੈਸੇ ਮੋੜਨਾ ਚਾਹੁੰਦੀ ਹੈ ਸਰਕਾਰ**

ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਨਿਵੇਸ਼ਕਾਂ ਦੇ ਪੈਸੇ ਵਾਪਸ ਕਰਾਉਣ ਦੇ ਯਤਨ ਕੀਤੇ ਜਾਣਗੇ।

ਮੁੱਖ ਮੰਤਰੀ ਦੇ ਜੱਦੀ ਜ਼ਿਲ੍ਹਾ ਸੰਗਰੂਰ ਦੇ ਕਈ ਪਿੰਡਾਂ ਵਿਚ ਪੀੜਤ ਨਿਵੇਸ਼ਕ ਖ਼ੁਦਕੁਸ਼ੀ ਵੀ ਕਰ ਗਏ ਸਨ। ਦੂਸਰੀ ਤਰਫ਼ ਤਤਕਾਲੀ ਸਰਕਾਰ ਨੇ ਇਸ ਗਰੁੱਪ ਦੇ ਮਾਲਕ ਨਿਰਮਲ ਭੰਗੂ ਨੂੰ ਤਿਹਾੜ ਤੋਂ ਪੰਜਾਬ ਲਿਆਂਦਾ ਸੀ। ਬਠਿੰਡਾ ਜੇਲ੍ਹ ’ਚ ਬੰਦੀ ਦੌਰਾਨ ਨਿਰਮਲ ਭੰਗੂ ਕਰੀਬ 678 ਦਿਨ ਮੁਹਾਲੀ ਹਸਪਤਾਲ ਵਿੱਚ ਹੀ ਰਹੇ ਸਨ। ਥਾਣਾ ਥਰਮਲ ਬਠਿੰਡਾ ਵਿਚ ਪਹਿਲੀ ਜੂਨ 2016 ਨੂੰ ਪਰਲਜ਼ ਗੋਲਡਨ ਫਾਰੈਸਟ ਲਿਮਟਿਡ (ਪੀ.ਜੀ.ਐੱਫ.) ਦੇ ਚੇਅਰਮੈਨ ਤੇ ਮੈਨੇਜਿੰਗ ਡਾਇਰੈਕਟਰ ਨਿਰਮਲ ਭੰਗੂ ’ਤੇ ਧਾਰਾ 406, 420 ਤਹਿਤ ਕੇਸ ਦਰਜ ਹੋਇਆ ਸੀ। ਚੇਤੇ ਰਹੇ ਕਿ ਨਿਰਮਲ ਭੰਗੂ ਤੇ ਸਾਥੀਆਂ ਖ਼ਿਲਾਫ਼ ਸੀ.ਬੀ.ਆਈ. ਨੇ 45 ਹਜ਼ਾਰ ਕਰੋੜ ਦੇ ਘੁਟਾਲੇ ਦਾ ਫਰਵਰੀ 2014 ਵਿਚ ਕੇਸ ਦਰਜ ਕੀਤਾ ਸੀ।

# ਪ੍ਰਦਰਸ਼ਨ ਕਰ ਰਹੇ ਸਾਰੇ ਪਹਿਲਵਾਨ ਨਾਰਕੋ ਟੈਸਟ ਕਰਵਾਉਣ ਲਈ ਤਿਆਰ

**ਨਵੀਂ ਦਿੱਲੀ, (ਪੰਜਾਬ ਮੇਲ)-** ਓਲੰਪਿਕ ਤਮਗਾ ਜੇਤੂ ਬਜਰੰਗ ਪੂਨੀਆ ਨੇ ਐਲਾਨ ਕੀਤਾ ਕਿ ਭਾਰਤੀ ਕੁਸ਼ਤੀ ਮਹਾਸੰਘ ਦੇ ਮੁਖੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਖ਼ਿਲਾਫ ਪ੍ਰਦਰਸ਼ਨ ਕਰ ਰਹੇ ਸਾਰੇ ਪਹਿਲਵਾਨ ਨਾਰਕੋ ਟੈਸਟ ਕਰਵਾਉਣ ਲਈ ਤਿਆਰ ਹਨ। ਭਲਵਾਨਾਂ ਤੇ ਬ੍ਰਿਜ ਭੂਸ਼ਨ ਦਾ ਟੈਸਟ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਤੇ ਇਸ ਦਾ ਦੇਸ਼ ਦੀ ਜਨਤਾ ਸਾਹਮਣੇ ਸਿੱਧਾ ਪ੍ਰਸਾਰਨ ਹੋਣਾ ਚਾਹੀਦਾ ਹੈ। ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਭਾਰਤੀ ਕੁਸ਼ਤੀ ਮਹਾਸੰਘ (ਡਬਲਯੂ.ਐੱਫ.ਆਈ.) ਦੇ ਮੁਖੀ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੇ ਐਤਵਾਰ ਨੂੰ ਕਿਹਾ ਸੀ ਕਿ ਜੇ ਸਟਾਰ ਪਹਿਲਵਾਨ ਵਿਨੇਸ਼ ਫੋਗਾਟ ਤੇ ਬਜਰੰਗ ਨਾਰਕੋ ਟੈਸਟ ਲਈ ਤਿਆਰ ਹੋਣ, ਤਾਂ ਉਹ ਵੀ ਅਜਿਹਾ ਟੈਸਟ ਕਰਾਉਣ ਲਈ ਤਿਆਰ ਹੈ। ਮੀਡੀਆ ਨਾਲ ਗੱਲ ਕਰਦੇ ਹੋਏ ਪੂਨੀਆ ਨੇ ਕਿਹਾ, ‘ਬ੍ਰਿਜ




ਭੂਸ਼ਨ ਨੇ ਕਿਹਾ ਕਿ ਉਹ ਨਾਰਕੋ ਟੈਸਟ ਲਈ ਤਿਆਰ ਹੈ। ਅਸੀਂ ਪਹਿਲਾਂ ਹੀ ਕਿਹਾ ਸੀ ਕਿ ਖਿਡਾਰੀ ਨਾਰਕੋ ਟੈਸਟ ਲਈ ਵੀ ਤਿਆਰ ਹਨ। ਇਹ ਟੈਸਟ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਹੋਣਾ ਚਾਹੀਦਾ ਹੈ ਅਤੇ ਪੂਰਾ ਦੇਸ਼ ਇਸ ਨੂੰ ਲਾਈਵ ਦੇਖੇ। ਤਾਂ ਜੋ ਉਨ੍ਹਾਂ ਨੂੰ ਪਤਾ ਲੱਗ ਸਕੇ ਕਿ ਬ੍ਰਿਜ ਭੂਸ਼ਨ ਨੇ ਕੀ-ਕੀ ਕੀਤਾ ਹੈ। ਰਾਸ਼ਟਰਮੰਡਲ ਖੇਡਾਂ ਦੀ ਤਮਗਾ ਜੇਤੂ ਵਿਨੇਸ਼

**■ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਟੈਸਟ ਤੇ ਇਸ ਦਾ ਸਿੱਧਾ ਪ੍ਰਸਾਰਨ ਕੀਤਾ ਜਾਵੇ**

ਫੋਗਾਟ ਨੇ ਵੀ ਕਿਹਾ, ‘ਮੈਂ ਬ੍ਰਿਜ ਭੂਸ਼ਨ ਨੂੰ ਦੱਸਣਾ ਚਾਹੁੰਦੀ ਹਾਂ ਕਿ ਸਿਰਫ ਵਿਨੇਸ਼ ਹੀ ਨਹੀਂ, ਉਹ ਸਾਰੀਆਂ ਕੁੜੀਆਂ ਜਿਨ੍ਹਾਂ ਨੇ ਸ਼ਿਕਾਇਤ ਦਿੱਤੀ ਹੈ, ਨਾਰਕੋ ਟੈਸਟ ਕਰਵਾਉਣ ਲਈ ਤਿਆਰ ਹਨ। ਇਸ ਨੂੰ ਲਾਈਵ ਕੀਤਾ ਜਾਣਾ ਚਾਹੀਦਾ ਹੈ, ਤਾਂ ਕਿ ਪੂਰੇ ਦੇਸ਼ ਨੂੰ ਦੇਸ਼ ਦੀਆਂ ਧੀਆਂ ਨਾਲ ਕੀਤੇ ਗਏ ਜ਼ੁਲਮ ਬਾਰੇ ਪਤਾ ਲੱਗ ਸਕੇ। ਪੂਨੀਆ ਨੇ ਬ੍ਰਿਜ ਭੂਸ਼ਨ ਮੁਖੀ ’ਤੇ ਕਾਨੂੰਨ ਤੋਂ ਭੱਜਣ ਅਤੇ ਜਨਤਾ ਨੂੰ ਗੁੰਮਰਾਹ ਕਰਨ ਦਾ ਦੋਸ਼ ਵੀ ਲਗਾਇਆ ਹੈ। ਪਹਿਲਵਾਨ ਸਾਕਸ਼ੀ ਮਲਿਕ ਨੇ ਵੀ ਲੋਕਾਂ ਨੂੰ ਮੰਗਲਵਾਰ ਨੂੰ ਇੰਡੀਆ ਗੇਟ ’ਤੇ ਆਪਣੇ ਮੋਮਬੱਤੀ ਮਾਰਚ ਦਾ ਸਮਰਥਨ ਕਰਨ ਦੀ ਅਪੀਲ ਕੀਤੀ।


Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn’t qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ ’ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ ’ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem®

COVERED CALIFORNIA | Certified Insurance Agent

Designed By Punjab Mail USA

Ph.: (916) 900-2000


EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਪੰਜਾਬ ਸਰਕਾਰ ਨੇ ਮਜੀਠੀਆ ਖਿਲਾਫ਼ ਜਾਂਚ ਕਰ ਰਹੀ 'ਸਿਟ' ਦੇ ਮੁਖੀ ਨੂੰ ਬਦਲਿਆ

- ਛੀਨਾ ਹੋਣਗੇ 'ਸਿਟ' ਦੇ ਮੁਖੀ
- ਟੀਮ ਦੇ ਬਾਕੀ ਮੈਂਬਰ ਪਹਿਲਾਂ ਵਾਲੇ ਹੀ ਰਹਿਣਗੇ
- ਬਾਦਲਾਂ ਦੇ ਨਿਸ਼ਾਨੇ 'ਤੇ ਰਹੇ ਛੀਨਾ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਪੁਲਿਸ ਨੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਦਰਜ ਕੇਸ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਨੂੰ ਬਦਲ ਦਿੱਤਾ ਹੈ ਅਤੇ ਵਿਸ਼ੇਸ਼ ਜਾਂਚ ਟੀਮ (ਸਿਟ) ਦਾ ਮੁੜ ਗਠਨ ਕੀਤਾ ਹੈ। ਡੀ.ਜੀ.ਪੀ. ਗੌਰਵ ਯਾਦਵ ਦੀ ਪ੍ਰਵਾਨਗੀ ਨਾਲ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਵਿਸ਼ੇਸ਼ ਜਾਂਚ ਟੀਮ ਦੀ ਅਗਵਾਈ ਹੁਣ ਪਟਿਆਲਾ ਜ਼ੋਨ ਦੇ ਆਈ.ਜੀ. ਮੁਖਵਿੰਦਰ ਸਿੰਘ ਛੀਨਾ ਕਰਨਗੇ। ਪਹਿਲਾਂ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਰਾਹੁਲ ਐੱਸ. ਸਨ, ਜੋ ਕਿ ਵਿਜੀਲੈਂਸ ਦੇ ਡਾਇਰੈਕਟਰ ਵੀ ਹਨ।

ਜਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਰਾਹੁਲ ਐੱਸ. ਕਾਫ਼ੀ ਵਿਜੀਲੈਂਸ ਕੇਸਾਂ ਦੀ ਦੇਖਰੇਖ ਕਰ ਰਹੇ ਹਨ, ਇਸ ਕਰਕੇ ਪ੍ਰਸ਼ਾਸਕੀ ਆਧਾਰ 'ਤੇ ਮਜੀਠੀਆ ਮਾਮਲੇ ਦੀ ਜਾਂਚ ਕਰ ਰਹੀ ਸਿਟ ਦਾ ਨਵਾਂ ਮੁਖੀ ਮੁਖਵਿੰਦਰ ਸਿੰਘ ਛੀਨਾ ਨੂੰ ਲਗਾਇਆ ਗਿਆ ਹੈ। ਬਾਕੀ ਮੈਂਬਰਾਂ ਵਜੋਂ ਏ.ਆਈ.ਜੀ. ਰਣਜੀਤ ਸਿੰਘ ਢਿੱਲੋਂ, ਡੀ.ਐੱਸ.ਪੀ. (ਐੱਸ.ਟੀ.ਐੱਫ. ਰੋਪੜ) ਰਘਬੀਰ ਸਿੰਘ ਅਤੇ ਡੀ.ਐੱਸ.ਪੀ. ਖਰੜ-2 ਅਮਰਪ੍ਰੀਤ ਸਿੰਘ ਪਹਿਲਾਂ ਦੀ ਤਰ੍ਹਾਂ ਸਿਟ ਵਿਚ ਕਾਇਮ ਰਹਿਣਗੇ। ਚੇਤੇ ਰਹੇ ਕਿ ਵਿਧਾਨ ਸਭਾ ਚੋਣਾਂ 2022 ਤੋਂ ਪਹਿਲਾਂ ਚੰਨੀ ਸਰਕਾਰ ਸਮੇਂ ਨਸ਼ਾ ਤਸਕਰੀ ਦੇ ਮਾਮਲੇ ਵਿਚ ਮੁਹਾਲੀ ਦੇ ਸਟੇਟ ਕ੍ਰਾਈਮ ਥਾਣੇ ਵਿਚ 20 ਦਸੰਬਰ 2021 ਨੂੰ ਐੱਫ.ਆਈ.ਆਰ. ਨੰਬਰ-2 ਦਰਜ ਕੀਤੀ ਗਈ ਸੀ, ਜਿਸ ਵਿਚ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਨਾਮ ਸ਼ਾਮਲ ਸੀ। ਇਸ ਕੇਸ ਵਿਚ ਮਜੀਠੀਆ ਕਰੀਬ ਛੇ ਮਹੀਨੇ ਜੇਲ੍ਹ 'ਚ ਰਹੇ ਅਤੇ ਸੁਪਰੀਮ ਕੋਰਟ ਤੋਂ ਉਨ੍ਹਾਂ ਨੂੰ ਜ਼ਮਾਨਤ ਮਿਲੀ ਸੀ। ਪੰਜਾਬ ਸਰਕਾਰ ਹੁਣ ਨਸ਼ਿਆਂ ਦੇ ਮਾਮਲੇ 'ਤੇ ਵਿਸ਼ੇਸ਼ ਧਿਆਨ ਦੇਣ ਲੱਗੀ ਹੈ। ਪਿਛਲੇ ਦਿਨਾਂ ਵਿਚ ਜਲੰਧਰ ਜ਼ਿਮਨੀ ਚੋਣ ਸਮੇਂ ਮਜੀਠੀਆ ਵੱਲੋਂ ਸਰਕਾਰ ਨੂੰ ਲਗਾਤਾਰ ਨਿਸ਼ਾਨੇ 'ਤੇ ਰੱਖਿਆ ਗਿਆ ਸੀ।

ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਵਜੋਂ ਕਾਰਜਕਾਲ ਦੌਰਾਨ ਮੁਖਵਿੰਦਰ ਸਿੰਘ ਛੀਨਾ ਬਠਿੰਡਾ ਜ਼ੋਨ ਦੇ ਆਈ.ਜੀ. ਵਜੋਂ ਤਾਇਨਾਤ ਸਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੇ ਤਲਵੰਡੀ ਸਾਬੋ ਵਿਚ 2018 ਦੀ ਵਿਸਾਖੀ ਕਾਨਫ਼ਰੰਸ ਮੌਕੇ ਮੁਖਵਿੰਦਰ ਸਿੰਘ ਛੀਨਾ ਨੂੰ ਸਿੱਧਾ ਨਿਸ਼ਾਨੇ 'ਤੇ ਲਿਆ ਸੀ ਕਿਉਂਕਿ ਉਨ੍ਹਾਂ ਦਿਨਾਂ ਵਿਚ ਬਠਿੰਡਾ ਰਿਫ਼ਾਈਨਰੀ ਦਾ ਗੁੰਡਾ ਟੈਕਸ ਦਾ ਰੌਲਾ ਪਿਆ ਸੀ। ਸੁਖਬੀਰ ਸਿੰਘ ਬਾਦਲ ਨੇ ਉਸ ਮਗਰੋਂ ਵੀ ਲਾਲ ਡਾਇਰੀ ਦਾ ਜ਼ਿਕਰ ਕਰਦਿਆਂ ਛੀਨਾ 'ਤੇ ਨਿਸ਼ਾਨੇ ਸੇਧੇ ਸਨ।

# ਅਮਰੀਕਾ ਦੀ ਆਈ.ਟੀ. ਕੰਪਨੀ ਨੂੰ ਸਿਰਫ਼ ਭਾਰਤੀਆਂ ਤੋਂ ਨੌਕਰੀ ਲਈ ਅਰਜ਼ੀਆਂ ਮੰਗਣ 'ਤੇ ਜੁਰਮਾਨਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਨਿਊਜਰਸੀ ਦੀ ਆਈ.ਟੀ. ਕੰਪਨੀ ਨੂੰ ਕਥਿਤ ਤੌਰ 'ਤੇ ਭੇਦਭਾਵ ਵਾਲੇ ਨੌਕਰੀਆਂ ਦੇ ਇਸ਼ਤਿਹਾਰ ਜਾਰੀ ਕਰਨ ਅਤੇ ਸਿਰਫ਼ ਭਾਰਤੀਆਂ ਤੋਂ ਅਰਜ਼ੀਆਂ ਮੰਗਣ ਦੇ ਦੋਸ਼ ਵਿਚ 25,500 ਡਾਲਰ ਦਾ ਜੁਰਮਾਨਾ ਲਗਾਇਆ ਗਿਆ ਹੈ। ਨਿਆਂ ਵਿਭਾਗ ਨੇ ਦੋਸ਼ ਲਾਇਆ ਕਿ ਸੂਚਨਾ ਤਕਨਾਲੋਜੀ (ਆਈ.ਟੀ.) ਕੰਪਨੀ ਇਨਫੋਸੌਫਟ ਸੋਲਿਊਸ਼ਨਜ਼ ਇੰਕ ਨੇ ਛੇ ਪੱਖਪਾਤੀ ਨੌਕਰੀਆਂ ਦੇ ਇਸ਼ਤਿਹਾਰ ਪੋਸਟ ਕਰਕੇ ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਐਕਟ (ਆਈ.ਐੱਨ.ਏ.) ਦੀ ਉਲੰਘਣਾ ਕੀਤੀ ਹੈ। ਇਸ਼ਤਿਹਾਰਾਂ ਵਿਚ ਕਥਿਤ ਤੌਰ 'ਤੇ ਸਿਰਫ ਗੈਰ-ਅਮਰੀਕੀ ਨਾਗਰਿਕਾਂ ਤੋਂ ਅਰਜ਼ੀਆਂ ਮੰਗੀਆਂ ਗਈਆਂ ਸਨ ਅਤੇ ਇੱਕ ਵਿਗਿਆਪਨ ਵਿਚ ਸਿਰਫ ਭਾਰਤੀਆਂ ਨੂੰ ਅਰਜ਼ੀ ਦੇਣ ਲਈ ਕਿਹਾ ਗਿਆ ਸੀ।

# ਐੱਨ.ਆਈ.ਏ. ਵਲੋਂ ਭਾਰਤ ਦੇ 28 ਮੋਸਟ ਵਾਂਟੇਡ ਗੈਂਗਸਟਰਾਂ ਦੀ ਲਿਸਟ ਜਾਰੀ



- 14 ਦੇਸ਼ਾਂ ਤੋਂ ਦੇ ਰਹੇ ਨੇ ਵਾਰਦਾਤਾਂ ਨੂੰ ਅੰਜ਼ਾਮ ਦੇ ਰਹੇ ਨੇ ਗੈਂਗ
- ਹਵਾਲਗੀ ਦੀ ਕੋਸ਼ਿਸ਼ 'ਚ ਜੁੱਟੀ ਕੇਂਦਰ ਸਰਕਾਰ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਦੇ ਮੋਸਟ ਵਾਂਟੇਡ ਗੈਂਗਸਟਰ ਵਿਦੇਸ਼ਾਂ ਵਿਚ ਲੁੱਕੇ ਹੋਏ ਹਨ ਅਤੇ ਵਾਰਦਾਤਾਂ ਨੂੰ ਅੰਜ਼ਾਮ ਦੇ ਰਹੇ ਹਨ। ਇਹ ਗੈਂਗਸਟਰ ਆਪਣੇ ਗੁਰਗਿਆਂ ਜ਼ਰੀਏ ਦੇਸ਼ ਵਿਚ ਕਤਲ ਅਤੇ ਹਥਿਆਰਾਂ ਦੀ ਤਸਕਰੀ ਦਾ ਕੰਮ ਕਰ ਰਹੇ ਹਨ। ਦੇਸ਼ ਭਰ ਵਿਚ ਰਾਸ਼ਟਰੀ ਜਾਂਚ ਏਜੰਸੀ (ਐੱਨ.ਆਈ.ਏ.) ਹੋਰ ਏਜੰਸੀਆਂ ਨਾਲ ਮਿਲ ਕੇ ਗੈਂਗਸਟਰਾਂ ਖ਼ਿਲਾਫ਼ ਕਾਰਵਾਈ ਕਰ ਰਹੀ ਹੈ। ਹਾਲ ਹੀ 'ਚ ਐੱਨ.ਆਈ.ਏ. ਨੇ ਅਜਿਹੇ 28 ਗੈਂਗਸਟਰਾਂ ਦੀ ਲਿਸਟ ਵੀ ਜਾਰੀ ਕੀਤੀ ਹੈ।

ਇਹ 28 ਗੈਂਗਸਟਰ ਅਜਿਹੇ ਹਨ, ਜੋ ਵਿਦੇਸ਼ ਦੌੜ ਜਾਣ ਕਾਰਨ ਪਕੜ ਤੋਂ ਬਾਹਰ ਹਨ। ਵਾਂਟੇਡ ਗੈਂਗਸਟਰਾਂ ਵਿਚੋਂ ਸਭ ਤੋਂ ਜ਼ਿਆਦਾ 9 ਕੈਨੇਡਾ ਵਿਚ ਲੁੱਕੇ ਹੋਏ ਹਨ। ਉਸ ਤੋਂ ਇਲਾਵਾ 5 ਅਮਰੀਕਾ 'ਚ ਵੀ ਹਨ। ਵਾਂਟੇਡ ਗੈਂਗਸਟਰਾਂ ਦੀ ਲਿਸਟ ਹਾਲ ਹੀ ਵਿਚ ਐੱਨ.ਆਈ.ਏ. ਨੂੰ ਸੌਂਪੀ ਗਈ ਸੀ, ਤਾਂ ਕਿ ਭਾਰਤ ਸਰਕਾਰ ਹੋਰ ਦੇਸ਼ਾਂ ਨਾਲ ਮਿਲ ਕੇ ਦੇਸ਼ ਹਵਾਲਗੀ ਕਰਵਾ ਸਕੇ। ਇਸ ਤੋਂ ਬਾਅਦ ਵਿਦੇਸ਼ ਮੰਤਰਾਲਾ ਇਨ੍ਹਾਂ ਨੂੰ ਫੜਨ ਲਈ ਸਰਗਰਮ ਹੋ ਗਿਆ ਹੈ।

ਐੱਨ.ਆਈ.ਏ. ਵਲੋਂ ਜਾਰੀ ਕੀਤੀ ਗਈ 28 ਗੈਂਗਸਟਰਾਂ ਦੀ ਲਿਸਟ 'ਚ ਪਹਿਲੇ ਨੰਬਰ 'ਤੇ ਗੋਲਡੀ ਬਰਾੜ ਦਾ ਨਾਮ ਹੈ ਜੋ ਕਿ ਮੂਲ ਰੂਪ 'ਚ ਪੰਜਾਬ ਦਾ ਹੈ ਅਤੇ ਅਮਰੀਕਾ 'ਚ ਲੁੱਕਿਆ ਹੈ। ਦੂਜੇ ਨੰਬਰ 'ਤੇ ਅਨਮੋਲ ਬਿਸ਼ਨੋਈ ਹੈ, ਜੋ ਕਿ ਜੇਲ੍ਹ 'ਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਭਰਾ ਹੈ ਅਤੇ ਅਮਰੀਕਾ ਵਿਚ ਹੈ ਤੇ ਗੈਂਗਸਟਰਾਂ ਨੂੰ ਹਥਿਆਰ ਮੁਹੱਈਆ ਕਰਾਉਂਦਾ ਹੈ।

ਇਸ ਤੋਂ ਇਲਾਵਾ 3. ਕੁਲਦੀਪ ਸਿੰਘ (ਯੂ.ਏ.ਈ. ਵਿਚ ਲੁਕਿਆ ਹੈ), 4. ਜਗਜੀਤ ਸਿੰਘ (ਇਸ ਵੇਲੇ ਮਲੇਸ਼ੀਆ 'ਚ ਰਹਿ ਰਿਹਾ ਹੈ), 5. ਧਰਮਨ ਕਾਹਲੋਂ (ਅਸਲੀ ਨਾਂ ਦਰਮਨਜੀਤ ਸਿੰਘ ਹੈ ਤੇ ਅਮਰੀਕਾ 'ਚ ਲੁਕਿਆ ਹੋਇਆ ਹੈ), 6. ਰੋਹਿਤ ਗੋਦਾਰਾ (ਇਸ ਵੇਲੇ ਯੂਰਪ 'ਚ ਲੁਕਿਆ ਹੈ), 7. ਗੁਰਵਿੰਦਰ ਸਿੰਘ (ਕੈਨੇਡਾ ਵਿਚ ਲੁਕਿਆ ਹੈ), 8. ਸਚਿਨ ਥਾਪਨ (ਇਸ ਸਮੇਂ ਅਜ਼ਰਬਾਈਜਾਨ 'ਚ ਲੁਕਿਆ ਹੈ), 9. ਸਤਵੀਰ ਸਿੰਘ (ਪੰਜਾਬ ਦਾ ਮੂਲ ਨਿਵਾਸੀ ਤੇ ਕੈਨੇਡਾ 'ਚ ਲੁਕਿਆ ਹੈ), 10. ਸਨੋਵਰ ਢਿੱਲੋਂ (ਕੈਨੇਡਾ ਵਿਚ ਲੁਕਿਆ ਹੋਇਆ ਹੈ), 11. ਰਾਜੇਸ਼ ਕੁਮਾਰ - (ਬ੍ਰਾਜ਼ੀਲ ਵਿਚ ਲੁਕਿਆ ਹੋਇਆ ਹੈ), 12. ਗੁਰਪਿੰਦਰ ਸਿੰਘ (ਕੈਨੇਡਾ ਵਿਚ ਲੁਕਿਆ ਹੋਇਆ ਹੈ), 13. ਹਰਜੋਤ ਸਿੰਘ ਗਿੱਲ (ਇਸ ਸਮੇਂ ਅਮਰੀਕਾ ਵਿਚ ਲੁਕਿਆ ਹੈ), 14. ਦਰਮਨਜੀਤ ਸਿੰਘ ਉਰਫ਼ ਦਰਮਨ ਕਾਹਲੋਂ (ਅਮਰੀਕਾ ਵਿਚ ਲੁਕਿਆ ਹੈ), 15. ਅੰਮ੍ਰਿਤ ਬਾਲ (ਅਮਰੀਕਾ ਵਿਚ ਲੁਕਿਆ ਹੈ), 16. ਸੁਖਦੁਲ ਸਿੰਘ ਉਰਫ ਸੁੱਖਾ ਦੁੱਨੇਕੇ (ਕੈਨੇਡਾ ਵਿਚ ਲੁਕਿਆ ਹੋਇਆ ਹੈ), 17. ਗੁਰਪਿੰਦਰ ਸਿੰਘ ਉਰਫ ਬਾਬਾ ਡੱਲਾ (ਕੈਨੇਡਾ ਵਿਚ ਲੁਕਿਆ ਹੈ), 18. ਸਤਵੀਰ ਸਿੰਘ ਵੜਿੰਗ ਉਰਫ ਸੈਮ (ਕੈਨੇਡਾ ਵਿਚ ਰਹਿ ਰਿਹਾ ਹੈ), 19 ਲਖਬੀਰ ਸਿੰਘ ਲੰਡਾ (ਕੈਨੇਡਾ ਵਿਚ ਲੁਕਿਆ ਹੋਇਆ ਹੈ), 20 ਅਰਸ਼ਦੀਪ ਸਿੰਘ ਉਰਫ਼ ਅਰਸ਼ ਡਲਾ (ਕੈਨੇਡਾ ਵਿਚ ਲੁਕਿਆ ਹੋਇਆ ਹੈ), 21. ਚਰਨਜੀਤ ਸਿੰਘ ਉਰਫ਼ ਰਿੰਕੂ ਬਿਹਲਾ (ਕੈਨੇਡਾ ਵਿਚ ਲੁਕਿਆ ਹੋਇਆ ਹੈ), 22. ਰਮਨਦੀਪ ਸਿੰਘ ਉਰਫ਼ ਰਮਨ ਜੱਜ (ਕੈਨੇਡਾ ਵਿਚ ਲੁਕਿਆ ਹੋਇਆ ਹੈ), 23. ਗੌਰਵ ਪਟਿਆਲ ਉਰਫ ਲੱਕੀ ਪਟਿਆਲ (ਅਰਮੇਨੀਆ ਵਿਚ ਲੁਕਿਆ ਹੋਇਆ ਹੈ), 24. ਸੁਪ੍ਰੀਪ ਸਿੰਘ ਹੈਰੀ ਚੱਠਾ - (ਜਰਮਨੀ ਵਿਚ ਲੁਕਿਆ ਹੋਇਆ ਹੈ), 25. ਰਮਨਜੀਤ ਸਿੰਘ ਉਰਮ ਰੋਮੀ (ਹਾਂਗਕਾਂਗ ਵਿਚ ਲੁਕਿਆ ਹੋਇਆ ਹੈ), 26. ਮਨਪ੍ਰੀਤ ਸਿੰਘ- (ਇਸ ਸਮੇਂ ਫਿਲਪੀਨਜ਼ ਵਿਚ ਰਹਿ ਰਿਹਾ ਹੈ), 27. ਗੁਰਜੰਟ ਸਿੰਘ ਉਰਫ ਜੰਟਾ (ਆਸਟ੍ਰੇਲੀਆ ਵਿਚ ਰਹਿ ਰਿਹਾ ਹੈ) ਅਤੇ 28. ਸੰਦੀਪ ਗਰੇਵਾਲ ਉਰਫ ਬਿੱਲਾ ਉਰਫ ਸੰਨੀ ਖਵਾਜਕੇ ਜੋ ਕਿ ਇੰਡੋਨੇਸ਼ੀਆ ਵਿਚ ਲੁਕਿਆ ਹੋਇਆ ਹੈ।

Global Allianz
LAW FIRM LLP
ਕਾਨੂੰਨੀ ਸਲਾਹਾਂ
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# 2 ਦਹਾਕਿਆਂ ਮਗਰੋਂ ਮੁੜ ਉਭਰਿਆ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਦਾ ਮਾਮਲਾ ਮੁੜ ਭਖਿਆ

**■ ਸੇਵਾਮੁਕਤੀ ਅਤੇ ਕਾਰਜ ਖੇਤਰ ਸਬੰਧੀ ਨਿਯਮ ਬਣਾਉਣ ਸਬੰਧੀ ਹੋਵੇਗਾ ਕਮੇਟੀ ਦਾ ਗਠਨ**

**ਅੰਮ੍ਰਿਤਸਰ, (ਪੰਜਾਬ ਮੇਲ)**-ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ ਅਤੇ ਕਾਰਜ ਖੇਤਰ ਸਬੰਧੀ ਨਿਯਮ ਬਣਾਉਣ ਦਾ ਮਾਮਲਾ ਦੋ ਦਹਾਕਿਆਂ ਬਾਅਦ ਮੁੜ ਉਭਰਿਆ ਹੈ। ਇਸ ਵਾਰ ਵੀ ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਬਾਰੇ ਇਕ ਵਿਸ਼ੇਸ਼ ਕਮੇਟੀ ਬਣਾਉਣ ਦਾ ਐਲਾਨ ਕੀਤਾ ਗਿਆ ਹੈ, ਜਦਕਿ ਪਹਿਲਾਂ ਵੀ ਇਸ ਸਬੰਧੀ ਕਮੇਟੀ ਬਣੀ ਸੀ ਪਰ ਮਾਮਲਾ ਠੰਡੇ ਬਸਤੇ ਵਿਚ ਪਾ ਦਿੱਤਾ ਗਿਆ ਸੀ।

ਇਹ ਮਾਮਲਾ ਹੁਣ ਉਸ ਵੇਲੇ ਮੁੜ ਉਭਰਿਆ ਹੈ ਜਦੋਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਬੀਤੇ ਦਿਨੀਂ ਸੰਸਦ ਮੈਂਬਰ ਰਾਘਵ ਚੱਢਾ ਅਤੇ ਬੌਲੀਵੁਡ ਅਦਾਕਾਰਾ ਪਰਿਨੀਤੀ ਚੋਪੜਾ ਦੇ ਮੰਗਣੀ ਸਮਾਰੋਹ ਵਿਚ ਸ਼ਿਰਕਤ ਕੀਤੀ। ਉਨ੍ਹਾਂ ਨੇ ਇਸ ਸਮਾਗਮ ਵਿਚ ਵਿਆਹ ਕਰਵਾਉਣ ਵਾਲੀ ਨਵੀਂ ਜੋੜੀ ਨੂੰ ਆਸ਼ੀਰਵਾਦ ਦਿੱਤਾ।

ਇਸ ਸਬੰਧੀ ਜਦੋਂ ਤਸਵੀਰਾਂ ਸੋਸ਼ਲ ਮੀਡੀਆ ’ਤੇ ਜਨਤਕ ਹੋਈਆ ਤਾਂ ਸੋਸ਼ਲ ਮੀਡੀਆ ’ਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਆਲੋਚਨਾ ਕੀਤੀ ਗਈ, ਜਿਸ ਤੋਂ ਬਾਅਦ ਇਹ ਮਾਮਲਾ ਮੁੜ ਉਭਰਿਆ ਕਿ ਜਥੇਦਾਰਾਂ ਦੇ ਕਾਰਜ ਖੇਤਰ ਅਤੇ ਹੋਰ ਲੋੜੀਂਦੇ ਮਾਮਲਿਆਂ ਤੇ ਗਤੀਵਿਧੀਆਂ ਸਬੰਧੀ ਨਿਯਮ ਹੋਣੇ ਚਾਹੀਦੇ ਹਨ। ਇਹ ਮਾਮਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਿਚ ਵਿਚਾਰਿਆ ਗਿਆ ਹੈ, ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਐਲਾਨ ਕੀਤਾ ਕਿ ਜਲਦੀ ਹੀ ਇਸ ਸਬੰਧ ਵਿਚ ਨਿਯਮ ਨਿਰਧਾਰਤ ਕਰਨ ਲਈ ਇਕ ਕਮੇਟੀ ਬਣਾਈ ਜਾਵੇਗੀ, ਜੋ ਇਸ ਸਬੰਧੀ ਸਿੱਖ ਵਿਦਵਾਨਾਂ, ਸੰਪਰਦਾਵਾਂ ਅਤੇ ਹੋਰਨਾਂ ਨਾਲ ਗੱਲਬਾਤ ਕਰਕੇ ਸ਼੍ਰੋਮਣੀ ਕਮੇਟੀ ਨੂੰ ਆਪਣੀ ਰਿਪੋਰਟ ਦੇਵੇਗੀ। ਇਹ ਮਾਮਲਾ ਹੁਣ ਹਾਲ ਹੀ ਵਿਚ ਸਿੱਖ ਜਥੇਬੰਦੀ ਦਲ ਖਾਲਸਾ ਵੱਲੋਂ ਵੀ ਉਭਾਰਿਆ ਗਿਆ ਸੀ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਤੋਂ ਪਹਿਲਾਂ ਦਲ ਖਾਲਸਾ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਗਈ ਸੀ ਕਿ ਸਿੱਖ ਮਾਹਿਰਾਂ ਤੇ ਵਿਦਵਾਨਾਂ ਦੀ ਰਾਇ ਨਾਲ ਤਖ਼ਤਾਂ ਦੇ ਜਥੇਦਾਰਾਂ ਲਈ ਪੰਥ ਪ੍ਰਵਾਨਿਤ ਨਿਯਮ ਬਣਾਏ ਜਾਣ।

ਜਥੇਬੰਦੀ ਦੇ ਆਗੂ ਕੰਵਰਪਾਲ ਸਿੰਘ ਨੇ ਆਖਿਆ ਸੀ ਕਿ ਅਕਾਲ ਤਖ਼ਤ ਸਰਵਉੱਚ ਹੈ ਅਤੇ ਇਸ ਦੀ ਸਰਵਉਚਤਾ ਤੇ ਪ੍ਰਭੂਸੱਤਾ ਨੂੰ ਚੁਣੌਤੀ ’ਤੇ ਸਵਾਲ ਨਹੀਂ ਕੀਤੇ ਜਾ ਸਕਦੇ ਪਰ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ ਅਧਿਕਾਰ ਅਤੇ ਕਾਰਜ ਖੇਤਰ ਬਾਰੇ ਕੋਈ ਪੰਥ ਪ੍ਰਵਾਨਿਤ ਨਿਯਮ ਨਾ ਹੋਣ ਕਾਰਨ ਕੌਮ ਨੂੰ ਕਈ ਵਾਰ ਨਮੋਸ਼ੀ ਅਤੇ ਸੰਕਟ ਦਾ ਸਾਹਮਣਾ ਕਰਨਾ ਪੈਂਦਾ ਹੈ। ਦੱਸਣਾ ਬਣਦਾ ਹੈ ਕਿ ਸਿੱਖ ਜਥੇਬੰਦੀ ਦਲ ਖਾਲਸਾ ਵੱਲੋਂ ਮਾਰਚ 2008 ਵਿਚ ਇਸ ਸਬੰਧੀ ਇਕ ਖਰੜਾ ਵੀ ਤਿਆਰ ਕੀਤਾ ਗਿਆ ਸੀ। ਜਥੇਬੰਦੀ ਵੱਲੋਂ 2005 ਤੋਂ ਲੈ ਕੇ 2007 ਤੱਕ ਇਸ ਸਬੰਧੀ ਵੱਖ-ਵੱਖ ਥਾਵਾਂ ’ਤੇ ਸੈਮੀਨਾਰ ਕੀਤੇ ਗਏ ਅਤੇ ਵਿਦਵਾਨਾਂ ਦੀ ਰਾਏ ਲੈ ਕੇ ਖਰੜਾ ਬਣਾਇਆ ਗਿਆ।

# ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰਾਂ ਦੀ ਨਿਯੁਕਤੀ ਤੇ ਸੇਵਾਮੁਕਤੀ ਸੰਬੰਧੀ ਨਿਯਮ ਲਈ ਵਿਸ਼ੇਸ਼ ਕਮੇਟੀ ਬਣਾਉਣ ਦਾ ਫੈਸਲਾ



ਅੰਮ੍ਰਿਤਸਰ ਵਿਚ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਹਰਜਿੰਦਰ ਸਿੰਘ ਧਾਮੀ।

**ਅੰਮ੍ਰਿਤਸਰ, (ਪੰਜਾਬ ਮੇਲ)**-ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਹੋਈ ਮੀਟਿੰਗ ਵਿਚ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ ਤੇ ਕਾਰਜਖੇਤਰ ਸਬੰਧੀ ਨਿਯਮ ਨਿਰਧਾਰਨ ਕਰਨ ਬਾਰੇ ਇਕ ਵਿਸ਼ੇਸ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਦੇ ਨਾਲ ਹੀ ਮੀਟਿੰਗ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ ’ਤੇ ਸ਼ੋਕ ਮਤਾ ਪਾਸ ਕਰਕੇ ਸ਼ਰਧਾਂਜਲੀ ਦਿੱਤੀ ਗਈ।

ਜਾਣਕਾਰੀ ਅਨੁਸਾਰ ਮੀਟਿੰਗ ਵਿਚ ਰੋਜ਼ਾਨਾ ਪੰਜਾਬ ਵਿਚ ਵਾਪਰ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਪ੍ਰਤੀ ਡੂੰਘੀ ਚਿੰਤਾ ਜ਼ਾਹਰ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਇਨ੍ਹਾਂ ਬੇਅਦਬੀ ਦੀਆਂ ਘਟਨਾਵਾਂ ਨੂੰ ਠੱਲ੍ਹਣ ਲਈ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਲਈ ਤੁਰੰਤ ਕਾਰਵਾਈ ਕੀਤੀ ਜਾਵੇ। ਮੀਟਿੰਗ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮੀਟਿੰਗ ਵਿਚ ਦਿੱਲੀ ਸਥਿਤ ਜੰਤਰ-ਮੰਤਰ ’ਤੇ ਧਰਨਾ ਦੇ ਰਹੀਆਂ ਮਹਿਲਾ ਪਹਿਲਵਾਨਾਂ ਦੇ ਧਰਨੇ ਨੂੰ ਸਮਰਥਨ ਦੇਣ ਦਾ ਫ਼ੈਸਲਾ ਲਿਆ ਗਿਆ ਹੈ ਤੇ ਇਨ੍ਹਾਂ ਖਿਡਾਰਨਾਂ ਨੂੰ ਮਿਲਣ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਇਕ ਵਫ਼ਦ ਦਿੱਲੀ ਭੇਜਿਆ ਜਾਵੇਗਾ।

ਮੀਟਿੰਗ ਦੌਰਾਨ ਫ਼ੈਸਲਾ ਲਿਆ ਗਿਆ ਹੈ ਕਿ ਸਿੱਖਾਂ ਖ਼ਿਲਾਫ਼ ਕੂੜ ਪ੍ਰਚਾਰ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਤੇ ਇਸ ਸਬੰਧੀ ਸਬੂਤਾਂ ਸਮੇਤ ਕੇਂਦਰ ਸਰਕਾਰ ਕੋਲ ਸ਼ਿਕਾਇਤ ਕੀਤੀ ਜਾਵੇਗੀ ਤੇ ਜੇਕਰ ਕੋਈ ਕਾਰਵਾਈ ਨਹੀਂ ਹੁੰਦੀ, ਤਾਂ ਅਦਾਲਤ ਤੱਕ ਪਹੁੰਚ ਕੀਤੀ ਜਾਵੇਗੀ। ਉਨ੍ਹਾਂ ਰੋਸ ਜ਼ਾਹਰ ਕੀਤਾ ਕਿ ਸੂਬੇ ’ਚ ਨਿਤ ਵਾਪਰ ਰਹੀਆਂ ਇਨ੍ਹਾਂ ਘਟਨਾਵਾਂ ਪ੍ਰਤੀ ਸੂਬਾ ਸਰਕਾਰ ਬਿਲਕੁਲ ਵੀ ਗੰਭੀਰ ਨਹੀਂ ਹੈ। ਇਸ ਲਈ ਇਹ ਮਸਲਾ ਹੁਣ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਰੱਖਿਆ ਜਾਵੇਗਾ।

ਗੁਰਦੁਆਰਾ ਗੁਰੂ ਡਾਂਗਮਾਰ ਸਿੱਕਮ ਅਤੇ ਗੁਰਦੁਆਰਾ ਤਪ-ਅਸਥਾਨ ਗੁਰੂ ਨਾਨਕ ਦੇਵ ਮੇਚੁਕਾ ਅਰੁਣਾਚਲ ਪ੍ਰਦੇਸ਼ ਦੇ ਮਾਮਲਿਆਂ ਸਬੰਧੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਕਮੇਟੀਆਂ ਬਣਾਈਆਂ ਗਈਆਂ ਹਨ, ਜੋ ਸਬੰਧਤ ਸਰਕਾਰਾਂ ਨਾਲ ਗੱਲ ਕਰਨ ਲਈ ਜਾਣਗੀਆਂ।

# ਹਰ ਸਾਲ 10 ਅਰਬ ਡਾਲਰ ਦਾ ਭਾਰਤੀ ਸਾਮਾਨ ਖਰੀਦੇਗੀ ਵਾਲਮਾਰਟ

**ਨਵੀਂ ਦਿੱਲੀ, (ਪੰਜਾਬ ਮੇਲ)**- ਅੰਤਰਰਾਸ਼ਟਰੀ ਬਾਜ਼ਾਰ ’ਚ ਵੱਡੀਆਂ-ਵੱਡੀਆਂ ਕੰਪਨੀਆਂ ਭਾਰਤ ਤੋਂ ਸਾਮਾਨ ਮੰਗਾ ਰਹੀਆਂ ਹਨ। ਇਸ ਕ੍ਰਮ ’ਚ ਵਾਲਮਾਰਟ ਭਾਰਤ ਤੋਂ ਵੱਡੇ ਪੈਮਾਨੇ ਉੱਤੇ ਸਾਮਾਨ ਖਰੀਦਣ ਦੀ ਤਿਆਰੀ ਕਰ ਰਹੀ ਹੈ। ਵਾਲਮਾਰਟ ਰੈਵੇਨਿਊ ਦੇ ਲਿਹਾਜ਼ ਨਾਲ ਦੁਨੀਆਂ ਦੀ ਸਭ ਤੋਂ ਵੱਡੀ ਕੰਪਨੀ ਹੈ। ਅਮਰੀਕਾ ਦੀ ਇਹ ਦਿੱਗਜ ਰਿਟੇਲ ਕੰਪਨੀ ਭਾਰਤੀ ਸਪਲਾਇਰਜ਼ ਤੋਂ ਖਿਡੌਣੇ, ਜੁੱਤੇ ਅਤੇ ਸਾਈਕਲ ਖਰੀਦਣ ਉੱਤੇ ਵਿਚਾਰ ਕਰ ਰਹੀ ਹੈ। ਕੰਪਨੀ ਦਾ ਟੀਚਾ ਭਾਰਤ ਤੋਂ ਆਪਣੀ ਬਰਾਮਦ 2027 ਤੱਕ ਵਧਾ ਕੇ 10 ਅਰਬ ਡਾਲਰ ਕਰਨ ਦਾ ਹੈ। ਕੰਪਨੀ ਨਾਲ ਹੀ ਫੂਡ, ਫਾਰਮਾਸਿਊਟੀਕਲਸ, ਮੈਡੀਕਲ, ਕੱਪੜੇ ਆਦਿ ਸ਼੍ਰੇਣੀਆਂ ’ਚ ਨਵੇਂ ਸਪਲਾਇਰਜ਼ ਤਿਆਰ ਕਰਨਾ ਚਾਹੁੰਦੀ ਹੈ। ਆਈਕਿਆ ਵਰਗੀਆਂ ਕੌਮਾਂਤਰੀ ਪ੍ਰਚੂਨ ਕੰਪਨੀਆਂ ਪਹਿਲਾਂ ਤੋਂ ਹੀ ਆਪਣੇ ਅੰਤਰਰਾਸ਼ਟਰੀ ਬਾਜ਼ਾਰ ਲਈ ਭਾਰਤ ਤੋਂ ਖਿਡੌਣਿਆਂ ਦੀ ਖਰੀਦ ਕਰ ਰਹੀਆਂ ਹਨ।

# ਬਹਿਬਲ ਗੋਲੀ ਕਾਂਡ: ਅਦਾਲਤ ਵੱਲੋਂ ਸੁਣਵਾਈ 1 ਜੁਲਾਈ ਤੱਕ ਮੁਲਤਵੀ


**ਫਰੀਦਕੋਟ, (ਪੰਜਾਬ ਮੇਲ)**- 2015 ’ਚ ਵਾਪਰੇ ਬੇਅਦਬੀ ਮਾਮਲੇ ਨਾਲ ਜੁੜੇ ਬਹਿਬਲ ਗੋਲੀਕਾਂਡ ਕੇਸ ਦੀ ਸੁਣਵਾਈ ਵਧੀਕ ਸੈਸ਼ਨ ਜੱਜ ਰਾਜੀਵ ਕਾਲੜਾ ਦੀ ਅਦਾਲਤ ’ਚ ਹੋਣੀ ਸੀ ਪਰ ਸਟੇਟਸ ਰਿਪੋਰਟ ਨਾ ਆਉਣ ਕਾਰਨ ਬੀਤੇ ਦਿਨੀਂ ਇਸ ਦੀ ਸੁਣਵਾਈ ਨਹੀਂ ਹੋ ਸਕੀ, ਜਿਸ ’ਤੇ ਅਦਾਲਤ ਵੱਲੋਂ ਸੁਣਵਾਈ 1 ਜੁਲਾਈ ਤੱਕ ਮੁਲਤਵੀ ਕਰ ਦਿੱਤੀ ਗਈ ਹੈ। ਸੁਣਵਾਈ ਦੌਰਾਨ ਸਾਬਕਾ ਐੱਸ.ਐੱਚ.ਓ. ਬਾਜਾਖਾਨਾ ਅਮਰਜੀਤ ਸਿੰਘ ਕੁਲਾਰ ਅਦਾਲਤ ’ਚ ਪੇਸ਼ ਹੋਏ, ਜਦਕਿ ਮੋਗਾ ਦੇ ਸਾਬਕਾ ਐੱਸ.ਐੱਸ.ਪੀ. ਚਰਨਜੀਤ ਸ਼ਰਮਾ, ਐੱਸ.ਪੀ. ਬਿਕਰਮਜੀਤ ਸਿੰਘ, ਕਾਰੋਬਾਰੀ ਪੰਕਜ ਬਾਂਸਲ, ਸੁਹੇਲ ਸਿੰਘ ਬਰਾੜ, ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਅਦਾਲਤ ਵਿਚ ਪੇਸ਼ ਨਹੀ ਹੋਏ।




# ਪੰਜਾਬ ਸਰਕਾਰ ਨੇ ਮਾਤ ਭਾਸ਼ਾ ਪੰਜਾਬੀ ਨੂੰ ਵਿਸਾਰ ਕੇ ਅੰਗਰੇਜ਼ੀ ਨੂੰ ਪਟਰਾਨੀ ਬਣਾਇਆ!

■ **ਉਦਘਾਟਨਾਂ ਮੌਕੇ ਲਗਾਈਆਂ ਜਾਣ ਵਾਲੀਆਂ ਸੂਚਨਾ ਤਖ਼ਤੀਆਂ 'ਤੇ ਜਾਣਕਾਰੀ ਅੰਗਰੇਜ਼ੀ ਵਿਚ**

**ਅੰਮ੍ਰਿਤਸਰ, (ਪੰਜਾਬ ਮੇਲ)-** ਵਿਰਾਸਤ ਪ੍ਰੇਮੀਆਂ ਵੱਲੋਂ ਵਿਰਾਸਤੀ ਅਤੇ ਇਤਿਹਾਸਕ ਸਮਾਰਕਾਂ ਦੇ ਬਾਹਰ ਅੰਗਰੇਜ਼ੀ 'ਚ ਲਗਾਏ ਸੂਚਨਾ ਬੋਰਡਾਂ ਨੂੰ ਹਟਾ ਕੇ ਉੱਥੇ ਪੰਜਾਬੀ 'ਚ ਲਿਖੀਆਂ ਤਖ਼ਤੀਆਂ ਲਗਾਉਣ ਦੀ ਕਈ ਵਾਰ ਮੰਗ ਕੀਤੀ ਜਾ ਚੁੱਕੀ ਹੈ ਪਰ ਅਜੇ ਵੀ ਸੂਬੇ ਦੀ ਮਾਨ ਸਰਕਾਰ ਵੱਲੋਂ ਤਖ਼ਤੀਆਂ 'ਤੇ ਆਦਤਨ ਅਤੇ ਮਾਂ-ਬੋਲੀ ਨਾਲ 'ਖੁੰਧਕ' ਦੇ ਚੱਲਦਿਆਂ ਮਾਤ ਭਾਸ਼ਾ ਪੰਜਾਬੀ ਨੂੰ ਵਿਸਾਰਦਿਆਂ ਅੰਗਰੇਜ਼ੀ ਨੂੰ ਪਟਰਾਨੀ ਬਣਾਇਆ ਗਿਆ ਹੈ, ਭਾਵ ਇਨ੍ਹਾਂ ਤਖ਼ਤੀਆਂ 'ਤੇ ਸਾਰੀ ਜਾਣਕਾਰੀ ਕੇਵਲ ਅੰਗਰੇਜ਼ੀ ਭਾਸ਼ਾ 'ਚ ਹੀ ਲਿਖੀ ਗਈ ਹੈ। ਵਿਰਾਸਤ ਪ੍ਰੇਮੀਆਂ ਦੀਪ ਦਵਿੰਦਰ, ਕਪਿਲ ਅਗਰਵਾਲ, ਹਰਮਿੰਦਰ ਸਿੰਘ, ਪ੍ਰੋ. ਜਗਦੀਪ ਸਿੰਘ ਆਦਿ ਦਾ ਕਹਿਣਾ ਹੈ ਕਿ ਜਿੱਥੇ ਇਕ ਪਾਸੇ ਪੰਜਾਬ ਦੇ ਮੁੱਖ ਮੰਤਰੀ ਵਲੋਂ ਸੂਬੇ ਭਰ 'ਚ ਸਾਰੀਆਂ ਸੂਚਨਾ ਤਖ਼ਤੀਆਂ 'ਤੇ ਪੰਜਾਬੀ ਭਾਸ਼ਾ ਲਿਖਣ ਦੀ ਮੁਹਿੰਮ ਨੂੰ ਲੋਕ ਲਹਿਰ ਬਣਾਉਣ ਦੇ ਲੰਬੇ-ਚੌੜੇ ਦਾਅਵੇ ਕੀਤੇ ਜਾ ਰਹੇ ਹਨ, ਉੱਥੇ ਹੀ ਦੂਜੇ ਪਾਸੇ ਅਜੇ ਵੀ ਸੂਬਾ ਸਰਕਾਰ ਵਲੋਂ ਵਿਰਾਸਤੀ ਸਮਾਰਕਾਂ ਦੇ ਕੀਤੇ ਜਾ ਰਹੇ ਉਦਘਾਟਨਾਂ ਮੌਕੇ ਲਗਾਈਆਂ ਜਾਣ ਵਾਲੀਆਂ ਸੂਚਨਾ ਤਖ਼ਤੀਆਂ ਅਤੇ ਹੋਰਨਾਂ ਹੋਰਡਿੰਗਜ਼ 'ਤੇ ਮਾਤ ਭਾਸ਼ਾ ਪੰਜਾਬੀ ਨਾਲ ਬੇਗਾਨਿਆਂ ਵਾਲਾ ਵਰਤਾਓ ਕੀਤਾ ਜਾ ਰਿਹਾ ਹੈ।



ਅੱਪਰਬਾਰੀ ਦੋਆਬ ਨਹਿਰ 'ਤੇ ਪਬਲਿਕ ਪਾਰਕ ਦੇ ਬਾਹਰ ਅੰਗਰੇਜ਼ੀ ਵਿਚ ਲਾਏ ਉਦਘਾਟਨੀ ਬੋਰਡ ਦੀ ਤਸਵੀਰ।

ਪੰਜਾਬੀ ਹੈਰੀਟੇਜ ਫਾਊਂਡੇਸ਼ਨ ਦੀ ਪ੍ਰਧਾਨ ਡਾ. ਸੁਰਿੰਦਰ ਕੌਰ ਕੰਵਲ ਨੇ ਕਿਹਾ ਕਿ ਪਿਛਲੇ ਦਿਨੀਂ ਪੰਜਾਬ ਸਕਾਰ ਦੇ ਕੈਬਨਿਟ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਵਲੋਂ ਵਿਧਾਇਕਾ ਜੀਵਨਜੋਤ ਕੌਰ ਅਤੇ ਨਗਰ ਨਿਗਮ ਕਮਿਸ਼ਨਰ ਸੰਦੀਪ ਰਿਸ਼ੀ ਦੀ ਹਾਜ਼ਰੀ 'ਚ ਹਾਈਡ੍ਰੋਇਲੈਕਟ੍ਰਿਕ ਪਲਾਂਟ ਦੀ ਅੰਗਰੇਜ਼ੀ ਰਾਜ ਵੇਲੇ ਬਣੀ ਇਮਾਰਤ 'ਚ ਉਸਾਰੇ ਪਬਲਿਕ ਪਾਰਕ ਦੇ ਉਦਘਾਟਨ ਨਾਲ ਸੰਬੰਧਿਤ ਜੋ ਸੂਚਨਾ ਬੋਰਡ ਲਗਾਇਆ ਗਿਆ ਹੈ, ਉਸ 'ਤੇ ਸਾਰੀ ਜਾਣਕਾਰੀ ਕੇਵਲ ਅੰਗਰੇਜ਼ੀ 'ਚ ਲਿਖੀ ਗਈ ਹੈ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਦੇ ਸੈਰ-ਸਪਾਟਾ ਵਿਭਾਗ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵੱਲੋਂ ਉਸਾਰੇ ਕਿਲ੍ਹਾ ਗੋਬਿੰਦਗੜ੍ਹ, ਪੁਲ ਮੋਰਾਂ ਆਦਿ ਸਮਾਰਕਾਂ ਵਿਖੇ ਲਗਾਈਆਂ ਗਈਆਂ ਸੂਚਨਾ ਤਖ਼ਤੀਆਂ 'ਤੇ ਪੰਜਾਬੀ ਨੂੰ ਅਣਗੌਲਿਆ ਕਰਕੇ ਕੇਵਲ ਅੰਗਰੇਜ਼ੀ ਭਾਸ਼ਾ 'ਚ ਲਿਖ ਕੇ ਲਗਾਏ ਸੂਚਨਾ ਬੋਰਡਾਂ ਕਰਕੇ ਉਕਤ ਵਿਭਾਗ ਅਤੇ ਸਰਕਾਰ ਦੀ ਕਿਰਕਿਰੀ ਹੋ ਰਹੀ ਹੈ।

# ਸਾਲ 2028 ਤੱਕ ਗਰਮੀ ਦਾ ਰਿਕਾਰਡ ਟੁੱਟਣ ਦੀ ਪੇਸ਼ੀਨਗੋਈ



**ਸਿਡਨੀ, (ਪੰਜਾਬ ਮੇਲ)-** ਵਿਸ਼ਵ ਮੌਸਮ ਵਿਗਿਆਨ ਸੰਗਠਨ ਦੀ ਨਵੀਂ ਰਿਪੋਰਟ 'ਚ ਇਹ ਪੇਸ਼ੀਨਗੋਈ ਕੀਤੀ ਗਈ ਹੈ ਕਿ ਅਗਲੇ ਪੰਜ ਸਾਲਾਂ ਦੌਰਾਨ ਇੱਕ ਸਾਲ ਲਾਜ਼ਮੀ ਤੌਰ 'ਤੇ ਸਭ ਤੋਂ ਵੱਧ ਗਰਮ ਹੋਵੇਗਾ ਅਤੇ ਪੂਰੀ ਸੰਭਾਵਨਾ ਹੈ ਕਿ ਇਸ ਇੱਕ ਸਾਲ ਦਾ ਤਾਪਮਾਨ ਸਨਅਤੀ ਯੁੱਗ ਤੋਂ ਪਹਿਲਾਂ ਦੇ ਤਾਪਮਾਨ ਨਾਲੋਂ 1.5 ਡਿਗਰੀ ਵਧ ਕੇ ਗਲੋਬਲ ਵਾਰਮਿੰਗ ਦੀ ਹੱਦ ਨੂੰ ਪਾਰ ਕਰ ਜਾਵੇਗਾ। ਇਹ ਰਿਪੋਰਟ ਚਿਤਾਵਨੀ ਦਿੰਦੀ ਹੈ ਕਿ ਜੇਕਰ ਮਨੁੱਖ ਨੇ ਜ਼ਹਿਰੀਲੀਆਂ ਗੈਸਾਂ (ਗਰੀਨ ਹਾਊਸ ਗੈਸਾਂ) ਦੀ ਨਿਕਾਸੀ ਪੂਰੀ ਤਰ੍ਹਾਂ ਨਾ ਰੋਕੀ, ਤਾਂ ਇਸ ਦਹਾਕੇ 'ਚ ਭਿਆਨਕ ਗਰਮੀ ਦੇ ਰਿਕਾਰਡ ਟੁੱਟਣਗੇ। ਰਿਪੋਰਟ 'ਚ ਕਿਹਾ ਗਿਆ ਹੈ ਕਿ ਇਸ ਗੱਲ ਦੀ ਵੀ ਸੰਭਾਵਨਾ ਹੈ ਕਿ ਅਗਲੇ ਪੰਜ ਸਾਲਾਂ 'ਚ ਔਸਤ ਤਾਪਮਾਨ 1.5 ਡਿਗਰੀ ਤੱਕ ਵੱਧ ਜਾਵੇਗਾ। ਤਾਪਮਾਨ ਵਾਧੇ ਦੀ ਸੰਭਾਵਨਾ 2015 ਤੋਂ ਲਗਾਤਾਰ ਵਧੀ ਹੈ, ਜਦੋਂ ਇਹ ਜ਼ੀਰੋ ਦੇ ਕਰੀਬ ਸੀ। 2017 ਅਤੇ 2021 ਵਿਚਾਲੇ ਇਹ ਸੰਭਾਵਨਾ 10 ਫੀਸਦੀ ਸੀ।

# ਪਾਕਿਸਤਾਨ ਹਾਕੀ ਕੋਚ ਨੇ ਤਨਖਾਹ ਨਾ ਮਿਲਣ ਕਾਰਨ ਦਿੱਤਾ ਆਪਣੇ ਅਹੁਦੇ ਤੋਂ ਅਸਤੀਫਾ

■ **12 ਮਹੀਨਿਆਂ ਤੋਂ ਨਹੀਂ ਦਿੱਤੀ ਤਨਖਾਹ**

**ਕਰਾਚੀ, (ਪੰਜਾਬ ਮੇਲ)-** ਪਾਕਿਸਤਾਨ ਦੇ ਹਾਕੀ ਕੋਚ ਸੀਗਫ੍ਰਾਈਡ ਆਇਕਮੈਨ ਨੇ 12 ਮਹੀਨਿਆਂ ਤੋਂ ਤਨਖਾਹ ਨਾ ਮਿਲਣ ਕਾਰਨ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਆਇਕਮੈਨ ਨੇ ਪਿਛਲੇ ਸਾਲ ਪਾਕਿਸਤਾਨ ਦੀ ਹਾਕੀ ਟੀਮ ਦੇ ਕੋਚ ਦਾ ਅਹੁਦਾ ਸੰਭਾਲਿਆ ਸੀ। ਉਨ੍ਹਾਂ ਨੇ ਸੋਸ਼ਲ ਮੀਡੀਆ ਰਾਹੀਂ ਮੁੱਖ ਕੋਚ ਦੇ ਅਹੁਦੇ ਤੋਂ ਅਸਤੀਫਾ ਦੇਣ ਦਾ ਐਲਾਨ ਕੀਤਾ। ਆਇਕਮੈਨ, ਜੋ ਨੀਦਰਲੈਂਡ ਦਾ ਰਹਿਣ ਵਾਲਾ ਹੈ, ਤਨਖਾਹ ਦੇ ਵਿਵਾਦ ਕਾਰਨ ਪਿਛਲੇ ਸਾਲ ਘਰ ਪਰਤਿਆ ਸੀ ਪਰ ਤਨਖਾਹ ਦਾ ਭੁਗਤਾਨ ਨਾ ਹੋਣ ਕਾਰਨ ਉਸ ਨੇ ਨੌਕਰੀ ਨਹੀਂ ਸੀ ਛੱਡੀ। ਕੋਈ ਹੱਲ ਨਾ ਹੋਣ ਕਾਰਨ ਉਸ ਨੇ ਆਖਰ ਅਸਤੀਫਾ ਦੇ ਦਿੱਤਾ।

# ਦੁਨੀਆਂ ਲਈ ਵੱਡਾ ਖਤਰਾ ਬਣਿਆ ਹਵਾ ਪ੍ਰਦੂਸ਼ਣ

**ਨਵੀਂ ਦਿੱਲੀ, (ਪੰਜਾਬ ਮੇਲ)-** ਦੁਨੀਆਂ ਭਰ 'ਚ ਸਮੇਂ ਤੋਂ ਪਹਿਲਾਂ ਜਨਮੇ ਜਿਨ੍ਹਾਂ ਬੱਚਿਆਂ 'ਚ ਮੌਤ ਦਾ ਸਬੰਧ ਹਵਾ ਪ੍ਰਦੂਸ਼ਣ ਨਾਲ ਹੈ, ਉਨ੍ਹਾਂ 'ਚੋਂ 91 ਫ਼ੀਸਦੀ ਬੱਚਿਆਂ ਦੀ ਮੌਤ ਘੱਟ ਅਤੇ ਦਰਮਿਆਨੀ ਕਮਾਈ ਵਾਲੇ ਦੇਸ਼ਾਂ 'ਚ ਹੁੰਦੀ ਹੈ। ਸੰਯੁਕਤ ਰਾਸ਼ਟਰ ਦੀਆਂ ਵੱਖ-ਵੱਖ ਏਜੰਸੀਆਂ ਦੀ ਰਿਪੋਰਟ 'ਚ ਇਹ ਦਾਅਵਾ ਕੀਤਾ ਗਿਆ ਹੈ। ਰਿਪੋਰਟ 'ਚ ਕਿਹਾ ਗਿਆ ਕਿ ਜਲਵਾਯੂ ਤਬਦੀਲੀ ਲਈ ਸਭ ਤੋਂ ਜ਼ਿਆਦਾ ਜ਼ਿੰਮੇਵਾਰ ਅਮੀਰ ਦੇਸ਼ ਹਨ ਪਰ ਇਸ ਦਾ ਖਾਮਿਆਜਾ ਸਭ ਤੋਂ ਘੱਟ ਜ਼ਿੰਮੇਵਾਰ ਦੇਸ਼ਾਂ ਨੂੰ ਭੁਗਤਣਾ ਪੈ ਰਿਹਾ ਹੈ।

■ **ਹਰ ਸਾਲ 60 ਲੱਖ ਬੱਚੇ ਹੁੰਦੇ ਹਨ ਸਮੇਂ ਤੋਂ ਪਹਿਲਾਂ ਪੈਦਾ**

ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.), ਸੰਯੁਕਤ ਰਾਸ਼ਟਰ ਬਾਲ ਫੰਡ (ਯੂਨੀਸੇਫ) ਅਤੇ ਮਾਵਾਂ, ਨਵ ਜਨਮੇ ਅਤੇ ਬਾਲ ਸਿਹਤ ਭਾਈਵਾਲੀ ਨੇ ਹਾਲ 'ਚ 'ਬਾਰਨ ਟੂ ਸੂਨ : ਡਿਕੇਡ ਆਫ ਐਕਸ਼ਨ ਆਨ ਪ੍ਰੀਟਰਮ ਬਰਥ' ਸਿਰਲੇਖ ਨਾਲ ਇਕ ਰਿਪੋਰਟ ਜਾਰੀ ਕੀਤੀ ਹੈ। ਇਸ 'ਚ ਗਰਭ ਅਵਸਥਾ 'ਤੇ ਜਲਵਾਯੂ ਤਬਦੀਲੀ ਦੇ ਕਈ ਸਿੱਧੇ ਅਤੇ ਅਸਿੱਧੇ ਪ੍ਰਭਾਵਾਂ ਕਾਰਨ ਮਰੇ ਹੋਏ ਬੱਚਿਆਂ ਦੇ ਜਨਮ, ਸਮੇਂ ਤੋਂ ਪਹਿਲਾਂ ਜਨਮ ਅਤੇ ਗਰਭ ਅਵਸਥਾ ਦੇ ਘੱਟ ਸਮੇਂ ਨੂੰ ਉਭਾਰਿਆ ਗਿਆ ਹੈ। ਮਾਹਿਰਾਂ ਅਨੁਸਾਰ, ਜਲਵਾਯੂ ਤਬਦੀਲੀ ਗਰਮੀ, ਤੂਫਾਨ, ਹੜ੍ਹ, ਸੋਕੇ, ਜੰਗਲਾਂ 'ਚ ਲੱਗਣ ਵਾਲੀ ਅੱਗ ਅਤੇ ਹਵਾ ਪ੍ਰਦੂਸ਼ਣ ਤੋਂ ਇਲਾਵਾ ਭੋਜਨ ਦੀ ਅਸੁਰੱਖਿਆ, ਦੂਸ਼ਿਤ ਪਾਣੀ ਅਤੇ ਭੋਜਨ ਨਾਲ ਹੋਣ ਵਾਲੀਆਂ ਬੀਮਾਰੀਆਂ, ਮੱਛਰਾਂ ਤੋਂ ਪੈਦਾ ਹੋਣ ਵਾਲੀਆਂ ਬੀਮਾਰੀਆਂ, ਪਲਾਇਨ ਅਤੇ ਸੰਘਰਸ਼ ਦੇ ਜ਼ਰੀਏ ਗਰਭ ਅਵਸਥਾ ਨੂੰ ਪ੍ਰਭਾਵਿਤ ਕਰਦੀ ਹੈ।

**ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**






# ਵਿਦੇਸ਼ 'ਚ ਘੁੰਮਣ ਦੇ ਸ਼ੌਕੀਨਾਂ ਨੂੰ ਲੱਗੇਗਾ 20 ਫੀਸਦੀ ਟੈਕਸ !

**ਜਲੰਧਰ, (ਪੰਜਾਬ ਮੇਲ)** - ਕੇਂਦਰੀ ਵਿੱਤ ਮੰਤਰਾਲਾ ਵਲੋਂ ਵਿਦੇਸ਼ਾਂ 'ਚ ਦੌਰੇ ਦੌਰਾਨ ਕੀਤੇ ਜਾਣ ਵਾਲੇ ਖਰਚ ਨੂੰ ਲਿਬਰਲਾਈਜ਼ਡ ਰੈਮੀਟੈਂਸ ਸਕੀਮ (ਐੱਲ.ਆਰ.ਐੱਸ.) ਦੇ ਘੇਰੇ 'ਚ ਲਿਆ ਕੇ ਇਸ 'ਤੇ ਲਗਾਏ ਗਏ 20 ਫੀਸਦੀ ਟੀ.ਸੀ.ਐੱਸ. (ਟੈਕਸ ਕਲੈਕਟਿਡ ਐਟ ਸੋਰਸ) ਟੈਕਸ ਤੋਂ ਬਾਅਦ ਵਿਦੇਸ਼ 'ਚ ਘੁੰਮਣ ਜਾਣ ਦੇ ਸ਼ੌਕੀਨਾਂ ਦੇ ਨਾਲ-ਨਾਲ ਟਰੈਵਲ ਏਜੰਸੀਆਂ 'ਚ ਵੀ ਹੜਕੰਪ ਮਚ ਗਿਆ ਹੈ।

ਹਾਲਾਂਕਿ ਸਰਕਾਰ ਦੇ ਇਸ ਫੈਸਲੇ ਦਾ ਗਰਮੀਆਂ ਦੀਆਂ ਇਨ੍ਹਾਂ ਛੁੱਟੀਆਂ ਦੌਰਾਨ ਜ਼ਿਆਦਾ ਅਸਰ ਨਹੀਂ ਪਵੇਗਾ ਕਿਉਂਕਿ ਇਹ ਨਿਯਮ 1 ਜੁਲਾਈ ਤੋਂ ਲਾਗੂ ਹੋਣ ਜਾ ਰਿਹਾ ਹੈ। ਇਸ ਤੋਂ ਬਾਅਦ ਵਿਦੇਸ਼ 'ਚ ਜਾ ਕੇ ਖਰਚ ਕਰਨ ਅਤੇ ਭਾਰਤ 'ਚ ਬੈਠਕ ਕੇ ਵਿਦੇਸ਼ੀ ਵੈੱਬਸਾਈਟ 'ਤੇ ਕੀਤੀ ਜਾਣ ਵਾਲੀ ਸ਼ਾਪਿੰਗ 'ਤੇ ਡਾਲਰ ਵਜੋਂ ਕੀਤੀ ਗਈ ਅਦਾਇਗੀ ਇਸ ਟੈਕਸ ਦੇ ਘੇਰੇ 'ਚ ਆ ਜਾਏਗੀ।

### ■ ਟਰੈਵਲ ਏਜੰਟ 'ਚ ਮਚਿਆ ਹੜਕੰਪ

ਐੱਲ.ਆਰ.ਐੱਸ. ਸਕੀਮ ਦੇ ਤਹਿਤ ਕੋਈ ਵੀ ਭਾਰਤੀ ਨਾਗਰਿਕ ਢਾਈ ਲੱਖ ਡਾਲਰ ਤੱਕ ਰਕਮ ਖਰਚ ਕਰ ਸਕਦਾ ਹੈ। ਇਸ ਤੋਂ ਪਹਿਲਾਂ ਕ੍ਰੈਡਿਟ ਕਾਰਡ ਰਾਹੀਂ ਵਿਦੇਸ਼ਾਂ 'ਚ ਕੀਤੀ ਜਾਣ ਵਾਲੀ ਐੱਲ.ਆਰ.ਐੱਸ. ਸਕੀਮ ਦੇ ਤਹਿਤ ਨਹੀਂ ਆਉਂਦੀ ਸੀ ਪਰ ਨਵੇਂ ਨਿਯਮ ਤੋਂ ਬਾਅਦ ਜੇ ਕੋਈ ਵਿਅਕਤੀ ਵਿਦੇਸ਼ 'ਚ ਜਾ ਕੇ ਸ਼ਾਪਿੰਗ ਕਰਦਾ ਹੈ ਜਾਂ ਬੱਚਿਆਂ ਲਈ ਸਾਮਾਨ ਦੀ ਖਰੀਦਦਾਰੀ ਕਰਦਾ ਹੈ, ਤਾਂ ਉਹ 20 ਫੀਸਦੀ ਟੈਕਸ ਦੇ ਘੇਰੇ 'ਚ ਆ ਜਾਏਗਾ। ਫਿਲਹਾਲ ਇਕ ਸਾਲ 'ਚ 7 ਲੱਖ ਤੋਂ ਵੱਧ ਖਰਚ ਕਰਨ 'ਤੇ 5 ਫੀਸਦੀ ਟੈਕਸ ਲਗਦਾ ਹੈ।

ਟਰੈਵਲ ਏਜੰਟ ਐਸੋਸੀਏਸ਼ਨ ਆਫ ਇੰਡੀਆ ਦੇ ਪੰਜਾਬ ਚੈਪਟਰ ਦੇ ਸਾਬਕਾ ਚੇਅਰਮੈਨ ਰਾਜੇਸ਼ਵਰ ਡਾਂਗ ਨੇ ਕਿਹਾ ਕਿ ਸਰਕਾਰ ਨੂੰ ਇਸ ਫੈਸਲੇ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ ਕਿਉਂਕਿ ਇਸ ਨਾਲ ਕਾਰੋਬਾਰ 'ਤੇ ਉਲਟ ਅਸਰ ਪਵੇਗਾ। ਸਰਕਾਰ ਵਲੋਂ ਟੀ.ਸੀ.ਐੱਸ. ਦੀ ਦਰ ਬਹੁਤ ਜ਼ਿਆਦਾ ਰੱਖੀ ਗਈ ਹੈ ਅਤੇ ਇਸ ਨਾਲ ਆਮ ਆਦਮੀ ਪ੍ਰਭਾਵਿਤ ਹੋਵੇਗਾ।

ਉਂਝ ਤਾਂ ਕਈ ਕਾਰੋਬਾਰੀ ਵਿਦੇਸ਼ 'ਚ ਘੁੰਮਣ ਲਈ ਆਪਣੇ ਅਕਾਊਂਟਸ 'ਚੋਂ ਹੀ ਪੈਸਾ ਖਰਚ ਕਰਦੇ ਹਨ ਪਰ ਹੁਣ ਉਨ੍ਹਾਂ ਨੂੰ 20 ਫੀਸਦੀ ਵੱਧ ਪੈਸਾ ਵੱਧ ਖਰਚਣਾ ਪਵੇਗਾ, ਜਿਸ ਨਾਲ ਉਨ੍ਹਾਂ ਦਾ ਕੈਪੀਟਲ ਸਰਕਾਰ ਕੋਲ ਫਸ ਜਾਏਗਾ। ਇਹ ਕੈਪੀਟਲ ਕੋਈ ਵੀ ਵਪਾਰੀ ਆਪਣੇ ਵਪਾਰ 'ਚ ਲਗਾਏ ਤਾਂ ਉਸ ਨੂੰ ਮੁਨਾਫਾ ਹੁੰਦਾ ਹੈ ਪਰ ਸਰਕਾਰ ਕੋਲ ਪੈਸੇ ਫਸਣ ਨਾਲ ਉਸ ਦਾ ਨੁਕਸਾਨ ਹੋਵੇਗਾ।

ਜੇ ਕੋਈ ਨੌਕਰੀਪੇਸ਼ਾ ਵਿਅਕਤੀ ਵਿਦੇਸ਼ 'ਚ ਜਾ ਕੇ ਛੁੱਟੀ ਮਨਾਉਣਾ ਚਾਹੁੰਦਾ ਹੈ ਅਤੇ ਉਸ ਨੇ 3 ਲੱਖ ਰੁਪਏ ਦਾ ਬਜਟ ਰੱਖਿਆ ਹੈ, ਤਾਂ ਉਸ 'ਤੇ ਸਿੱਧੇ ਤੌਰ 'ਤੇ 60 ਹਜ਼ਾਰ ਰੁਪਏ ਟੈਕਸ ਕੱਟ ਜਾਏਗਾ। ਹਾਲਾਂਕਿ ਇਹ ਟੈਕਸ ਤੋਂ ਬਾਅਦ ਇਨਕਮ ਟੈਕਸ ਰਿਟਰਨ ਭਰ ਕੇ ਵਾਪਸ ਮਿਲ ਜਾਏਗਾ ਪਰ ਇਸ 'ਚ ਲੰਬਾ ਸਮਾਂ ਲੱਗੇਗਾ।

# ਚੋਣ ਕਮਿਸ਼ਨ ਵੱਲੋਂ ਫਰਜ਼ੀ ਵੋਟਿੰਗ ਰੋਕਣ ਲਈ ਵੱਡੀ ਤਿਆਰੀ !

**ਨਵੀਂ ਦਿੱਲੀ, (ਪੰਜਾਬ ਮੇਲ)**- ਫਰਜ਼ੀ ਵੋਟਿੰਗ ਰੋਕਣ ਲਈ ਚੋਣ ਕਮਿਸ਼ਨ ਵੱਡੀ ਤਿਆਰੀ ਵਿਚ ਹੈ। ਦਰਅਸਲ ਚੋਣ ਕਮਿਸ਼ਨ ਇਕ ਹੋਰ ਤਕਨੀਕ ਦਾ ਸਹਾਰਾ ਲਵੇਗਾ। ਦਰਅਸਲ ਵੋਟਿੰਗ ਦੌਰਾਨ ਉਂਗਲ 'ਤੇ ਲੱਗਣ ਵਾਲੀ ਸਿਆਹੀ ਦੀ ਥਾਂ ਹੁਣ ਲੇਜ਼ਰ ਦਾ ਇਸਤੇਮਾਲ ਹੋਵੇਗਾ। ਅਜਿਹਾ ਦਾਅਵਾ ਕੀਤਾ ਜਾ ਰਿਹਾ ਹੈ ਕਿ ਲੇਜ਼ਰ ਨਾਲ ਬਣਿਆ ਨਿਸ਼ਾਨ ਕਈ ਦਿਨਾਂ ਤੱਕ ਹਟਾਉਣਾ ਆਸਾਨ ਨਹੀਂ ਹੋਵੇਗਾ।

ਲੇਜ਼ਰ ਨਿਸ਼ਾਨ ਹੀ ਨਹੀਂ, ਈ.ਵੀ.ਐੱਮ. ਵਿਚ ਇਕ ਕੈਮਰਾ ਵੀ ਲੱਗੇਗਾ, ਜੋ ਵੋਟ ਪਾਉਣ ਗਏ ਔਰਤ ਜਾਂ ਪੁਰਸ਼ ਦੀ ਤਸਵੀਰ ਵੀ ਖਿੱਚੇਗਾ। ਨਵੀਂ ਤਕਨੀਕੀ ਵਿਵਸਥਾ ਇਸ ਸਾਲ ਹੋਣ ਵਾਲੀਆਂ 5 ਸੂਬਾਈ ਵਿਧਾਨ ਸਭਾ ਚੋਣਾਂ ਵਿਚ ਲਾਗੂ ਹੋ ਸਕਦੀ ਹੈ। ਅਜੇ ਇਸ ਦਾ ਪਰੀਖਣ ਚੱਲ ਰਿਹਾ ਹੈ। ਸਿਆਹੀ ਦੀ ਥਾਂ ਲੇਜ਼ਰ ਤਕਨੀਕ ਨਾਲ ਹੇਰਾ-ਫੇਰੀ ਰੁਕੇਗੀ। ਨਹੁੰ 'ਤੇ ਲੇਜ਼ਰ ਨਿਸ਼ਾਨ ਬਣਨ ਮਗਰੋਂ ਜੇਕਰ ਵਿਅਕਤੀ ਫਿਰ ਵੋਟ ਪਾਉਣ ਆਉਂਦਾ ਹੈ, ਤਾਂ ਫੜਿਆ ਜਾਵੇਗਾ। ਦੂਜੇ ਪਾਸੇ ਈ.ਵੀ.ਐੱਮ. 'ਚ ਲੱਗਾ ਕੈਮਰਾ ਵੀ ਮੁੜ ਵੋਟ ਪਾਉਣ ਆਉਣ ਵਾਲੇ ਵਿਅਕਤੀ ਨੂੰ ਏ.ਆਈ. ਤਕਨੀਕ ਤੋਂ ਪਛਾਣ ਕੇ ਚੋਣ ਅਧਿਕਾਰੀ ਨੂੰ ਅਲਰਟ ਕਰ ਦੇਵੇਗਾ।

# ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਲਈ ਜਲਦ ਹੀ ਮੰਗੇ ਜਾਣਗੇ ਖੁੱਲ੍ਹੇ ਟੈਂਡਰ

**ਅੰਮ੍ਰਿਤਸਰ, (ਪੰਜਾਬ ਮੇਲ)**- ਸ੍ਰੀ ਦਰਬਾਰ ਸਾਹਿਬ ਵਿਖੇ ਹੁੰਦੀ ਗੁਰਬਾਣੀ ਦੇ ਪ੍ਰਸਾਰਣ ਦੀ ਸੇਵਾ ਕਿਸੇ ਵੀ ਟੀ.ਵੀ. ਚੈਨਲ ਨੂੰ ਇਸ ਵਾਰ ਟੈਂਡਰ ਰਾਹੀਂ ਮਿਲੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਲਈ ਜਲਦ ਹੀ ਖੁੱਲ੍ਹੇ ਟੈਂਡਰ ਮੰਗੇ ਜਾਣਗੇ।

ਦੱਸਣਯੋਗ ਹੈ ਕਿ ਹਾਲ ਹੀ ਵਿਚ ਮੁੱਖ ਮੰਤਰੀ ਨੇ ਇਸ ਮਾਮਲੇ ਵਿਚ ਸ੍ਰੋਮਣੀ ਕਮੇਟੀ ਨੂੰ ਨਿਸ਼ਾਨਾ ਬਣਾਇਆ ਸੀ ਅਤੇ ਦੋਸ਼ ਲਾਇਆ ਸੀ ਕਿ ਅਪਣੇ ਚਹੇਤੇ ਇਕ ਚੈਨਲ ਨੂੰ ਹੀ ਪ੍ਰਸਾਰਣ ਦੀ ਸੇਵਾ ਦਿੱਤੀ ਹੋਈ ਹੈ, ਜਿਸ ਦਾ ਸ੍ਰੋਮਣੀ ਕਮੇਟੀ ਨੇ ਵੀ ਸਖਤ ਮੋੜਵਾਂ ਜਵਾਬ ਦਿੱਤਾ ਸੀ। ਸ੍ਰੋਮਣੀ ਕਮੇਟੀ ਵਲੋਂ ਇਕ ਟੀ.ਵੀ. ਚੈਨਲ ਨਾਲ ਇਸ ਸਬੰਧੀ ਕੀਤਾ ਹੋਇਆ ਸਮਝੌਤਾ ਜੁਲਾਈ ਮਹੀਨੇ ਵਿਚ ਖਤਮ ਹੋ ਰਿਹਾ ਹੈ।

ਇਸ ਮਾਮਲੇ ਬਾਰੇ ਸ੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਸ ਕਾਰਜ ਲਈ ਪੰਜ ਮੈਂਬਰੀ ਕਮੇਟੀ ਗਠਿਤ ਕੀਤੀ ਗਈ ਹੈ, ਜੋ ਨਿਯਮ ਅਤੇ ਸ਼ਰਤਾਂ ਤੈਅ ਕਰੇਗੀ। ਉਨ੍ਹਾਂ ਕਿਹਾ ਕਿ ਗੁਰਬਾਣੀ ਪ੍ਰਸਾਰਣ ਸਬੰਧੀ ਕੁਝ ਲੋਕਾਂ ਵੱਲੋਂ ਜਾਣ ਬੁਝ ਕੇ ਬੇਲੋੜਾ ਵਿਵਾਦ ਪੈਦਾ ਕੀਤਾ ਜਾ ਰਿਹਾ ਹੈ ਅਤੇ ਦੁੱਖ ਦੀ ਗੱਲ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਵੀ ਇਸ ਵਿਚ ਭਾਗੀ ਹਨ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਬੀਤੇ ਅਰਸੇ ਦੌਰਾਨ ਨਿਯਮਾਂ ਤਹਿਤ ਗੁਰਬਾਣੀ ਪ੍ਰਸਾਰਣ ਦੇ ਹੱਕ ਵੱਖ-ਵੱਖ ਚੈਨਲਾਂ ਨੂੰ ਦਿੱਤੇ ਸਨ, ਜਿਸ ਤਹਿਤ ਮੌਜੂਦਾ ਸਮੇਂ ਜੀ-ਨੈਕਸਟ ਮੀਡੀਆ ਪ੍ਰਾਈਵੇਟ ਲਿਮ. ਨਾਲ ਚੱਲ ਰਿਹਾ ਇਕਰਾਰਨਾਮਾ ਜੁਲਾਈ 2023 ਤੱਕ ਹੈ। ਇਹ ਇਕਰਾਰਨਾਮਾ 24 ਜੁਲਾਈ 2012 ਨੂੰ 11 ਸਾਲ ਲਈ ਹੋਇਆ ਸੀ ਅਤੇ ਹੁਣ ਇਸ ਦੇ ਸਮਾਪਤ ਹੋਣ 'ਤੇ ਨਵੇਂ ਸਿਰਿਓਂ ਕਾਰਵਾਈ ਕੀਤੀ ਜਾਣੀ ਹੈ। ਉਨ੍ਹਾਂ ਦੱਸਿਆ ਕਿ ਇਕਰਾਰਨਾਮੇ ਤਹਿਤ ਇਸ ਕੰਪਨੀ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਵਿਦਿਆ ਫੰਡ ਲਈ 1 ਕਰੋੜ ਰੁਪਏ ਸਾਲਾਨਾ (10% ਸਾਲਾਨਾ ਵਾਧੇ ਨਾਲ) ਦੇਣਾ ਤੈਅ ਹੋਇਆ ਸੀ, ਜਿਸ ਅਨੁਸਾਰ ਬਣਦੀ ਹੁਣ ਤੱਕ ਦੀ ਸਾਰੀ ਰਾਸ਼ੀ ਜਮ੍ਹਾਂ ਹੋ ਚੁੱਕੀ ਹੈ। ਮੁੱਖ ਮੰਤਰੀ ਨੂੰ ਘੇਰਦਿਆਂ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਗੁਰਬਾਣੀ ਪ੍ਰਸਾਰਣ ਨੂੰ ਲੈ ਕੇ ਬੇਹਦ ਸੰਜੀਦਾ ਹੈ, ਜਦਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇਸ 'ਤੇ ਰਾਜਨੀਤੀ ਕਰ ਰਹੇ ਹਨ। ਉਹ ਕਦੇ ਸੰਗਤਾਂ ਨੂੰ ਗੋਲਕਾਂ ਵਿਚ ਪੈਸੇ ਪਾਉਣਾ ਬੰਦ ਕਰਨ ਲਈ ਆਖਦੇ ਹਨ ਅਤੇ ਕਦੀ ਗੁਰਬਾਣੀ ਪ੍ਰਸਾਰਣ ਦੇ ਮਾਮਲੇ ਸਬੰਧੀ ਦੁਬਿਧਾ ਪੈਦਾ ਕਰਨ ਦਾ ਯਤਨ ਕਰਦੇ ਹਨ। ਮਾਸਟਰ ਤਾਰਾ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ।

# ਮਨੀ ਲਾਂਡਰਿੰਗ ਮਾਮਲਾ: ਅਦਾਲਤ ਨੇ ਸਿਸੋਦੀਆ ਦੀ ਹਿਰਾਸਤ 'ਚ 1 ਜੂਨ ਤੱਕ ਕੀਤਾ ਵਾਧਾ



**ਨਵੀਂ ਦਿੱਲੀ, (ਪੰਜਾਬ ਮੇਲ)**- ਦਿੱਲੀ ਦੀ ਇਕ ਅਦਾਲਤ ਨੇ ਆਬਕਾਰੀ ਘਪਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਆਮ ਆਦਮੀ ਪਾਰਟੀ (ਆਪ) ਨੇਤਾ ਮਨੀਸ਼ ਸਿਸੋਦੀਆ ਦੀ ਨਿਆਇਕ ਹਿਰਾਸਤ ਦੀ ਮਿਆਦ ਇਕ ਜੂਨ ਤੱਕ ਵਧਾ ਦਿੱਤੀ ਹੈ। ਅਦਾਲਤ ਨੇ ਮੰਗਲਵਾਰ ਨੂੰ ਜੇਲ੍ਹ ਅਧਿਕਾਰੀਆਂ ਨੂੰ 'ਆਪ' ਨੇਤਾ ਨੂੰ ਜੇਲ੍ਹ 'ਚ ਕਿਤਾਬਾਂ ਨਾਲ ਹੀ ਇਕ ਕੁਰਸੀ ਅਤੇ ਮੇਜ ਉਪਲੱਬਧ ਕਰਵਾਉਣ 'ਤੇ ਵਿਚਾਰ ਕਰਨ ਦਾ ਵੀ ਨਿਰਦੇਸ਼ ਦਿੱਤਾ। ਜਦੋਂ ਸਿਸੋਦੀਆ ਨੂੰ ਕੋਰਟ ਰੂਮ ਤੋਂ ਬਾਹਰ ਲਿਆਂਦਾ ਜਾ ਰਿਹਾ ਸੀ, ਤਾਂ ਉਨ੍ਹਾਂ ਨੇ ਦਿੱਲੀ ਦੇ ਸੇਵਾਵਾਂ ਦੇ ਮਾਮਲੇ 'ਤੇ ਕੇਂਦਰ ਦੇ ਆਰਡੀਨੈਂਸ 'ਤੇ ਇਕ ਬਿੱਲ ਲਿਆਏ ਜਾਣ ਦੇ ਸੰਦਰਭ 'ਚ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੋਕਤੰਤਰ 'ਚ ਭਰੋਸਾ ਨਹੀਂ ਕਰਦੇ ਹਨ।" ਦਿੱਲੀ ਦੇ ਸਾਬਕਾ ਉੱਪ ਮੁੱਖ ਮੰਤਰੀ ਨੇ ਦੋਸ਼ ਲਗਾਇਆ, "ਮੋਦੀ ਬਹੁਤ ਹੰਕਾਰੀ ਹੋ ਗਏ ਹਨ।" ਦਿੱਲੀ ਸਰਕਾਰ ਨੇ 17 ਨਵੰਬਰ 2021 ਨੂੰ ਆਬਕਾਰੀ ਨੀਤੀ ਲਾਗੂ ਕੀਤੀ ਸੀ ਪਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਰਮਿਆਨ ਸਤੰਬਰ 2022 'ਚ ਇਹ ਨੀਤੀ ਰੱਦ ਕਰ ਦਿੱਤੀ ਸੀ। ਸਿਸੋਦੀਆ ਇਸ ਸੰਬੰਧ 'ਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵਲੋਂ ਦਰਜ ਮਾਮਲਿਆਂ 'ਚ ਦੋਸ਼ੀ ਹਨ।




# ਜੱਸਾ ਸਿੰਘ ਰਾਮਗੜ੍ਹੀਆ ਦੀ ਵਿਚਾਰਧਾਰਾ ਦੇ ਪਹਿਰੇਦਾਰ ਬਣਨ ਦੀ ਲੋੜ





ਭਾਈ ਮਨਜੀਤ ਸਿੰਘ ਸਾਬਕਾ ਜਥੇਦਾਰ ਅਕਾਲ ਤਖ਼ਤ ਸਾਹਿਬ ਭਾਈ ਸਤਵਿੰਦਰ ਸਿੰਘ ਫੂਲਪੁਰ ਅਤੇ ਇੰਜ.ਜੋਤਿੰਦਰ ਸਿੰਘ ਨੂੰ ਜੱਸਾ ਸਿੰਘ ਰਾਮਗੜ੍ਹੀਆ ਯਾਦਗਾਰ ਪੁਰਸਕਾਰ ਦਿੰਦੇ ਹੋਏ। ਨਾਲ ਖੜ੍ਹੇ ਹਨ ਡਾ. ਬਲਕਾਰ ਸਿੰਘ ਤੇ ਉਜਾਗਰ ਸਿੰਘ। (ਸੱਜੇ) ਡਾ.ਬਲਕਾਰ ਸਿੰਘ, ਉਜਾਗਰ ਸਿੰਘ ਅਤੇ ਜੋਤਿੰਦਰ ਸਿੰਘ ਭਾਈ ਮਨਜੀਤ ਸਿੰਘ ਨੂੰ ਸਨਮਾਨਤ ਕਰਦੇ ਹੋਏ।

**ਪਟਿਆਲਾ, (ਪੰਜਾਬ ਮੇਲ)-** ਜੱਸਾ ਸਿੰਘ ਰਾਮਗੜ੍ਹੀਆ ਦਾ ਸਮੁੱਚਾ ਜੀਵਨ ਨੌਜਵਾਨਾ ਲਈ ਮਾਰਗ ਦਰਸ਼ਕ ਸਾਬਤ ਹੋਵੇਗਾ। ਜੱਸਾ ਸਿੰਘ ਰਾਮਗੜ੍ਹੀਆ ਨੇ ਰਾਮਗੜ੍ਹੀਆਂ ਨੂੰ ਸਿੱਖ ਫ਼ੌਜ ਵਿਚ ਸ਼ਾਮਲ ਕਰਕੇ ਮਾਨਵਤਾ ਨੂੰ ਬਰਾਬਰਤਾ ਦਾ ਸੰਦੇਸ਼ ਦਿੱਤਾ ਸੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਾ. ਅਰਵਿੰਦ ਉਪ ਕੁਲਪਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪੰਜਾਬੀ ਯੂਨੀਵਰਸਿਟੀ ਵਿਚ ਜੱਸਾ ਸਿੰਘ ਰਾਮਗੜ੍ਹੀਆ ਯਾਦਗਾਰੀ ਸੈਮੀਨਾਰ ਵਿਚ ਪ੍ਰਧਾਨਗੀ ਭਾਸ਼ਣ ਕਰਦਿਆਂ ਕੀਤਾ। ਉਨ੍ਹਾਂ ਅੱਗੋਂ ਕਿਹਾ ਗਿਆਨ ਦੀਆਂ ਸੰਸਥਾਵਾਂ ਭਾਵ ਯੂਨੀਵਰਸਿਟੀਆਂ ਗਿਆਨ ਵਧਾਉਣ ਵਿਚ ਸਫਲ ਨਹੀਂ ਹੋਈਆਂ। ਇਸ ਲਈ ਇਨ੍ਹਾਂ ਨੂੰ ਸਵੈਇੱਛਤ ਸੰਸਥਾਵਾਂ ਨਾਲ ਜੋੜਨਾ ਚਾਹੀਦਾ ਹੈ। ਵਿਸ਼ੇਸ਼ ਮਹਿਮਾਨ ਸਿੰਘ ਸਾਹਿਬ ਭਾਈ ਮਨਜੀਤ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਕਿਹਾ ਕਿ ਲੋਕਾਈ ਨੂੰ ਆਤਮ ਚਿੰਤਨ ਕਰਨਾ ਚਾਹੀਦਾ ਹੈ, ਜਿਹੜੀਆਂ ਕਮਜ਼ੋਰੀਆਂ ਰਹਿ ਗਈਆਂ ਹਨ, ਉਨ੍ਹਾਂ ਨੂੰ ਦੂਰ ਕਰਕੇ ਸੁਧਾਰ ਕਰਨਾ ਚਾਹੀਦਾ ਹੈ। ਜੱਸਾ ਸਿੰਘ ਰਾਮਗੜ੍ਹੀਆ ਦੀ ਕਮਾਈ ਦੀ ਕਦਰ ਕਰਨੀ ਬਣਦੀ ਹੈ। ਸਿੱਖ ਜਗਤ ਨੂੰ ਉਨ੍ਹਾਂ ਦੀ ਕਮਾਈ ’ਤੇ ਪਹਿਰਾ ਦੇਣਾ ਚਾਹੀਦਾ ਹੈ। ਇਹ ਸਮਾਗਮ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਕੈਨੇਡਾ ਅਤੇ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਵੱਲੋਂ ਵਰਲਡ ਪੰਜਾਬੀ ਸੈਂਟਰ ਪਟਿਆਲਾ ਦੇ ਸਹਿਯੋਗ ਨਾਲ ਆਯੋਜਤ ਕੀਤਾ ਗਿਆ ਸੀ। ਇਸ ਮੌਕੇ ਕੁੰਜੀਵਤ ਭਾਸ਼ਣ ਦਿੰਦਿਆਂ ਸਿੱਖ ਵਿਦਵਾਨ ਡਾ.ਬਲਕਾਰ ਸਿੰਘ ਡਾਇਰੈਕਟਰ ਵਰਲਡ ਪੰਜਾਬੀ ਸੈਂਟਰ ਨੇ ਕਿਹਾ ਕਿ ਸਾਨੂੰ ਜੱਸਾ ਸਿੰਘ ਰਾਮਗੜ੍ਹੀਆ ਦੇ ਵਿਰਸੇ ਤੇ ਵਿਰਾਸਤ ਦੀ ਪਹਿਰੇਦਾਰੀ ਵਲ ਤੁਰਨਾ ਪਵੇਗਾ। ਵਿਰਾਸਤ ਨੂੰ ਸੰਭਾਲਣਾ ਵਿਦਵਾਨਾ ਦਾ ਫਰਜ਼ ਹੈ, ਤਾਂ ਜੋ ਨੌਜਵਾਨ ਪੀੜ੍ਹੀ ਨੂੰ ਸੇਧ ਦਿੱਤੀ ਜਾ ਸਕੇ। ਅਕਾਦਮਿਕ ਗੰਭੀਰਤਾ ਲਿਆਉਣ ਦੀ ਲੋੜ ਹੈ। ਸਿੱਖ ਮਿਸਲਾਂ ਨੇ ਪੰਜਾਬ ਵਿਚ ਸਿੱਖ ਰਾਜ ਸਥਾਪਤ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਸੀ। ਜੱਸਾ ਸਿੰਘ ਰਾਮਗੜ੍ਹੀਆ ਨੇ ਸਾਰੀਆਂ ਮਿਸਲਾਂ ਦੇ ਮੁੱਖੀਆਂ ਨੂੰ ਇਕ ਮੰਚ ’ਤੇ ਇਕੱਤਰ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ। ਪੰਜਾਬ ਵਿਚ ਵਰਤਮਾਨ ਸਮੇਂ ਵੀ ਉਨ੍ਹਾਂ ਵਰਗੇ ਦੂਰਅੰਦੇਸ਼ੀ ਵਾਲੇ ਨੇਤਾ ਦੀ ਲੋੜ ਹੈ। ਉਜਾਗਰ ਸਿੰਘ ਕੋਆਰਡੀਨੇਟਰ ਇੰਡੀਅਨ ਚੈਪਟਰ ਹਰਿਦਰਸ਼ਨ ਮੈਮੋਰੀਅਲ ਇੰਟਨਰਨੈਸ਼ਨ ਟਰੱਸਟ ਕਨੇਡਾ ਨੇ ਵੀ ਜੱਸਾ ਸਿੰਘ ਰਾਮਗੜ੍ਹੀਆ ਦੀ ਵਿਚਾਰਧਾਰਾ ਨੂੰ ਅਪਨਾਉਣ ਤੇ ਜ਼ੋਰ ਦਿੱਤਾ ਅਤੇ ਸਟੇਜ ਸਕੱਤਰ ਦੇ ਫਰਜ਼ ਨਿਭਾਏ।

ਇਸ ਸੈਮੀਨਾਰ ਵਿਚ ਡਾ. ਕੇਹਰ ਸਿੰਘ ਸਾਬਕਾ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ, ਸਾਬਕਾ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਵਾਸੂ, ਪ੍ਰੋ. ਡਾ. ਪਰਮਜੀਤ ਕੌਰ ਅਤੇ ਪ੍ਰੋ. ਡਾ. ਐੱਸ.ਐੱਸ. ਰੇਖੀ ਨੇ ਜੱਸਾ ਸਿੰਘ ਰਾਮਗੜ੍ਹੀਆ ਦੀ ਕਾਰਜ਼ਕੁਸ਼ਲਤਾ ਬਾਰੇ ਖੋਜ ਪੇਪਰ ਪੜ੍ਹੇ। ਪਰਮਜੀਤ ਸਿੰਘ ਪਰਵਾਨਾ ਨੇ ਸਿੱਖ ਵਿਦਵਾਨ ਭਾਈ ਜੈਤੇਗ ਸਿੰਘ ਅਨੰਤ ਦਾ ਖੋਜ ਪੇਪਰ ਪੜ੍ਹਿਆ। ਸਤਵਿੰਦਰ ਸਿੰਘ ਫੂਲਪੁਰ ਸੰਪਾਦਕ ਗੁਰਮਤਿ ਪ੍ਰਕਾਸ਼ ਅਤੇ ਇੰਜਨੀਅਰ ਜੋਤਿੰਦਰ ਸਿੰਘ ਨੂੰ ਉਨ੍ਹਾਂ ਦੀ ਸੇਵਾਵਾ ਕਰਕੇ ਜੱਸਾ ਸਿੰਘ ਰਾਮਗੜ੍ਹੀਆ ਪੁਰਸਕਾਰ ਦੇ ਕੇ ਸਨਮਾਨਤ ਕੀਤਾ ਗਿਆ। ਸਤਵਿੰਦਰ ਸਿੰਘ ਫੂਲਪੁਰ ਦੀ ਸਾਈਟੇਸ਼ਨ ਡਾ. ਅਬਨੀਸ਼ ਕੌਰ ਪੰਧੇਰ ਅਤੇ ਇੰਜ ਜੋਤਿੰਦਰ ਸਿੰਘ ਦੀ ਡਾ.ਦਰਸ਼ਨ ਸਿੰਘ ਆਸ਼ਟ ਨੇ ਪੜ੍ਹੀ। ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੇ ਰੂਹੇ-ਰਵਾਂ ਭਾਈ ਸੁਰਿੰਦਰ ਸਿੰਘ ਜੱਬਲ ਨੂੰ ਉਨ੍ਹਾਂ ਦੀ ਗ਼ੈਰਹਾਜ਼ਰੀ ਵਿਚ ਜਸਪਾਲ ਸਿੰਘ ਸੱਲ੍ਹ ਰਾਹੀਂ ਵਰਲਡ ਪੰਜਾਬੀ ਸੈਂਟਰ ਪਟਿਆਲਾ ਵੱਲੋਂ ਪੁਰਸਕਾਰ ਦਿੱਤਾ ਗਿਆ। ਪੇਪਰ ਪੜ੍ਹਨ ਵਾਲੇ ਵਿਦਵਾਨ ਖੋਜੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਡਾ. ਅਰਵਿੰਦ ਉਪਕੁਲਪਤੀ ਨੂੰ ਸ਼੍ਰੀਮਤੀ ਹਰਪਾਲ ਕੌਰ ਅਤੇ ਸਿੰਘ ਸਾਹਿਬ ਭਾਈ ਮਨਜੀਤ ਸਿੰਘ ਨੂੰ ਡਾ. ਅਬਨੀਸ਼ ਕੌਰ ਪੰਧੇਰ ਨੇ ਬੁਕੇ ਦੇ ਕੇ ਸਵਾਗਤ ਕੀਤਾ। ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ। ਇਸ ਮੌਕੇ ’ਤੇ ਡਾ. ਅਰਵਿੰਦ ਅਤੇ ਭਾਈ ਮਨਜੀਤ ਸਿੰਘ ਦਾ ਵੀ ਸਨਮਾਨ ਕੀਤਾ ਗਿਆ। ਡਾ. ਮਲਕਿੰਦਰ ਕੌਰ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ।

# ਗੈਰ-ਕਾਨੂੰਨੀ ਮੁਆਵਜ਼ਾ ਘਪਲਾ : ਵਿਜੀਲੈਂਸ ਵੱਲੋਂ 6 ਹੋਰ ਮੁਲਜ਼ਮ ਗ੍ਰਿਫਤਾਰ

**■ ਕਰੋੜਾਂ ਰੁਪਏ ਦਾ ਗਲਤ ਮੁਨਾਫਾ ਲੈਣ ਵਾਲੇ ਘੁਟਾਲੇ ’ਚ ਸ਼ਾਮਲ ਕੁੱਲ 15 ਮੁਲਜ਼ਮ ਕੀਤੇ ਗ੍ਰਿਫ਼ਤਾਰ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਐੱਸ.ਏ.ਐੱਸ. ਨਗਰ ਜ਼ਿਲ੍ਹੇ ਦੇ ਪਿੰਡ ਬਾਕਰਪੁਰ ਵਿਚ ਅਮਰੂਦਾਂ ਦੇ ਦਰੱਖਤ ਲਾ ਕੇ ਗੈਰ-ਕਾਨੂੰਨੀ ਮੁਆਵਜ਼ਾ ਲੈਣ ਦੇ ਮਾਮਲੇ ਵਿਚ ਮੰਗਲਵਾਰ ਨੂੰ ਛੇ ਹੋਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਫੜੇ ਗਏ ਵਿਅਕਤੀਆਂ, ਜਿਨ੍ਹਾਂ ਵਿਚ ਤਿੰਨ ਪੁਰਸ਼ ਅਤੇ ਤਿੰਨ ਔਰਤਾਂ ਸ਼ਾਮਲ ਹਨ, ਨੇ ਉਕਤ ਪਿੰਡ ਵਿਚ ਸਰਕਾਰ ਵੱਲੋਂ ਜ਼ਮੀਨ ਐਕਵਾਇਰ ਕਰਨ ਦੌਰਾਨ ਗੈਰ-ਕਾਨੂੰਨੀ ਤਰੀਕਿਆਂ ਨਾਲ ਸਰਕਾਰ ਤੋਂ ਕਰੋੜਾਂ ਰੁਪਏ ਦਾ ਮੁਆਵਜ਼ਾ ਹਾਸਲ ਕੀਤਾ ਸੀ। ਹੁਣ ਤੱਕ ਇਸ ਘੁਟਾਲੇ ਵਿਚ ਸ਼ਾਮਲ ਕੁੱਲ 15 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਸ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿਚ ਮੁਲਜ਼ਮ ਪੀਡੀ ਗੁਪਤਾ ਦੀ ਪਤਨੀ ਸੁਨੀਤਾ ਗੁਪਤਾ, ਉਸਦਾ ਪੁੱਤਰ ਗੌਰਵ ਕਾਂਸਲ, ਵਾਸੀ ਮਕਾਨ ਨੰ. 199, ਸੈਕਟਰ 18, ਚੰਡੀਗੜ੍ਹ, ਸਮੇਤ ਪਿੰਡ ਬਾਕਰਪੁਰ ਦੇ ਵਸਨੀਕ ਗੁਰਮਿੰਦਰ ਸਿੰਘ ਅਤੇ ਹਰਮਿੰਦਰ ਸਿੰਘ, ਉਨ੍ਹਾਂ ਦੀ ਮਾਤਾ ਸੁਖਰਾਜ ਕੌਰ ਤੋਂ ਇਲਾਵਾ ਦਲਜੀਤ ਸਿੰਘ ਦੀ ਵਿਧਵਾ ਅਮਰੀਕ ਕੌਰ ਸ਼ਾਮਲ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਉਕਤ ਗੈਰ-ਕਾਨੂੰਨੀ ਮੁਆਵਜ਼ਾ ਘੁਟਾਲੇ ਦੀ ਜਾਂਚ ਦੌਰਾਨ ਵਿਜੀਲੈਂਸ ਬਿਊਰੋ ਨੇ ਮਾਲ ਵਿਭਾਗ, ਭੂਮੀ ਗ੍ਰਹਿਣ ਕੁਲੈਕਟਰ, ਗਮਾਡਾ, ਸਬ-ਰਜਿਸਟਰਾਰ ਮੋਹਾਲੀ, ਬਾਗਬਾਨੀ ਵਿਭਾਗ ਆਦਿ ਤੋਂ ਬਹੁਤ ਸਾਰੇ ਦਸਤਾਵੇਜ਼ੀ ਰਿਕਾਰਡ ਪ੍ਰਾਪਤ ਕੀਤੇ ਹਨ ਅਤੇ ਕਥਿਤ ਲਾਭਪਾਤਰੀਆਂ ਦੀਆਂ ਕਾਰਵਾਈਆਂ ਅਤੇ ਉਨ੍ਹਾਂ ਦੀ ਭੂਮਿਕਾ ਬਾਰੇ ਵਿਸਥਾਰ ਨਾਲ ਵਿਸ਼ਲੇਸ਼ਣ ਕੀਤਾ ਹੈ, ਜਿਸ ਦੌਰਾਨ ਪਤਾ ਲੱਗਾ ਕਿ ਇਨ੍ਹਾਂ ਲਾਭਪਾਤਰੀਆਂ ਨੇ ਵੱਖ-ਵੱਖ ਵਿਭਾਗਾਂ ਦੇ ਕੁਝ ਅਧਿਕਾਰੀਆਂ/ਕਰਮਚਾਰੀਆਂ ਦੀ ਮਿਲੀਭੁਗਤ ਨਾਲ ਖੁਦ ਨੂੰ ਗਲਤ ਫਾਇਦਾ ਪਹੁੰਚਾਇਆ ਹੈ ਅਤੇ ਸਰਕਾਰੀ ਖਜ਼ਾਨੇ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਸਿੱਟੇ ਵਜੋਂ, ਇਸ ਮੁਕੱਦਮੇ ਵਿਚ ਬਹੁਤ ਸਾਰੇ ਲਾਭਪਾਤਰੀਆਂ ਨੂੰ ਮੁਲਜ਼ਮ ਵਜੋਂ ਨਾਮਜ਼ਦ ਕਰਨ ਉਪਰੰਤ ਮੰਗਲਵਾਰ ਨੂੰ ਉਨ੍ਹਾਂ ਦੀ ਗ੍ਰਿਫਤਾਰੀ ਲਈ ਉਨ੍ਹਾਂ ਦੇ ਟਿਕਾਣਿਆਂ ’ਤੇ ਛਾਪੇਮਾਰੀ ਕੀਤੀ ਗਈ। ਬੁਲਾਰੇ ਨੇ ਅੱਗੇ ਦੱਸਿਆ ਕਿ ਪੜਤਾਲ ਦੌਰਾਨ ਇਹ ਵੀ ਦੇਖਿਆ ਗਿਆ ਕਿ ਪੀ.ਡੀ. ਗੁਪਤਾ, ਉਸ ਦੀ ਪਤਨੀ ਸੁਨੀਤਾ ਗੁਪਤਾ ਅਤੇ ਉਨ੍ਹਾਂ ਦੇ ਦੋਵੇਂ ਪੁੱਤਰਾਂ ਗੌਰਵ ਕਾਂਸਲ ਅਤੇ ਅਭਿਸ਼ੇਕ ਕਾਂਸਲ, ਵਾਸੀ ਮਕਾਨ ਨੰ. 199, ਸੈਕਟਰ 18, ਚੰਡੀਗੜ੍ਹ ਨੇ ਸਾਲ 2018 ਵਿਚ ਬਾਕਰਪੁਰ ਪਿੰਡ ਵਿੱਚ ਇੱਕ ਏਕੜ ਜ਼ਮੀਨ ਖਰੀਦੀ ਸੀ, ਜਿਸ ਵਿਚ ਹਰੇਕ ਮੈਂਬਰ ਦਾ ਬਰਾਬਰ 1/4 ਹਿੱਸਾ ਸੀ।






# ਇੰਡੋਨੇਸ਼ੀਆ 'ਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਨੇ ਦੋ ਪੰਜਾਬੀ!

**ਅਜਨਾਲਾ, (ਪੰਜਾਬ ਮੇਲ)-** ਤਹਿਸੀਲ ਅਜਨਾਲਾ ਦੇ ਕਸਬਾ ਗੱਗੋਮਾਹਲ ਦੇ ਰਹਿਣ ਵਾਲੇ ਸਾਹਿਬ ਸਿੰਘ ਪੁੱਤਰ ਪੂਰਨ ਸਿੰਘ ਨੇ ਆਪਣੇ ਪਰਿਵਾਰ ਤੇ ਹੋਰ ਸਾਕ-ਸਬੰਧੀਆਂ ਸਮੇਤ ਗੱਲਬਾਤ ਕਰਦਿਆਂ ਭਰੇ ਮਨ ਨਾਲ ਦੱਸਿਆ ਕਿ ਮੇਰੇ ਬੇਟੇ ਗੁਰਮੇਜ ਸਿੰਘ ਅਤੇ ਭਣੇਵੇਂ ਅਜੇਪਾਲ ਸਿੰਘ ਨੂੰ ਅਮਰੀਕਾ ਪਹੁੰਚਾਉਣ ਲਈ ਏਜੰਟ ਨੇ ਸਾਡੇ ਨਾਲ 35-35 ਲੱਖ ਰੁਪਏ ਦੀ ਗੱਲ ਕੀਤੀ ਸੀ। ਉਨ੍ਹਾਂ ਨਾਲ ਪੈਸੇ ਉੱਥੇ ਪਹੁੰਚ ਕੇ ਦੇਣ ਦੀ ਗੱਲ ਹੋਈ ਸੀ, ਪਰ ਜਦੋਂ 5 ਮਈ ਨੂੰ ਸਾਡੇ ਦੋਵੇਂ ਮੁੰਡੇ ਘਰੋਂ ਜਾਣ ਲੱਗੇ ਤਾਂ ਏਜੰਟ ਨੇ ਕਿਹਾ ਕਿ ਇਨ੍ਹਾਂ ਨੂੰ ਪੰਜ-ਪੰਜ ਹਜ਼ਾਰ ਰੁਪਏ ਅਮਰੀਕਨ ਡਾਲਰ ਦੇ ਕੇ ਭੇਜਣਾ, ਜੋ ਕਿ ਇੰਡੀਆ ਦਾ ਕਰੀਬ 8 ਲੱਖ ਰੁਪਏ ਬਣਦਾ ਹੈ, ਜਿਸ ਤੋਂ ਬਾਅਦ 9 ਮਈ ਨੂੰ ਦਿੱਲੀ ਏਅਰਪੋਰਟ ਤੋਂ ਸਾਡੇ ਮੁੰਡਿਆਂ ਨੂੰ ਜਹਾਜ਼ ਚੜ੍ਹਾ ਕੇ ਇੰਡੋਨੇਸ਼ੀਆ ਉਤਾਰ ਦਿੱਤਾ ਗਿਆ, ਜਿਥੇ ਇਕ ਵਿਅਕਤੀ ਆਇਆ ਜੋ ਉਨ੍ਹਾਂ ਨੂੰ ਨਾਲ ਆਪਣੇ ਇਕ ਘਰ ਵਿਚ ਲੈ ਗਿਆ, ਜਿੱਥੇ ਕਿ ਤਿੰਨ ਵਿਅਕਤੀ ਹੋਰ ਮੌਜੂਦ ਸਨ। ਇਸ ਤੋਂ ਬਾਅਦ 13 ਮਈ ਨੂੰ ਅਜੇਪਾਲ ਸਿੰਘ ਨੇ ਆਪਣੇ ਭਰਾ ਅਕਾਸ਼ਦੀਪ ਸਿੰਘ ਨੂੰ ਫੋਨ ਕਰ ਕੇ ਦੱਸਿਆ ਕਿ ਜਿਸ ਘਰ ਵਿਚ ਉਨ੍ਹਾਂ ਨੂੰ ਰੱਖਿਆ ਗਿਆ ਸੀ, ਉਸ ਘਰ ਵਿਚ ਉਨ੍ਹਾਂ ਵਿਅਕਤੀਆਂ ਵਲੋਂ ਸਾਡੀ ਦੋਵਾਂ ਦੀ ਬਹੁਤ ਕੁੱਟਮਾਰ ਕੀਤੀ ਗਈ ਹੈ। ਉਨ੍ਹਾਂ ਨੇ ਭੁੱਖੇ ਪਿਆਸੇ ਰੱਖ ਕੇ ਸਾਡੇ ਪਾਸੋਂ ਉਹ ਪੰਜ-ਪੰਜ ਹਜ਼ਾਰ ਡਾਲਰ ਵੀ ਖੋਹ ਲੈ ਹਨ ਤੇ ਸਾਨੂੰ ਜਾਨੋਂ ਮਾਰਨ ਦੀ ਕੋਸ਼ਿਸ਼ ਕੀਤੀ ਗਈ।



ਅਸੀਂ ਹੁਣ ਉਥੋਂ ਭੱਜ ਕੇ ਆਪਣੀ ਜਾਨ ਬਚਾ ਕੇ ਇੰਡੋਨੇਸ਼ੀਆ ਦੇ ਬਾਲੀ ਏਅਰਪੋਰਟ 'ਤੇ ਪਹੁੰਚੇ ਹਾਂ ਤੇ ਸਾਡੇ ਕੋਲ ਕੋਈ ਪੈਸਾ ਵੀ ਨਹੀਂ ਹੈ। ਅਜੇਪਾਲ ਨੇ ਕਿਹਾ ਕਿ ਤੁਸੀਂ ਸਾਡੀ ਜਲਦ ਤੋਂ ਜਲਦ ਵਾਪਸੀ ਦੀ ਟਿਕਟ ਕਰਵਾ ਦਿਓ, ਜਿਸ ਤੋਂ ਬਾਅਦ ਅਕਾਸ਼ਦੀਪ ਸਿੰਘ ਵੱਲੋਂ ਉਨ੍ਹਾਂ ਦੀ ਵਾਪਸੀ ਦੀ ਟਿਕਟ ਕਰਵਾ ਦਿੱਤੀ ਗਈ, ਪਰ ਉਹ ਵਾਪਸ ਇੰਡੀਆ ਨਹੀਂ ਪਹੁੰਚੇ। ਮੁੰਡਿਆਂ ਬਾਰੇ ਪਤਾ ਕਰਨ 'ਤੇ ਪਤਾ ਲੱਗਿਆ ਕਿ ਜਿਨ੍ਹਾਂ ਵਿਅਕਤੀਆਂ ਨੇ ਉਨ੍ਹਾਂ ਨੂੰ ਆਪਣੇ ਘਰ ਰੱਖਿਆ ਸੀ, ਉਨ੍ਹਾਂ ਦੀ ਸ਼ਰਾਬੀ ਹਾਲਤ ਵਿਚ ਹੋਈ ਆਪਸੀ ਲੜਾਈ ਦੌਰਾਨ ਇਕ ਵਿਅਕਤੀ ਦੀ ਮੌਤ ਹੋ ਗਈ ਹੈ। ਇਸ ਲੜਾਈ ਵਿਚ ਸਨੀ ਕੁਮਾਰ ਵਾਸੀ ਹੁਸ਼ਿਆਰਪੁਰ ਜ਼ਖਮੀ ਹੋਇਆ ਹੈ, ਜਿਸ ਨੇ ਉਸ ਵਿਅਕਤੀ ਦੀ ਮੌਤ ਦੇ ਕੇਸ ਵਿਚ ਸਾਡੇ ਦੋਹਾਂ ਮੁੰਡਿਆਂ ਨੂੰ ਝੂਠਾ ਫਸਾ ਦਿੱਤਾ ਹੈ, ਜਦੋਂਕਿ ਸਨੀ ਕੁਮਾਰ ਬਾਰੇ ਪਤਾ ਲੱਗਿਆ ਹੈ ਕਿ ਉਹ ਬਹੁਤ ਵੱਡਾ ਫਰਾਡ ਹੈ ਤੇ ਉਸ ਉੱਪਰ ਪਹਿਲਾਂ ਤੋਂ ਕਈ ਮਾਮਲੇ ਦਰਜ ਹਨ, ਜਿਸ ਨੇ ਸਾਡੇ ਮੁੰਡਿਆਂ ਨੂੰ ਝੂਠੇ ਕੇਸ ਵਿਚ ਫਸਾ ਦਿੱਤਾ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਵੀਡੀਓ ਮੁਤਾਬਕ ਇਨ੍ਹਾਂ ਨੌਜਵਾਨਾਂ ਨੂੰ ਫਾਂਸੀ ਦੀ ਸਜ਼ਾ ਵੀ ਹੋ ਸਕਦੀ ਹੈ।

## ਇੰਡੋਨੇਸ਼ੀਆ 'ਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪੰਜਾਬੀ ਨੌਜਵਾਨਾਂ ਦੇ ਪਰਿਵਾਰ ਨੂੰ ਮਿਲੇ ਮੰਤਰੀ

**ਰਮਦਾਸ, (ਪੰਜਾਬ ਮੇਲ)-** ਪਿੰਡ ਗੱਗੋਮਾਹਲ ਦੇ ਦੋ ਨੌਜਵਾਨ, ਜੋ ਕਿਸੇ ਟਰੈਵਲ ਏਜੰਟ ਦੇ ਭਰੋਸੇ ਵਿਚ ਆ ਕੇ ਇੰਡੋਨੇਸ਼ੀਆ ਵਿਚ ਫੱਸ ਗਏ ਅਤੇ ਉਥੇ ਕਤਲ ਕੇਸ ਦੇ ਇਲਜ਼ਾਮ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਹਨ, ਦੇ ਪਰਿਵਾਰ ਕੋਲ ਪਹੁੰਚੇ ਐੱਨ.ਆਰ.ਆਈ. ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਪੁੱਜੇ। ਉਨ੍ਹਾਂ ਪਰਿਵਾਰ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਵਤਨ ਵਾਪਸ ਲਿਆਉਣ ਲਈ ਪੂਰੀ ਕਾਨੂੰਨੀ ਵਾਹ ਲਗਾਏਗੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੇ ਪ੍ਰਿੰਸੀਪਲ ਸਕੱਤਰ ਜੇ.ਐੱਮ. ਬਾਲਾਮੁਰਗਨ ਇੰਡੋਨੇਸ਼ੀਆ ਦੂਤ ਨਾਲ ਸੰਪਰਕ ਕਰ ਰਹੇ ਹਨ ਅਤੇ ਕੋਸ਼ਿਸ਼ ਹੋਵੇਗੀ ਕਿ ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲੈ ਕੇ ਨੌਜਵਾਨਾਂ ਨੂੰ ਵਾਪਸ ਵਤਨ ਲਿਆਂਦਾ ਜਾਵੇ।

ਸ਼੍ਰੀ ਧਾਲੀਵਾਲ ਨੇ ਕਿਹਾ ਕਿ ਇਸ ਦੇ ਨਾਲ ਹੀ ਠੱਗ ਟਰੈਵਲ ਏਜੰਟਾਂ ਜਿਨ੍ਹਾਂ ਦੀਆਂ ਗੱਲਾਂ ਵਿਚ ਆ ਕੇ ਇਹ ਨੌਜਵਾਨ ਇੰਡੋਨੇਸ਼ੀਆ ਵਿਚ ਫਸੇ ਸਨ, ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ। ਪੰਜਾਬ ਦੇ ਜਿਹੜੇ ਵੀ ਏਜੰਟ ਅਜਿਹਾ ਮਨੁੱਖੀ ਤਸਕਰੀ ਦਾ ਧੰਦਾ ਕਰਦੇ ਹਨ, ਵਿਰੁੱਧ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਦੱਸਣਯੋਗ ਹੈ ਕਿ ਗੱਗੋਮਾਹਲ ਦੇ ਜੋ ਦੋ ਨੌਜਵਾਨ ਇੰਡੋਨੇਸ਼ੀਆ ਵਿਚ ਫਸੇ ਹਨ, ਇਕੋ ਪਰਿਵਾਰ ਦੇ ਹਨ।

# ਬ੍ਰਿਟੇਨ ਵੱਲੋਂ 86 ਰੂਸੀ ਸੰਸਥਾਵਾਂ ਤੇ ਵਿਅਕਤੀਆਂ 'ਤੇ ਪਾਬੰਦੀ

**ਮਾਸਕੋ/ਲੰਡਨ, (ਪੰਜਾਬ ਮੇਲ)-** ਬ੍ਰਿਟੇਨ ਨੇ ਰੂਸ ਦੇ ਊਰਜਾ, ਧਾਤੂ, ਰੱਖਿਆ ਆਵਾਜਾਈ ਅਤੇ ਵਿੱਤ ਖੇਤਰਾਂ ਨਾਲ ਜੁੜੀਆਂ 86 ਸੰਸਥਾਵਾਂ ਅਤੇ ਵਿਅਕਤੀਆਂ 'ਤੇ ਪਾਬੰਦੀਆਂ ਦਾ ਐਲਾਨ ਕੀਤਾ ਹੈ। ਬ੍ਰਿਟੇਨ ਦੇ ਵਿਦੇਸ਼ ਦਫਤਰ ਨੇ ਸ਼ੁੱਕਰਵਾਰ ਨੂੰ ਜਾਰੀ ਇਕ ਬਿਆਨ ਵਿਚ ਕਿਹਾ ਕਿ ਰੂਸੀ ਵਪਾਰਕ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਨਵੀਆਂ ਪਾਬੰਦੀਆਂ ਦਾ ਐਲਾਨ ਕੀਤਾ ਗਿਆ ਹੈ। ਪਾਬੰਦੀਆਂ ਦੁਆਰਾ ਨਿਸ਼ਾਨਾ ਬਣਾਏ ਗਏ ਵਪਾਰਕ ਅਦਾਰੇ ਅਤੇ ਵਿਅਕਤੀ ਊਰਜਾ, ਧਾਤੂ, ਰੱਖਿਆ ਅਤੇ ਵਿੱਤ ਖੇਤਰਾਂ ਨਾਲ ਸਬੰਧਤ ਹਨ ਅਤੇ ਇਸਦਾ ਉਦੇਸ਼ ਪੁਤਿਨ ਪ੍ਰਸ਼ਾਸਨ 'ਤੇ ਮਾਲੀਆ ਦਬਾਅ ਬਣਾਉਣਾ ਹੈ।

ਬ੍ਰਿਟੇਨ ਨੇ ਜਿਹੜੀਆਂ ਕੰਪਨੀਆਂ 'ਤੇ ਪਾਬੰਦੀਆਂ ਲਗਾਈਆਂ ਹਨ, ਉਹਨਾਂ ਵਿਚ ਰੂਸ ਦੀ ਸਰਕਾਰੀ ਪ੍ਰਮਾਣੂ ਏਜੰਸੀ ਰੋਸਟੋਮ, ਉੱਨਤ ਧਾਤਾਂ ਅਤੇ ਤਕਨਾਲੋਜੀ ਉਤਪਾਦਕ, ਲੇਜ਼ਰ ਅਤੇ ਅੱਠ ਹੋਰ ਰੂਸ ਵਿੱਚ ਧਾਤ ਦੇ ਉਤਪਾਦਨ ਨਾਲ ਜੁੜੀਆਂ ਕੰਪਨੀਆਂ ਅਤੇ ਪੰਜ ਵਿੱਤੀ ਸੰਸਥਾਵਾਂ ਸ਼ਾਮਲ ਹਨ। ਇਸ ਤੋਂ ਇਲਾਵਾ ਜ਼ਪੋਰੀਝਜ਼ਿਆ ਪਰਮਾਣੂ ਪਾਵਰ ਪਲਾਂਟ ਦੇ ਮੁਖੀ ਓਲੇਗ ਰੋਮੇਨੈਂਕੋ, ਗਜ਼ਪ੍ਰੋਮਨੇਫਟ ਦੇ ਨਿਰਦੇਸ਼ਕ ਮੰਡਲ ਦੇ 13 ਮੈਂਬਰ, ਟਰਾਂਸਨੇਫਟ ਦੇ ਨਿਰਦੇਸ਼ਕ ਬੋਰਡ ਦੇ ਪੰਜ ਮੈਂਬਰ, ਐਲਨ ਲੁਸ਼ਿਨਕੋਵ ਅਤੇ ਕਲਾਸ਼ਨੀਕੋਵ ਕੰਸਰਨ ਦੇ ਪ੍ਰਧਾਨ ਅਤੇ ਜਨਰਲ ਡਾਇਰੈਕਟਰ ਵਲਾਦੀਮੀਰ ਲੇਪਿਨ 'ਤੇ ਵੀ ਪਾਬੰਦੀ ਲਗਾਈ ਗਈ ਹੈ।

# ਕੈਨੇਡਾ 'ਚ ਭਾਰਤੀ ਵਿਦਿਆਰਥਣਾਂ ਨੂੰ ਵੇਸਵਾਘਰਾਂ ਦੇ ਦਲਾਲ ਬਣਾ ਰਹੇ ਨੇ ਆਪਣਾ ਸ਼ਿਕਾਰ

**ਟੋਰਾਂਟੋ, (ਪੰਜਾਬ ਮੇਲ)-** ਭਾਰਤੀ ਕੌਮਾਂਤਰੀ ਵਿਦਿਆਰਥਣਾਂ ਨੂੰ ਇਥੇ ਸਰਗਰਮ ਵੇਸ਼ਵਾਘਰਾਂ ਦੇ ਦਲਾਲ ਆਪਣਾ ਸ਼ਿਕਾਰ ਬਣਾ ਰਹੇ ਹਨ। ਇਨ੍ਹਾਂ ਦਲਾਲਾਂ ਨੂੰ ਸਥਾਨਕ ਭਾਸ਼ਾ ਵਿਚ ਪਿੰਪਸ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਇਥੇ ਗ੍ਰੇਟਰ ਟੋਰਾਂਟੋ ਏਰੀਆ (ਜੀ.ਟੀ.ਏ.) ਵਿਚ ਸਿੱਖਿਆ ਕੰਪਲੈਕਸਾਂ, ਬੱਸ ਸਟਾਪਸ, ਕੰਮ ਵਾਲੇ ਸਥਾਨਾਂ ਅਤੇ ਇਥੋਂ ਤੱਕ ਕਿ ਧਾਰਮਿਕ ਸਥਾਨਾਂ 'ਤੇ ਵੀ ਆਪਣਾ ਸ਼ਿਕਾਰ ਲੱਭਦੇ ਹਨ, ਜਿਨ੍ਹਾਂ ਵਿਚ ਦੂਸਰੇ ਦੇਸ਼ਾਂ ਤੋਂ ਪੜ੍ਹਨ ਲਈ ਆਈਆਂ ਕੁੜੀਆਂ ਹੁੰਦੀਆਂ ਹਨ। ਜੀ.ਟੀ.ਏ. ਵਿਚ ਭਾਰਤੀ ਵਿਦਿਆਰਥਣਾਂ ਦੀ ਸੈਕਸ ਟ੍ਰੈਫਿਕਿੰਗ ਤੇਜ਼ੀ ਨਾਲ ਵਧੀ ਹੈ। ਇਸਦਾ ਦੁੱਖ ਭਰਿਆ ਪਹਿਲੂ ਇਹ ਹੈ ਕਿ ਇਨ੍ਹਾਂ ਕੁੜੀਆਂ ਦਾ ਸ਼ੋਸ਼ਣ ਕਰਨ ਵਾਲੇ ਪਿੰਪਸ ਵੀ ਇੰਡੋ-ਕੈਨੇਡੀਅਨ ਭਾਈਚਾਰੇ ਤੋਂ ਹਨ। ਪਿਛਲੇ ਸਾਲ ਅਗਸਤ 'ਚ ਇਕ 18 ਸਾਲ ਦੀ ਭਾਰਤੀ ਵਿਦਿਆਰਥਣ ਨੂੰ ਵੇਸ਼ਵਾਗਮਨੀ ਵਿਚ ਧੱਕਣ ਲਈ ਤਿੰਨ ਇੰਡੋ-ਕੈਨੇਡੀਅਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਹ ਲੋਕ ਆਨਲਾਈਨ ਸੈਕਸ ਸੇਵਾਵਾਂ ਚਲਾ ਰਹੇ ਸਨ।

ਟੋਰਾਂਟੋ 'ਚ ਅਜਿਹੀਆਂ ਪੀੜਤ ਵਿਦਿਆਰਥਣਾਂ ਦੀ ਮਦਦ ਲਈ ਐਲਸਪੇਥ ਹੇਵਰਥ ਸੈਂਟਰ ਚਲਾਉਣ ਵਾਲੀ ਸੁੰਦਰ ਸਿੰਘ ਦੱਸਦੀ ਹੈ ਕਿ ਇਕ ਦਲਾਲ ਨੂੰ ਇਕ ਕੁੜੀ ਤੋਂ ਸਾਲ ਦੀ ਲਗਭਗ 2.3 ਲੱਖ ਡਾਲਰ ਦੀ ਕਮਾਈ ਹੁੰਦੀ ਹੈ। ਭਾਰਤੀ ਰੁਪਏ ਵਿਚ ਇਹ ਰਕਮ ਦੋ ਕਰੋੜ ਰੁਪਏ ਦੇ ਲਗਭਗ

**■ ਇਕ ਕੁੜੀ ਤੋਂ ਕਮਾਉਂਦੇ ਹਨ 2 ਕਰੋੜ**

ਬਣਦੀ ਹੈ। ਇਸ ਵਿਚੋਂ ਕੁੜੀ ਨੂੰ ਕੁਝ ਨਹੀਂ ਮਿਲਦਾ। ਉਸਨੂੰ ਸਿਰਫ ਖਾਣਾ ਅਤੇ ਰਹਿਣ ਦੀ ਥਾਂ ਦਿੱਤੀ ਜਾਂਦੀ ਹੈ। ਅਸਲ ਵਿਚ ਉਹ ਉਨ੍ਹਾਂ ਦੀ ਬੰਧਕ ਬਣਕੇ ਰਹਿ ਜਾਂਦੀ ਹੈ। ਉਹ ਕਹਿੰਦੀ ਹੈ ਕਿ ਭਾਰਤੀ ਵਿਦਿਆਰਥਣਾਂ ਦਾ ਵਧਦਾ ਸ਼ੋਸ਼ਣ ਸਾਡੇ ਲਈ ਚਿੰਤਾ ਵਾਲੀ ਗੱਲ ਹੈ।

ਸੈਕਸ ਟਰੇਡ ਵਿਚ ਫਸਣ ਲਈ ਸਿਰਫ ਇਕ ਰਾਤ ਹੀ ਬਹੁਤ ਹੁੰਦੀ ਹੈ। ਵੇਸ਼ਵਾਘਰਾਂ ਦੇ ਦਲਾਲ ਜਿਨ੍ਹਾਂ ਕੁੜੀਆਂ ਨੂੰ ਫਸਾਉਂਦੇ ਹਨ, ਉਨ੍ਹਾਂ ਤੋਂ ਪਹਿਲਾਂ ਉਨ੍ਹਾਂ ਦੇ ਪਰਿਵਾਰ ਬਾਰੇ ਪੂਰੀ ਜਾਣਕਾਰੀ ਲੈ ਲੈਂਦੇ ਹਨ ਅਤੇ ਫਿਰ ਉਨ੍ਹਾਂ ਨੂੰ ਬਲੈਕਮੇਲ ਕਰਨਾ ਸ਼ੁਰੂ ਕਰਦੇ ਹਨ। ਉਨ੍ਹਾਂ ਕੋਲ ਆਤਮਸਮਰਪਣ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿੰਦਾ।

ਬਰੈਂਪਟਨ ਦੀ ਰਹਿਣ ਵਾਲੀ ਇਕ ਬਜ਼ੁਰਗ ਇੰਡੋ-ਕੈਨੇਡੀਅਨ ਔਰਤ ਮੁਤਾਬਕ ਉਨ੍ਹਾਂ ਦੀ ਫੈਮਿਲੀ ਨਰਸ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਹਰ ਮਹੀਨੇ 10-12 ਭਾਰਤੀ ਵਿਦਿਆਰਥਣਾਂ ਦਾ ਗਰਭਪਾਤ ਕਰਵਾਉਂਦੀ ਹੈ। ਪਹਿਲਾਂ ਇੰਝ ਨਹੀਂ ਸੀ। ਹਾਲਾਂਕਿ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਕਈ ਕੁੜੀਆਂ ਆਪਣੇ ਖਰਚੇ ਪੂਰੇ ਕਰਨ ਲਈ ਜਾਣਬੁੱਝ ਕੇ ਇਸ ਧੰਦੇ ਵਿਚ ਆ ਰਹੀਆਂ ਹਨ।

ਸੁੰਦਰ ਸਿੰਘ ਦੱਸਦੀ ਹੈ ਕਿ ਕੈਨੇਡਾ ਵਿਚ ਜੋ ਇੰਟਰਨੈਸ਼ਨਲ ਵਿਦਿਆਰਥੀ ਆਉਂਦੇ ਹਨ, ਉਨ੍ਹਾਂ ਵਿਚ 90 ਫੀਸਦੀ ਵਿਦਿਆਰਥਣਾਂ ਹੁੰਦੀਆਂ ਹਨ।



ਸਫਾ 1 ਦਾ ਬਾਕੀ

## 'ਟਾਈਟਲ-42' ਦੀ ਮਿਆਦ ਪੁੱਗਣ ਤੋਂ ਇਕ ਹਫ਼ਤੇ 'ਚ 11 ਹਜ਼ਾਰ ਤੋ...

ਦੇ ਨਤੀਜਿਆਂ ਨੂੰ ਉਜਾਗਰ ਜੰਗੀ ਪੱਧਰ 'ਤੇ ਕੀਤਾ ਹੈ, ਜੋ ਪਿਛਲੇ ਦੋ ਸਾਲਾਂ ਵਿਚ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਿਆ ਸੀ।

ਅਧਿਕਾਰੀਆਂ ਨੇ ਇਹ ਵੀ ਕਿਹਾ ਹੈ ਕਿ ਰਸਮੀ ਦੇਸ਼ ਨਿਕਾਲੇ ਵਿਚ ਵਾਧੇ ਨੇ ਪਿਛਲੇ ਹਫ਼ਤੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਗਿਰਾਵਟ ਵਿਚ ਯੋਗਦਾਨ ਪਾਇਆ ਹੈ। ਜਦੋਂ ਕਿ ਰੋਜ਼ਾਨਾ ਪ੍ਰਵਾਸੀ ਕ੍ਰਾਸਿੰਗ 10,000 ਤੱਕ ਵੱਧ ਗਈ ਸੀ, ਜੋ ਕਿ ਇੱਕ ਬਹੁਤ ਹੀ ਵੱਡਾ ਰਿਕਾਰਡ ਹੈ। ਟਾਈਟਲ-42 ਦੇ ਖ਼ਤਮ ਹੋਣ ਤੋਂ ਠੀਕ ਪਹਿਲਾਂ, ਉਹ ਉਦੋਂ ਤੋਂ ਘੱਟ ਗਏ ਹਨ। ਯੂ.ਐੱਸ. ਸਰਹੱਦੀ ਅਧਿਕਾਰੀਆਂ ਨੇ ਪਿਛਲੇ ਹਫ਼ਤੇ ਵਿਚ ਔਸਤਨ 4,400 ਹਜ਼ਾਰ ਲੋਕਾਂ ਦੇ ਆਉਣ ਦਾ ਖਦਸ਼ਾ ਜਤਾਇਆ ਹੈ। ਜਦਕਿ ਪਿਛਲੇ ਦਿਨਾਂ ਵਿਚ ਬਾਰਡਰ ਗਸ਼ਤ ਨੇ ਔਸਤਨ 3,000 ਰੋਜ਼ਾਨਾ ਖਦਸ਼ੇ ਜ਼ਾਹਰ ਕੀਤੇ ਹਨ, ਜੋ ਕਿ ਇਸ ਮਹੀਨੇ ਦੇ ਸ਼ੁਰੂ ਵਿਚ 70% ਘੱਟ ਹੈ। ਟਾਈਟਲ 42 ਦੀ ਮਿਆਦ ਪੁੱਗਣ ਤੋਂ ਬਾਅਦ ਵਾਪਸ ਪਰਤਣ ਵਾਲਿਆਂ ਵਿਚ ਵੈਨੇਜ਼ੁਏਲਾ, ਨਿਕਾਰਾਗੁਆ, ਹੈਤੀ ਅਤੇ ਕਿਊਬਾ ਦੇ 1,100 ਪ੍ਰਵਾਸੀ ਸਨ, ਜੋ ਮੈਕਸੀਕੋ ਵਾਪਸ ਆ ਗਏ ਸਨ, ਜੋ ਅਮਰੀਕਾ ਦੀ ਬੇਨਤੀ 'ਤੇ ਇਨ੍ਹਾਂ ਕੌਮੀਅਤਾਂ ਨੂੰ ਵਾਪਸ ਲੈਣ ਲਈ ਸਹਿਮਤ ਹੋਏ ਸਨ। ਜਦੋਂਕਿ ਦੂਜੇ ਦੇਸ਼ਾਂ ਦੇ ਪ੍ਰਵਾਸੀਆਂ ਨੂੰ ਤੇਜ਼ੀ ਨਾਲ ਹਟਾਉਣ ਵਜੋਂ ਜਾਣੀ ਜਾਂਦੀ ਪ੍ਰਕਿਰਿਆ ਦੇ ਤਹਿਤ ਦੇਸ਼ ਨਿਕਾਲੇ ਅਤੇ ਪੰਜ ਸਾਲਾਂ ਦੀ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਵੈਨੇਜ਼ੁਏਲਾ, ਨਿਕਾਰਾਗੁਆ, ਹੈਤੀ ਅਤੇ ਕਿਊਬਨ ਨੂੰ ਮੈਕਸੀਕੋ ਵਾਪਸ ਜਾਣ ਦਾ ਮੌਕਾ ਦਿੱਤਾ ਜਾ ਰਿਹਾ ਹੈ, ਤਾਂ ਜੋ ਉਹ ਇੱਕ ਪ੍ਰੋਗਰਾਮ ਲਈ ਅਰਜ਼ੀ ਦੇ ਸਕਣ। ਜੇਕਰ ਉਨ੍ਹਾਂ ਕੋਲ ਵਿੱਤੀ ਸਪਾਂਸਰ ਹਨ, ਤਾਂ ਯੂ.ਐੱਸ. ਇਨ੍ਹਾਂ ਨੂੰ "ਸਵੈ-ਇੱਜ਼ਤ ਵਾਪਸੀ" ਵਜੋਂ ਗਿਣਿਆ ਜਾਂਦਾ ਹੈ। ਵਧੇ ਹੋਏ ਦੇਸ਼ ਨਿਕਾਲੇ ਅਤੇ ਵਾਪਸੀ ਦੇ ਨਾਲ ਜੋੜ ਕੇ ਕੰਮ ਕਰਨਾ ਇੱਕ ਹਾਲ ਹੀ ਵਿਚ ਲਾਗੂ ਕੀਤਾ ਗਿਆ ਬਾਇਡਨ ਪ੍ਰਸ਼ਾਸਨ ਦਾ ਨਿਯਮ ਹੈ, ਜੋ ਪ੍ਰਵਾਸੀਆਂ ਨੂੰ ਸ਼ਰਣ ਤੋਂ ਅਯੋਗ ਠਹਿਰਾਉਂਦਾ ਹੈ, ਜੇਕਰ ਉਹ ਅਮਰੀਕੀ ਧਰਤੀ ਦੇ ਰਸਤੇ ਵਿਚ ਮੈਕਸੀਕੋ ਵਰਗੇ ਤੀਜੇ ਦੇਸ਼ ਵਿਚ ਸੁਰੱਖਿਆ ਦੀ ਬੇਨਤੀ ਕਰਨ ਵਿਚ ਅਸਫਲ ਰਹਿਣ ਤੋਂ ਬਾਅਦ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੁੰਦੇ ਹਨ।

ਸਫਾ 1 ਦਾ ਬਾਕੀ

## ਅਮਰੀਕੀ ਸੰਸਦ 'ਗ੍ਰੀਨ ਕਾਰਡ' ਦੀ ਸਾਲਾਨਾ ਸੀਮਾ 'ਚ ਕਰ ਸਕਦੀ ...

ਸਥਾਈ ਤੌਰ 'ਤੇ ਦੇਸ਼ ਵਿਚ ਰਹਿਣ ਦੀ ਇਜਾਜ਼ਤ ਦਿੱਤੀ ਗਈ ਹੈ। ਇਮੀਗ੍ਰੇਸ਼ਨ ਕਾਨੂੰਨ ਤਹਿਤ ਹਰ ਸਾਲ ਲਗਭਗ 140,000 ਰੁਜ਼ਗਾਰ-ਆਧਾਰਿਤ ਗ੍ਰੀਨ ਕਾਰਡ ਜਾਰੀ ਕੀਤੇ ਜਾਂਦੇ ਹਨ। ਹਾਲਾਂਕਿ ਹਰ ਸਾਲ ਇਨ੍ਹਾਂ ਵਿਚੋਂ ਸਿਰਫ ਇੱਕ ਦੇਸ਼ ਨੂੰ ਸਿਰਫ ਸੱਤ ਫ਼ੀਸਦੀ ਗ੍ਰੀਨ ਕਾਰਡ ਮਿਲ ਸਕਦੇ ਹਨ। ਯੂ.ਐੱਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਦੇ ਡਾਇਰੈਕਟਰ ਦੇ ਸੀਨੀਅਰ ਸਲਾਹਕਾਰ ਡਗਲਸ ਰੈਂਡ ਨੇ ਕਿਹਾ ਕਿ ਅਮਰੀਕਾ ਵਿਚ ਸਥਾਈ ਨਿਵਾਸੀ ਦੇ ਪਰਿਵਾਰਕ ਮੈਂਬਰਾਂ ਨੂੰ ਜਾਰੀ ਕੀਤੇ ਜਾਣ ਵਾਲੇ ਗ੍ਰੀਨ ਕਾਰਡਾਂ ਦੀ ਸਾਲਾਨਾ ਸੀਮਾ ਵਿਸ਼ਵ ਲਈ 2,26,000 ਹੈ, ਜਦੋਂਕਿ ਰੁਜ਼ਗਾਰ ਆਧਾਰਿਤ ਗ੍ਰੀਨ ਕਾਰਡਾਂ ਦੀ ਸਾਲਾਨਾ ਸੀਮਾ 1,40,000 ਹੈ। ਉਸਨੇ ਵੀਜ਼ਾ ਅਤੇ ਕੌਂਸਲਰ ਮੁੱਦਿਆਂ 'ਤੇ ਇੱਕ ਆਨਲਾਈਨ ਈਵੈਂਟ ਵਿਚ ਭਾਰਤੀ-ਅਮਰੀਕੀਆਂ ਨੂੰ ਦੱਸਿਆ ਕਿ ਪਰਿਵਾਰ ਦੇ ਮੈਂਬਰਾਂ ਅਤੇ ਰੁਜ਼ਗਾਰ ਆਧਾਰਿਤ ਗ੍ਰੀਨ ਕਾਰਡਾਂ 'ਤੇ ਹਰੇਕ ਦੇਸ਼ ਲਈ 7 ਫੀਸਦੀ ਸਾਲਾਨਾ ਕੋਟਾ ਹੈ। ਰੈਂਡ ਨੇ ਇਕ ਸਵਾਲ ਦੇ ਜਵਾਬ 'ਚ ਕਿਹਾ ਕਿ "ਇਸੇ ਲਈ ਭਾਰਤ, ਚੀਨ, ਮੈਕਸੀਕੋ ਅਤੇ ਫਿਲੀਪੀਨਜ਼ ਦੇ ਲੋਕਾਂ ਨੂੰ ਦੂਜੇ ਦੇਸ਼ਾਂ ਦੇ ਲੋਕਾਂ ਦੇ ਮੁਕਾਬਲੇ ਜ਼ਿਆਦਾ ਇੰਤਜ਼ਾਰ ਕਰਨਾ ਪੈਂਦਾ ਹੈ।" ਰੈਂਡ ਨੇ ਇਕ ਸਵਾਲ ਦੇ ਜਵਾਬ 'ਚ ਕਿਹਾ ਕਿ ਅਮਰੀਕੀ ਸੰਸਦ ਹੀ ਇਸ ਸਾਲਾਨਾ ਸੀਮਾ ਵਿਚ ਤਬਦੀਲੀ ਕਰ ਸਕਦੀ ਹੈ। ਸਾਡਾ ਕੰਮ ਇਹ ਯਕੀਨੀ ਬਣਾਉਣਾ ਹੈ ਕਿ ਹਰ ਸਾਲ ਇਹ ਗ੍ਰੀਨ ਕਾਰਡ ਉਪਲਬਧ ਹੋਣ 'ਤੇ ਇਨ੍ਹਾਂ ਦੀ ਵਰਤੋਂ ਕੀਤੀ ਜਾਵੇ। ਗੌਰਤਲਬ ਹੈ ਕਿ ਭਾਰਤ ਦੇ ਹਜ਼ਾਰਾਂ ਪੇਸ਼ੇਵਰ ਇਕ ਦਹਾਕੇ ਤੋਂ ਵੱਧ ਵੀ ਵੱਧ ਸਮੇਂ ਤੋਂ ਗ੍ਰੀਨ ਕਾਰਡ ਦਾ ਇੰਤਜ਼ਾਰ ਕਰ ਰਹੇ ਹਨ ਅਤੇ ਕਈ ਵਾਰ ਵੀਜ਼ਿਆਂ ਦੀ ਉਡੀਕ ਵੀ ਸਾਲਾਂਬੱਧੀ ਚੱਲਦੀ ਹੈ। ਭਾਰਤ ਦੇ ਲੋਕਾਂ ਨੂੰ ਹਰ ਸਾਲ ਲਗਭਗ 7,000-8,000 ਰੁਜ਼ਗਾਰ ਆਧਾਰਿਤ ਗ੍ਰੀਨ ਕਾਰਡ ਜਾਰੀ ਕੀਤੇ ਜਾਂਦੇ ਹਨ। ਇਨ੍ਹਾਂ ਵਿਚ ਪ੍ਰਾਇਮਰੀ ਬਿਨੈਕਾਰਾਂ ਦੇ ਪਰਿਵਾਰ 'ਤੇ ਨਿਰਭਰ ਲੋਕ ਵੀ ਸ਼ਾਮਲ ਹਨ। ਭਾਰਤ ਤੋਂ ਹਰ ਸਾਲ ਲਗਭਗ 2,000 ਐੱਚ-1ਬੀ ਵੀਜ਼ਾ ਬਿਨੈਕਾਰ ਗ੍ਰੀਨ ਕਾਰਡ ਪ੍ਰਾਪਤ ਕਰਦੇ ਹਨ। ਜ਼ਿਕਰਯੋਗ ਹੈ ਕਿ ਐੱਚ-1ਬੀ ਵੀਜ਼ਾ ਇੱਕ ਗੈਰ-ਪ੍ਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਉਨ੍ਹਾਂ ਕਿੱਤਿਆਂ ਵਿਚ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ ਜਿਨ੍ਹਾਂ ਲਈ ਸਿਧਾਂਤਕ ਜਾਂ ਤਕਨੀਕੀ ਮੁਹਾਰਤ ਦੀ ਲੋੜ ਹੁੰਦੀ ਹੈ। ਤਕਨਾਲੋਜੀ ਕੰਪਨੀਆਂ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਤੋਂ ਹਰ ਸਾਲ ਹਜ਼ਾਰਾਂ ਕਰਮਚਾਰੀਆਂ ਦੀ ਭਰਤੀ ਕਰਨ ਲਈ ਐੱਚ-1ਬੀ ਵੀਜ਼ਾ 'ਤੇ ਨਿਰਭਰ ਕਰਦੀਆਂ ਹਨ।

ਸਫਾ 1 ਦਾ ਬਾਕੀ

## ਯੂ.ਐੱਸ. ਸੈਨੇਟਰ ਕ੍ਰਿਸਟਨ ਜਿਲੀਬਰਾਂਡ ਨੇ ਡਾ. ਪ੍ਰਿਤਪਾਲ ਦੇ ਗ੍ਰਹਿ ਵਿਖੇ...

ਇਸ ਤੋਂ ਇਲਾਵਾ ਜਸਦੇਵ ਸਿੰਘ, ਕਸ਼ਮੀਰ ਸਿੰਘ, ਜਸਵੰਤ ਸਿੰਘ ਹੋਠੀ ਤੇ ਜਸਜੀਤ ਸਿੰਘ ਨੇ ਵੀ ਸੈਨੇਟਰ ਜਿਲੀਬਰਾਂਡ ਨੂੰ ਸਿੱਖਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਬਾਰੇ ਖੁੱਲ੍ਹ ਕੇ ਜਾਣਕਾਰੀ ਦਿੱਤੀ। ਇਸ ਦੌਰਾਨ ਸੈਨੇਟਰ ਜਿਲੀਬਰਾਂਡ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਉਹ ਅਮਰੀਕੀ ਫੌਜ ਵਿਚ ਸਿੱਖਾਂ ਨੂੰ ਆ ਰਹੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੈਨੂੰ ਪਤਾ ਹੈ ਕਿ ਅਮਰੀਕੀ ਫੌਜ ਅਤੇ ਏਅਰ ਫੋਰਸ ਵਿਚ ਸਿੱਖਾਂ ਨੂੰ ਦਸਤਾਰ ਅਤੇ ਪੰਜ ਕਕਾਰ ਸਮੇਤ ਭਰਤੀ ਹੋਣ ਵਿਚ ਕਾਫੀ ਔਖਿਆਈ ਆ ਰਹੀ ਹੈ। ਉਨ੍ਹਾਂ ਕਿਹਾ ਕਿ ਮੈਂ ਯੂ.ਐੱਸ. ਆਰਮਡ ਸਰਵਿਸ ਕਮੇਟੀ ਦੀ ਮੈਂਬਰ ਹੋਣ ਦੇ ਨਾਤੇ ਇਸ ਵੱਲ ਵਿਸ਼ੇਸ਼ ਧਿਆਨ ਦਿਆਂਗੀ ਤੇ ਮੈਨੂੰ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿਚ ਸਿੱਖਾਂ ਪ੍ਰਤੀ ਫੌਜ ਵਿਚ ਆਉਂਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਵਿਚ ਮਦਦ ਮਿਲੇਗੀ। ਇਸ ਮੌਕੇ ਹੋਰ ਵੀ ਬਹੁਤ ਸਾਰੇ ਸਿੱਖ ਆਗੂ ਹਾਜ਼ਰ ਸਨ।

ਸਫਾ 1 ਦਾ ਬਾਕੀ

## ਡਬਲਯੂ.ਐੱਚ.ਓ. ਮੁਖੀ ਵੱਲੋਂ ਕੋਵਿਡ ਤੋਂ ਵੀ ਘਾਤਕ ਵਾਇਰਸ ਦੀ...

ਬਾਅਦ ਕਿਸੇ ਹੋਰ ਕਿਸਮ ਦੀ ਬਿਮਾਰੀ ਦਾ ਖ਼ਤਰਾ ਹੋ ਸਕਦਾ ਹੈ, ਜਿਸ ਨਾਲ ਮੌਤ ਹੋ ਸਕਦੀ ਹੈ। ਇਹ ਕੋਵਿਡ ਤੋਂ ਵੀ ਘਾਤਕ ਹੋ ਸਕਦਾ ਹੈ ਅਤੇ ਹੋਰ ਵੀ ਘਾਤਕ ਸਾਬਤ ਹੋਵੇਗਾ। ਉਨ੍ਹਾਂ ਚੇਤਾਵਨੀ ਦਿੱਤੀ ਕਿ ਦੁਨੀਆਂ ਨੂੰ ਇਸ ਲਈ ਤਿਆਰ ਰਹਿਣਾ ਚਾਹੀਦਾ ਹੈ ਅਤੇ ਕਿਸੇ ਵੀ ਤਰ੍ਹਾਂ ਦੇ ਖਤਰੇ ਨਾਲ ਨਜਿੱਠਣ ਲਈ ਪਾਬੰਦ ਹੋਵੇਗਾ।

ਡਬਲਯੂ.ਐੱਚ.ਓ. ਨੇ ਨੌਂ ਪ੍ਰਾਇਮਰੀ ਬਿਮਾਰੀਆਂ ਦੀ ਪਛਾਣ ਕੀਤੀ ਹੈ, ਜੋ ਜਨਤਕ ਸਿਹਤ ਲਈ ਸਭ ਤੋਂ ਵੱਡਾ ਖ਼ਤਰਾ ਹਨ। ਡੇਲੀ ਮੇਲ ਨੇ ਰਿਪੋਰਟ ਦਿੱਤੀ ਕਿ ਉਨ੍ਹਾਂ ਨੂੰ ਇਲਾਜ ਦੀ ਘਾਟ ਜਾਂ ਮਹਾਂਮਾਰੀ ਪੈਦਾ ਕਰਨ ਦੀ ਸੰਭਾਵਨਾ ਦੇ ਕਾਰਨ ਸਭ ਤੋਂ ਵੱਧ ਜ਼ੋਖਮ ਭਰਿਆ ਮੰਨਿਆ ਜਾਂਦਾ ਸੀ। ਉਨ੍ਹਾਂ ਕਿਹਾ ਕਿ ਵਿਸ਼ਵ ਕੋਵਿਡ-19 ਮਹਾਂਮਾਰੀ ਦੇ ਆਉਣ ਲਈ ਤਿਆਰ ਨਹੀਂ ਸੀ, ਜੋ ਇੱਕ ਸਦੀ ਵਿਚ ਸਭ ਤੋਂ ਗੰਭੀਰ ਸਿਹਤ ਸੰਕਟ ਵਜੋਂ ਉਭਰਿਆ ਹੈ।

ਡਬਲਯੂ.ਐੱਚ.ਓ. ਮੁਖੀ ਨੇ ਮੀਟਿੰਗ ਵਿਚ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿਚ ਕੋਵਿਡ-19 ਨੇ ਸਾਡੀ ਦੁਨੀਆਂ ਨੂੰ ਬਦਲ ਦਿੱਤਾ ਹੈ। ਇਸ ਵਿਚ ਲਗਭਗ 70 ਲੱਖ ਲੋਕਾਂ ਦੀ ਮੌਤ ਹੋ ਗਈ ਸੀ, ਪਰ ਅਸੀਂ ਜਾਣਦੇ ਹਾਂ ਕਿ ਅੰਕੜੇ ਇਸ ਤੋਂ ਵੱਧ ਹੋ ਸਕਦੇ ਹਨ, ਜੋ ਲਗਭਗ 20 ਲੱਖ ਹੋਣਗੇ।

ਉਨ੍ਹਾਂ ਕਿਹਾ ਕਿ ਜੋ ਬਦਲਾਅ ਕੀਤੇ ਜਾਣੇ ਚਾਹੀਦੇ ਹਨ, ਜੇਕਰ ਅਸੀਂ ਨਹੀਂ ਕਰਾਂਗੇ ਤਾਂ ਕੌਣ ਕਰੇਗਾ? ਅਤੇ ਜੇਕਰ ਹੁਣ ਨਹੀਂ ਬਣਾਇਆ ਤਾਂ ਕਦੋਂ। ਆਉਣ ਵਾਲੀ ਮਹਾਂਮਾਰੀ ਦਸਤਕ ਦੇ ਰਹੀ ਹੈ ਅਤੇ ਆਵੇਗੀ ਵੀ। ਸਾਨੂੰ ਨਿਰਣਾਇਕ, ਸਮੂਹਿਕ ਅਤੇ ਬਰਾਬਰ ਜਵਾਬ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ।

ਸਫਾ 1 ਦਾ ਬਾਕੀ

## ਐੱਨ.ਐੱਸ.ਏ. ਤਹਿਤ ਗਠਿਤ ਬੋਰਡ ਦੇ ਮੈਂਬਰ ਡਿਬਰੂਗੜ੍ਹ ਜੇਲ੍ਹ ...

ਹਮਲੇ ਤੇ ਖਾਲਿਸਤਾਨੀ ਗਤੀਵਿਧੀਆਂ ਦੇ ਦੋਸ਼ ਹੇਠ ਰਾਸ਼ਟਰੀ ਸੁਰੱਖਿਆ ਕਾਨੂੰਨ (ਐੱਨ.ਐੱਸ.ਏ.) ਤਹਿਤ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹਨ।

ਪਪਲਪ੍ਰੀਤ ਨੂੰ 10 ਅਪ੍ਰੈਲ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤੇ 11 ਅਪ੍ਰੈਲ ਨੂੰ ਡਿਬਰੂਗੜ੍ਹ ਜੇਲ੍ਹ ਵਿਚ ਭੇਜਿਆ ਗਿਆ ਸੀ। ਜਦੋਂਕਿ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਪੁਲਿਸ ਨੇ 36 ਦਿਨ ਭਗੌੜਾ ਰਹਿਣ ਤੋਂ ਬਾਅਦ 23 ਅਪ੍ਰੈਲ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਪਿੰਡ ਰੋਡੇ ਦੇ ਗੁਰੂਘਰ ਤੋਂ ਗ੍ਰਿਫਤਾਰ ਕੀਤਾ ਸੀ। ਇੱਥੇ ਗ੍ਰਿਫਤਾਰੀ ਤੋਂ ਪਹਿਲਾਂ ਉਨ੍ਹਾਂ ਗੁਰੂਘਰ ਵਿਖੇ ਮੱਥਾ ਟੇਕਿਆ ਤੇ ਉਥੇ ਮੌਜੂਦ ਸੰਗਤ ਨੂੰ ਸੰਬੋਧਨ ਵੀ ਕੀਤਾ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਐੱਸ.ਟੀ.ਐੱਫ. ਵੱਲੋਂ ਸਾਬਕਾ ਏ.ਆਈ.ਜੀ. ਰਾਜਜੀਤ ਸਿੰਘ ਖਿਲਾਫ ਜ਼ਬਰੀ ਵਸੂਲੀ ਦੇ ਦੋਸ਼ 'ਚ ਇਕ ਹੋਰ ਕੇਸ ਦਰਜ



**■ ਲੁਕ ਆਊਟ ਸਰਕੂਲਰ ਤੋਂ ਬਾਅਦ ਵੀ ਰਾਜਜੀਤ ਦਾ ਕੋਈ ਸੁਰਾਗ ਨਹੀਂ**

**ਜਲੰਧਰ, (ਪੰਜਾਬ ਮੇਲ)-** ਪੰਜਾਬ 'ਚ ਡਰੱਗਜ਼ ਤਸਕਰੀ ਅਤੇ ਕਰੋੜਾਂ ਰੁਪਏ ਦੇ ਭ੍ਰਿਸ਼ਟਾਚਾਰ ਨਾਲ ਸਬੰਧਿਤ ਮਾਮਲੇ 'ਚ ਫ਼ਰਾਰ ਪੰਜਾਬ ਪੁਲਿਸ ਦੇ ਬਰਖ਼ਾਸਤ ਏ.ਆਈ.ਜੀ. ਰਾਜਜੀਤ ਸਿੰਘ ਦੀਆਂ ਮੁਸ਼ਕਲਾਂ ਹੋਰ ਵੱਧ ਗਈਆਂ ਹਨ। ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਟਾਸਕ ਫੋਰਸ (ਐੱਸ.ਟੀ.ਐੱਫ.) ਨੇ ਰਾਜਜੀਤ ਖ਼ਿਲਾਫ਼ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਤਹਿਤ ਇਕ ਹੋਰ ਮਾਮਲਾ ਦਰਜ ਕਰ ਲਿਆ ਹੈ। ਰਾਜਜੀਤ 'ਤੇ ਨਸ਼ਾ ਤਸਕਰਾਂ ਤੋਂ ਰਿਸ਼ਵਤ ਲੈਣ ਅਤੇ ਉਨ੍ਹਾਂ ਨੂੰ ਸੁਰੱਖਿਆ ਦੇਣ ਦਾ ਦੋਸ਼ ਹੈ। ਜਾਣਕਾਰੀ ਅਨੁਸਾਰ ਰਾਜਜੀਤ 'ਤੇ ਜ਼ਬਰੀ ਵਸੂਲੀ ਅਤੇ ਭ੍ਰਿਸ਼ਟਾਚਾਰ ਦਾ ਮਾਮਲਾ ਦਰਜ ਕੀਤਾ ਗਿਆ ਹੈ।

ਜਾਣਕਾਰੀ ਅਨੁਸਾਰ ਵਿਸ਼ੇਸ਼ ਐੱਸ.ਟੀ.ਐੱਫ. ਵੱਲੋਂ ਰਾਜਜੀਤ ਸਿੰਘ ਖ਼ਿਲਾਫ਼ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਜਨਤਕ ਕੀਤੀਆਂ ਗਈਆਂ 3 ਐੱਸ.ਆਈ.ਟੀ. ਰਿਪੋਰਟਾਂ ਦੇ ਆਧਾਰ 'ਤੇ ਮੋਹਾਲੀ ਪੁਲਿਸ ਥਾਣੇ 'ਚ ਮਾਮਲਾ ਦਰਜ ਕੀਤਾ ਗਿਆ ਹੈ। ਇਹ ਵੀ ਪਤਾ ਲੱਗਾ ਹੈ ਕਿ ਐੱਫ.ਆਈ.ਆਰ. 'ਚ ਬਾਕਾਇਦਾ ਜ਼ਿਕਰ ਕੀਤਾ ਗਿਆ ਹੈ ਕਿ ਬਰਖ਼ਾਸਤ ਅਧਿਕਾਰੀ 'ਤੇ ਜ਼ਬਰੀ ਵਸੂਲੀ ਦਾ ਮਾਮਲਾ ਦਰਜ ਕੀਤਾ ਗਿਆ ਹੈ ਕਿਉਂਕਿ ਐੱਸ.ਆਈ.ਟੀ. ਦੀ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਅਧਿਕਾਰੀ ਦੀ ਪੰਜਾਬ ਪੁਲਿਸ ਦੇ ਬਰਖ਼ਾਸਤ ਇੰਸਪੈਕਟਰ ਇੰਦਰਜੀਤ ਸਿੰਘ ਨਾਲ ਮਿਲੀਭੁਗਤ ਸੀ। ਐੱਸ.ਆਈ.ਟੀ. ਨੇ ਜਾਂਚ 'ਚ ਉਸ ਵੇਲੇ ਦੇ ਵਿਸ਼ੇਸ਼ ਡੀ.ਜੀ.ਪੀ. ਸਿਧਾਰਥ ਚਟੋਪਾਧਿਆਏ ਦੀ ਅਗਵਾਈ ਵਾਲੀ ਐੱਸ.ਆਈ.ਟੀ. ਵੱਲੋਂ ਜਾਂਚ ਕੀਤੇ ਲੋਕਾਂ ਦੇ ਬਿਆਨਾਂ ਦੇ ਆਧਾਰ 'ਤੇ ਬਰਖ਼ਾਸਤ ਪੁਲਿਸ ਅਫ਼ਸਰ ਦਾ ਨਾਂ ਸਾਹਮਣੇ ਲਿਆਂਦਾ ਹੈ। ਇਹ ਗੱਲ ਦੱਸਣਯੋਗ ਹੈ ਕਿ ਰਾਜਜੀਤ ਸਿੰਘ ਦੀ ਗ੍ਰਿਫ਼ਤਾਰੀ ਲਈ ਅਦਾਲਤ ਨੇ ਵਾਰੰਟ ਵੀ ਜਾਰੀ ਕੀਤੇ ਹਨ। ਉਸ ਦੀ ਭਾਲ 'ਚ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਪੰਜਾਬ 'ਚ ਡਰੱਗਜ਼ ਰੈਕੇਟ ਮਾਮਲੇ 'ਚ ਰਾਜਜੀਤ ਸਿੰਘ ਪਿਛਲੇ ਕਾਫੀ ਸਮੇਂ ਤੋਂ ਚਰਚਾ 'ਚ ਸੀ। ਉਹ ਫ਼ਰਾਰ ਹੈ ਅਤੇ ਅਜੇ ਤੱਕ ਪੁਲਿਸ ਦੇ ਹੱਥ ਕੋਈ ਸਫ਼ਲਤਾ ਨਹੀਂ ਲੱਗੀ। ਅਦਾਲਤ ਵੱਲੋਂ ਜਾਰੀ ਹੁਕਮ ਤਹਿਤ 18 ਮਈ ਤੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਕੇ ਅਦਾਲਤ 'ਚ ਪੇਸ਼ ਕੀਤਾ ਜਾਣਾ ਸੀ ਪਰ ਰਾਜਜੀਤ ਸਿੰਘ ਦਾ ਅਜੇ ਤੱਕ ਕੋਈ ਸੁਰਾਗ ਨਹੀਂ ਮਿਲਿਆ। ਉਂਝ ਇਹ ਵੀ ਕਿਹਾ ਜਾ ਰਿਹਾ ਹੈ ਕਿ ਰਾਜਜੀਤ ਸਿੰਘ 'ਤੇ ਮਾਮਲਾ ਦਰਜ ਕਰਨ ਤੋਂ ਬਾਅਦ ਉਸ ਨੂੰ ਫ਼ਰਾਰ ਹੋਣ ਲਈ ਕਾਫੀ ਸਮਾਂ ਮਿਲ ਗਿਆ। ਦੱਸਿਆ ਜਾ ਰਿਹਾ ਹੈ ਕਿ ਲੁਕ ਆਊਟ ਸਰਕੂਲਰ ਵੀ ਦੇਰੀ ਨਾਲ ਜਾਰੀ ਹੋਇਆ, ਜਿਸ ਕਾਰਨ ਸੰਭਾਵਨਾ ਹੈ ਕਿ ਉਹ ਦੇਸ਼ 'ਚੋਂ ਫ਼ਰਾਰ ਹੋ ਗਿਆ ਹੋਵੇਗਾ।

ਸਾਲ 2017 'ਚ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਹਥਿਆਰ ਅਤੇ ਡਰੱਗਜ਼ ਸਮੱਗਲਿੰਗ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਦੇ ਘਰੋਂ ਹੈਰੋਇਨ, ਸਮੈਕ ਤੇ ਏ.ਕੇ. 47 ਬਰਾਮਦ ਹੋਈ ਸੀ। ਇੰਸਪੈਕਟਰ ਨੂੰ ਉਸ ਤੋਂ ਬਾਅਦ ਬਰਖ਼ਾਸਤ ਕਰ ਦਿੱਤਾ ਗਿਆ ਸੀ। ਬਾਅਦ 'ਚ ਇਹ ਗੱਲ ਵੀ ਪਤਾ ਲੱਗੀ ਸੀ ਕਿ ਏ.ਆਈ.ਜੀ. ਰਾਜਜੀਤ ਸਿੰਘ ਇੰਸਪੈਕਟਰ ਇੰਦਰਜੀਤ ਨੂੰ ਬਚਾਉਣ ਦੀ ਕੋਸ਼ਿਸ਼ 'ਚ ਹੈ ਅਤੇ ਗਲਤ ਰਿਕਾਰਡ ਪੇਸ਼ ਕੀਤਾ ਜਾ ਰਿਹਾ ਹੈ। ਰਾਜਜੀਤ ਸਿੰਘ 'ਤੇ ਬਰਾਮਦ ਡਰੱਗਜ਼ ਨਾਲ ਛੇੜਛਾੜ ਕਰਨ ਅਤੇ ਇੰਦਰਜੀਤ ਸਿੰਘ ਨੂੰ ਪ੍ਰਮੋਸ਼ਨ ਦੇਣ ਦੇ ਵੀ ਦੋਸ਼ ਹਨ। ਇਕ ਹੋਰ ਜ਼ਿਕਰਯੋਗ ਗੱਲ ਹੈ ਕਿ ਏ.ਆਈ.ਜੀ. ਰਾਜਜੀਤ ਸਿੰਘ ਅਤੇ ਇੰਦਰਜੀਤ 2012 ਤੋਂ 2017 ਤੱਕ ਇਕੱਠੇ ਤਾਇਨਾਤ ਰਹੇ। ਆਪਣੇ ਨਾਲ ਲਗਾਉਣ ਲਈ ਰਾਜਜੀਤ ਸਿੰਘ ਨੇ ਇੰਦਰਜੀਤ ਸਿੰਘ ਲਈ ਬਾਕਾਇਦਾ ਸਿਫਾਰਸ਼ੀ ਪੱਤਰ ਵੀ ਲਿਖੇ ਸਨ। ਇਹ ਦੋਵੇਂ ਅਧਿਕਾਰੀ ਜਲੰਧਰ, ਮੋਗਾ, ਗੁਰਦਾਸਪੁਰ ਤੇ ਤਰਨਤਾਰਨ ਵਿਚ ਵੀ ਤਾਇਨਾਤ ਰਹੇ ਹਨ।

Do you know how to plan & secure your finances?

*Book your free consultations for*

✔ Tax free Retirement Planning
✔ College Education Planning
✔ Proper Protection
✔ Health & Disability (Long Term Care Planning)
✔ Annuities
✔ Will & Trust (Discounted for a limited time with conditions applied)
✔ Building Legacy

Harsimran Bajwa
Lic# 4267166
Call/Text: (916) 479-4783
Email: bajwahgi@gmail.com

*Let's do the needful to secure our life and our family's future!*



# ਹਾਲੀਵੁੱਡ ਦਾ ਪੂਰਨ ਸਿੱਖੀ ਸਰੂਪ ਵਾਲਾ ਪ੍ਰਸਿੱਧ ਐਕਟਰ ਤੇ ਮਾਡਲ, ਵਾਰਿਸ ਆਹਲੂਵਾਲੀਆ



ਬਲਰਾਜ ਸਿੰਘ ਸਿੱਧੂ ਕਮਾਂਡੈਂਟ.
ਪੰਡੋਰੀ ਸਿੱਧਵਾਂ 95011-00062
(Punjab Mail USA)



ਵਾਰਿਸ ਸਿੰਘ ਆਹਲੂਵਾਲੀਆ ਨਿਊਯਾਰਕ ਦਾ ਰਹਿਣ ਵਾਲਾ ਇੱਕ ਹਰਫਨਮੌਲਾ ਵਿਅਕਤੀ ਤੇ ਸੰਪੂਰਨ ਸਿੱਖੀ ਸਰੂਪ ਵਾਲਾ ਕਲਾਕਾਰ ਹੈ। ਉਹ ਐਕਟਰ, ਮਾਡਲ, ਦਾਨਵੀਰ ਤੇ ਕੱਪੜਿਆਂ ਅਤੇ ਜ਼ੇਵਰਾਂ ਦਾ ਵਿਸ਼ਵ ਪ੍ਰਸਿੱਧ ਡਿਜ਼ਾਈਨਰ ਹੈ। ਉਸ ਦਾ ਜਨਮ 1974 ਵਿਚ ਅੰਮ੍ਰਿਤਸਰ ਵਿਖੇ ਹੋਇਆ ਸੀ ਤੇ ਜਦੋਂ ਉਹ ਪੰਜ ਸਾਲ ਦਾ ਸੀ, ਤਾਂ ਉਸ ਦਾ ਪਰਿਵਾਰ ਨਿਊਯਾਰਕ ਹਿਜ਼ਰਤ ਕਰ ਗਿਆ ਸੀ। ਉਸ ਨੇ ਕੋਲੰਬੀਆ ਯੂਨੀਵਰਸਿਟੀ ਤੋਂ ਫੈਸ਼ਨ ਡਿਜ਼ਾਇਨਿੰਗ ਦੀ ਡਿਗਰੀ ਹਾਸਲ ਕੀਤੀ ਤੇ ਕੁਝ ਸਾਲ ਪ੍ਰਸਿੱਧ ਫੈਸ਼ਨ ਡਿਜ਼ਾਇਨਰਾਂ ਨਾਲ ਕੰਮ ਕਰਨ ਤੋਂ ਬਾਅਦ ਆਪਣੀ ਕੰਪਨੀ ਹਾਊਸ ਆਫ ਵਾਰਿਸ ਦੀ ਸ਼ੁਰੂਆਤ ਕਰ ਲਈ। ਅੱਜ ਇਹ ਕੰਪਨੀ ਵਿਸ਼ਵ ਪੱਧਰ 'ਤੇ ਕਰੋੜਾਂ ਦਾ ਕਾਰੋਬਾਰ ਕਰ ਰਹੀ ਹੈ। ਉਸ ਦੀ ਕੰਪਨੀ ਦੇ ਜ਼ੇਵਰ ਅਤੇ ਕੱਪੜੇ ਪੁਰਾਣੇ ਸ਼ਾਹੀ ਘਰਾਣਿਆਂ ਦੇ ਡਿਜ਼ਾਈਨਾਂ ਤੋਂ ਪ੍ਰਭਾਵਿਤ ਹਨ। ਇਸ ਲਈ ਉਹ ਸਾਲ ਵਿਚ ਕਈ ਵਾਰ ਰੋਮ ਅਤੇ ਰਾਜਸਥਾਨ ਦਾ ਦੌਰਾ ਕਰਦਾ ਹੈ ਤੇ ਸੁਨਿਆਰਿਆਂ ਅਤੇ ਦਰਜ਼ੀਆਂ ਦੇ ਉਨ੍ਹਾਂ ਘਰਾਣਿਆਂ ਤੋਂ ਕੰਮ ਕਰਵਾਉਂਦਾ ਹੈ, ਜੋ ਸਦੀਆਂ ਤੋਂ ਰਾਜਿਆਂ-ਮਹਾਰਾਜਿਆਂ ਦੇ ਜ਼ੇਵਰ ਅਤੇ ਕੱਪੜੇ ਤਿਆਰ ਕਰਦੇ ਰਹੇ ਹਨ।

ਵਾਰਿਸ ਦਾ ਮਾਡਲਿੰਗ ਕੈਰੀਅਰ ਵੀ ਬੁਲੰਦੀਆਂ 'ਤੇ ਹੈ ਤੇ ਉਹ ਕਈ ਵਾਰ ਵੋਗ ਅਤੇ ਵੈਨਿਟੀ ਫੇਅਰ ਵਰਗੇ ਸੰਸਾਰ ਦੇ ਚੋਟੀ ਦੇ ਫੈਸ਼ਨ ਮੈਗਜ਼ੀਨਾਂ ਦੇ ਕਵਰ 'ਤੇ ਛਪ ਚੁੱਕਾ ਹੈ। ਉਹ ਇਸ ਵੇਲੇ ਜ਼ੇਵਰ ਨਿਰਮਾਣ ਵਿਚ ਵੱਡਾ ਨਾਮ ਹੈ ਤੇ ਡੀ ਬੀਅਰਜ਼, ਟਿਲਡਾ ਸਵਿੰਟਨ, ਪਰਿੰਗਲ ਆਫ ਸਕਾਟਲੈਂਡ, ਬੈਂਜਾਮੀ ਚੋਅ, ਲੁੱਕਮੈਟਿਕ ਦੀ ਵੈੱਬਸਟਰ ਮਿਆਮੀ ਅਤੇ ਕੋਈਲੈਟ ਪੈਰਿਸ ਆਦਿ ਵਰਗੀਆਂ ਦੁਨੀਆਂ ਦੀਆਂ ਚੋਟੀ ਦੀਆਂ ਜ਼ੇਵਰ ਕੰਪਨੀਆਂ ਨਾਲ ਮਿਲ ਕੇ ਮਰਦਾਂ ਅਤੇ ਔਰਤਾਂ ਵਾਸਤੇ ਜ਼ੇਵਰ ਤਿਆਰ ਕਰਦਾ ਹੈ। ਉਹ ਇਨਸਾਨੀਅਤ ਦੇ ਭਲੇ ਵਾਸਤੇ ਵੀ ਵਧ-ਚੜ੍ਹ ਕੇ ਯੋਗਦਾਨ ਪਾਉਂਦਾ ਹੈ। ਨਵੰਬਰ 2008 ਦੇ ਮੁੰਬਈ ਅੱਤਵਾਦੀ ਹਮਲੇ ਦੇ ਪੀੜਤਾਂ ਵਾਸਤੇ ਉਸ ਨੇ ਆਪਣੇ ਸਾਥੀਆਂ ਮਾਰਟੀਅਰ ਸਿੰਗਰ ਅਤੇ ਟੀਨਾ ਭੋਜਵਾਨੀ ਨਾਲ ਮਿਲ ਕੇ 11 ਕਰੋੜ ਰੁਪਏ ਦੀ ਮਦਦ ਭੇਜੀ ਸੀ। 2013 ਵਿਚ ਉਸ ਨੇ ਸੰਸਾਰ ਦੇ ਅਨੇਕਾਂ ਦੇਸ਼ਾਂ ਵਿਚ ਡਿਜ਼ਾਈਨਰ ਕੱਪੜਿਆਂ ਦੇ ਹਾਊਸ ਆਫ ਵਾਰਿਸ ਨਾਮਕ ਸਟੋਰ ਖੋਲ੍ਹੇ ਹਨ, ਜੋ ਸਫਲਤਾਪੂਰਵਕ ਚੱਲ ਰਹੇ ਹਨ।

ਦਾ ਲਾਈਫ ਐਕੁਐਟਿਕ (2004) ਉਸ ਦੀ ਪਹਿਲੀ ਫਿਲਮ ਸੀ। ਉਹ ਹੁਣ ਤੱਕ 14 ਫਿਲਮਾਂ ਤੇ 6 ਟੀ.ਵੀ. ਸੀਰੀਅਲਾਂ ਵਿਚ ਕੰਮ ਕਰ ਚੁੱਕਾ ਹੈ। ਵਾਰਿਸ ਆਹਲੂਵਾਲੀਆ ਦੀ ਸਭ ਤੋਂ ਵੱਡੀ ਸਫਲਤਾ ਇਹ ਹੈ ਕਿ ਉਹ ਹਾਲੀਵੁੱਡ ਦੀਆਂ ਫਿਲਮਾਂ ਵਿਚ ਪੂਰਨ ਸਿੱਖੀ ਸਰੂਪ ਵਿਚ ਕੰਮ ਕਰਦਾ ਹੈ, ਜਿਸ ਕਾਰਨ ਅਮਰੀਕਾ ਵਿਚ ਅਲਕਾਇਦਾ ਦੁਆਰਾ ਕੀਤੇ ਗਏ 9 ਸਤੰਬਰ 2001 ਦੇ ਹਮਲਿਆਂ ਤੋਂ ਬਾਅਦ ਆਮ ਅਮਰੀਕਨਾਂ ਨੂੰ ਇਹ ਸਮਝਾਉਣ ਵਿਚ ਸਫਲਤਾ ਮਿਲੀ ਹੈ ਕਿ ਸਿੱਖ ਅਰਬੀਆਂ ਤੋਂ ਅਲੱਗ ਕੌਮੀਅਤ ਦੇ ਲੋਕ ਹਨ। 2006 ਵਿਚ ਆਈ ਹਾਲੀਵੁੱਡ ਦੀ ਹਿੱਟ ਫਿਲਮ 'ਦੀ ਇਨਸਾਈਡ ਮੈਨ' (ਜਿਸ ਵਿਚ ਹਾਲੀਵੁੱਡ ਦੇ ਸੁਪਰ ਸਟਾਰ ਡੈਂਜ਼ਲ ਵਾਸ਼ਿੰਗਟਨ ਨੇ ਕੰਮ ਕੀਤਾ ਸੀ) ਵਿਚ ਉਸ ਨੇ ਵਿਕਰਮ ਵਾਲੀਆ ਨਾਮਕ ਬੈਂਕ ਮੁਲਾਜ਼ਮ ਦਾ ਰੋਲ ਨਿਭਾਇਆ ਸੀ। ਇਹ ਰੋਲ ਸਿਰਫ ਸਿੱਖਾਂ ਦੀ ਦਸਤਾਰ ਦੀ ਅਹਿਮੀਅਤ ਵਿਖਾਉਣ ਲਈ ਹੀ ਫਿਲਮ ਵਿੱਚ ਪਾਇਆ ਗਿਆ ਸੀ। ਫਿਲਮ ਵਿਚ ਕੁਝ ਲੁਟੇਰੇ ਬੈਂਕ 'ਤੇ ਕਬਜ਼ਾ ਕਰ ਲੈਂਦੇ ਹਨ ਤੇ ਮੁਲਾਜ਼ਮਾਂ ਅਤੇ ਗਾਹਕਾਂ ਨੂੰ ਬਾਹਰ ਕੱਢ ਦਿੰਦੇ ਹਨ। ਪੁਲਿਸ ਇਸ ਸ਼ੱਕ ਕਾਰਨ ਕਿ ਕਿਤੇ ਲੁਟੇਰੇ ਇਨ੍ਹਾਂ ਵਿਚ ਰਲ ਕੇ ਬਾਹਰ ਨਾ ਆ ਗਏ ਹੋਣ, ਸਭ ਨੂੰ ਘੇਰ ਲੈਂਦੇ ਹਨ ਤੇ ਤਲਾਸ਼ੀ ਲੈਂਦੇ ਹਨ। ਜਦੋਂ ਇੱਕ ਪੁਲਿਸ ਅਫਸਰ ਵਾਰਿਸ ਦੀ ਦਸਤਾਰ ਉਤਾਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਹ ਅੱਗੋਂ ਚਿਲਾਉਂਦਾ ਹੈ ਕਿ ਮੈਂ ਸਿੱਖ ਹਾਂ, ਮੇਰੀ ਦਸਤਾਰ ਨੂੰ ਹੱਥ ਨਹੀਂ ਲਾਉਣਾ। ਇਸ 'ਤੇ ਇੱਕ ਸੀਨੀਅਰ ਪੁਲਿਸ ਅਫਸਰ ਉਸ ਪੁਲਿਸ ਵਾਲੇ ਨੂੰ ਸਮਝਾਉਂਦਾ ਹੈ ਕਿ ਦਸਤਾਰ ਨਾ ਉਤਾਰੀ ਜਾਵੇ, ਕਿਉਂਕਿ ਇਹ ਸਿੱਖਾਂ ਲਈ ਪਵਿੱਤਰ ਹੁੰਦੀ ਹੈ।

ਐਨੀ ਪ੍ਰਸਿੱਧੀ ਦੇ ਬਾਵਜੂਦ ਵਾਰਿਸ ਨੂੰ ਵੀ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਹੈ। 2016 ਵਿਚ ਉਸ ਨੂੰ ਦਸਤਾਰ ਉਤਾਰ ਕੇ ਤਲਾਸ਼ੀ ਦੇਣ ਤੋਂ ਇਨਕਾਰ ਕਰਨ ਕਾਰਨ ਮੈਕਸੀਕੋ ਤੋਂ ਨਿਊਯਾਰਕ ਦੀ ਫਲਾਈਟ (ਏਅਰੋ ਮੈਕਸੀਕੋ) ਵਿਚ ਸਫਰ ਕਰਨ ਤੋਂ ਰੋਕ ਦਿੱਤਾ ਗਿਆ ਸੀ, ਜਿਸ ਕਾਰਨ ਉਹ ਨਿਊਯਾਰਕ ਫੈਸ਼ਨ ਵੀਕ ਵਿਚ ਹਿੱਸਾ ਨਹੀਂ ਸੀ ਲੈ ਸਕਿਆ। ਇਸ ਤੋਂ ਬਾਅਦ ਉਸ ਨੇ ਮੈਕਸੀਕੋ ਇੰਟਰਨੈਸ਼ਨਲ ਏਅਰਪੋਰਟ ਅਥਾਰਟੀ ਅਤੇ ਏਅਰੋ ਮੈਕਸੀਕੋ ਨੂੰ ਸਿੱਖਾਂ ਦੀ ਦਸਤਾਰ ਦੀ ਮਹੱਤਤਾ ਬਾਰੇ ਇੱਕ ਚਿੱਠੀ ਲਿਖ ਕੇ ਭੇਜੀ ਸੀ ਤੇ ਏਅਰਲਾਈਨ ਦੇ ਖਿਲਾਫ ਕੇਸ ਦਾਇਰ ਕੀਤਾ ਸੀ। 2017 ਵਿਚ ਏਅਰਪੋਰਟ ਅਤੇ ਏਅਰਲਾਈਨ ਦੇ ਅਧਿਕਾਰੀਆਂ ਨੂੰ ਉਸ ਤੋਂ ਮਾਫੀ ਮੰਗਣੀ ਪਈ ਸੀ। 2010 ਵਿਚ ਵੈਨਿਟੀ ਫੇਅਰ ਫੈਸ਼ਨ ਮੈਗਜ਼ੀਨ ਨੇ ਉਸ ਨੂੰ ਵਿਸ਼ਵ ਦੇ ਸਭ ਤੋਂ ਵੱਧ ਸਲੀਕੇਦਾਰ ਢੰਗ ਨਾਲ ਕੱਪੜੇ ਪਹਿਨਣ ਵਾਲੇ ਦਸ ਵਿਅਕਤੀਆਂ ਵਿਚ ਸਥਾਨ ਦਿੱਤਾ ਸੀ।

# ਜਾਨਲੇਵਾ ਹੋ ਸਕਦਾ ਹੈ - ਹਾਈਪਰਟੈਨਸ਼ਨ

*"ਲਗਾਤਾਰ ਸਟ੍ਰੈਸ ਰਹਿਣਾ, ਗੰਭੀਰ ਬਲੱਡ ਪ੍ਰੈਸ਼ਰ ਦੀ ਹਾਲਤ ਵਿਚ ਸਿਰ ਪੀੜ, ਥਕਾਵਟ, ਉਲਝਣ, ਛਾਤੀ ਵਿਚ ਦਰਦ, ਸਾਹ ਲੈਣ ਵਿਚ ਮੁਸ਼ਕਲ, ਦਿਲ ਦੀ ਤੇਜ਼ ਧੜਕਨ, ਘਬਰਾਹਟ, ਪਸੀਨਾ, ਚੱਕਰ ਆਉਣੇ, ਨੱਕ 'ਚੋਂ ਅਤੇ ਪਿਸ਼ਾਬ ਨਾਲ ਖੂਨ ਆਉਣਾ, ਅੱਖਾਂ 'ਤੇ ਜ਼ੋਰ ਪੈਣਾ, ਅੱਖਾਂ ਲਾਲ ਦਿਸਣਾ, ਨੀਂਦ ਮੁਸ਼ਕਲ ਵਗੈਰਾ ਲੱਛਣ ਦੇਖਣ ਨੂੰ ਮਿਲਦੇ ਹਨ। ਸਟ੍ਰੋਕ ਅਤੇ ਦਿਲ ਦੇ ਦੌਰੇ ਤੋਂ ਬਚਣ ਜਾਂ ਕਿਸੇ ਵੀ ਗੰਭੀਰ ਲੱਛਣ ਦੀ ਹਾਲਤ ਵਿਚ*




ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



"ਲੰਬੀ ਹੈਲਦੀ ਜ਼ਿੰਦਗੀ ਲਈ ਹਰ ਆਦਮੀ ਨੂੰ ਆਪਣੇ ਬਲੱਡ-ਪ੍ਰੈਸ਼ਰ ਨੂੰ ਸਮੇਂ-ਸਮੇਂ 'ਤੇ ਚੈੱਕ ਕਰਨ ਅਤੇ ਕੰਟ੍ਰੋਲ ਕਰਨਾ ਹੀ ਵਿਸ਼ਵ ਹਾਈਪਰਟੈਨਸ਼ਨ ਦਿਵਸ 2023 ਦਾ ਥੀਮ ਹੈ।" ਵਿਸ਼ਵ ਭਰ ਵਿਚ ਹਾਈਪਰਟੈਨਸ਼ਨ ਦਿਵਸ 17 ਮਈ, 2023 ਵਾਲੇ ਦਿਨ ਮਨਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਦਿਨ ਤੰਦਰੁਸਤ ਅਤੇ ਰੋਗੀਆਂ ਨੂੰ ਸਮੇਂ-ਸਮੇਂ 'ਤੇ ਆਪਣੇ ਬਲੱਡ-ਪ੍ਰੈਸ਼ਰ ਚੈੱਕ ਕਰਨ, ਹਾਲਤ ਮੁਤਾਬਿਕ ਕੰਟ੍ਰੋਲ ਕਰਕੇ ਹੈਲਦੀ ਲੰਬੀ ਜ਼ਿੰਦਗੀ ਜੀਉਣ ਲਈ ਜਾਗਰੂਕ ਕੀਤਾ ਜਾਂਦਾ ਹੈ। ਜਾਗਰੂਕ ਕਰਨ ਦਾ ਮਕਸਦ, ਹਾਰਟ ਅਟੈਕ, ਸਟ੍ਰੋਕ, ਕਾਰਨ ਮੌਤ ਦਾ ਅੰਕੜਾ ਘੱਟ ਕਰਨਾ ਵੀ ਹੈ।

ਵਿਸ਼ਵ ਸਿਹਤ ਸੰਸਥਾ ਅਤੇ ਅਮੈਰੀਕਨ ਹਾਰਟ ਐਸੋਸੀਏਸ਼ਨ ਮੁਤਾਬਿਕ ਵਿਸ਼ਵ ਭਰ ਵਿਚ ਸਮੇਂ ਤੋਂ ਪਹਿਲਾਂ ਮੌਤ ਦਾ ਕਾਰਨ ਹਾਈਪਰਟੈਨਸ਼ਨ ਹੈ। ਅੱਜ ਕਰੀਬਨ 1.14 ਬਿਲੀਅਨ, ਘੱਟ ਅਤੇ ਮੱਧ ਆਮਦਨੀ ਵਾਲੇ ਦੇਸ਼ਾਂ ਵਿਚ ਰਹਿਣ ਵਾਲੇ ਲੋਕ ਹਾਈਪਰਟੈਨਸ਼ਨ ਦੇ ਸ਼ਿਕਾਰ ਹਨ। ਜਿਨ੍ਹਾਂ ਵਿਚ ਹਰ ਤੀਜਾ ਆਦਮੀ ਤੇ ਹਰ ਦੂਜੀ ਔਰਤ ਹਾਈ ਬਲੱਡ ਪ੍ਰੈਸ਼ਰ ਦੇ ਘੇਰੇ ਵਿਚ ਹਨ। ਗੈਰ-ਮੁਸ਼ਕਿਲ ਬਿਮਾਰੀਆਂ ਲਈ ਅੰਤਰਰਾਸ਼ਟਰੀ ਪੱਧਰ 'ਤੇ 2026 ਤੱਕ ਹਾਈਪਰਟੈਨਸ਼ਨ ਦੇ ਪ੍ਰਸਾਰ ਨੂੰ ਘਟਾਉਣ ਦਾ ਟੀਚਾ ਰੱਖਿਆ ਗਿਆ ਹੈ। ਤੇਜ਼ੀ ਨਾਲ ਬਦਲ ਰਿਹਾ ਲਾਈਫ ਸਟਾਈਲ ਦੇ ਰਿਹਾ ਹੈ-ਹਾਈ ਬਲੱਡ ਪ੍ਰੈਸ਼ਰ, ਯਾਨਿ ਹਾਈਪਰਟੈਨਸ਼ਨ। ਬੱਚੇ, ਨੌਜਵਾਨ, ਔਰਤਾਂ, ਸੀਨੀਅਰਜ਼ ਅਤੇ ਗਰਭਵਤੀ ਔਰਤਾਂ ਵਿਚ ਬਿਮਾਰੀ ਦਾ ਆਂਕੜਾ ਵੱਧ ਰਿਹਾ ਹੈ। ਗੰਭੀਰ ਹਾਈ ਬਲੱਡ ਪ੍ਰੈਸ਼ਰ ਨਾਲ ਵੱਧ ਰਹੀਆਂ ਹਨ ਦਿਲ, ਦਿਮਾਗ ਤੇ ਗੁਰਦੇ ਦੀਆਂ ਬਿਮਾਰੀਆਂ। ਹਾਈ ਬਲੱਡ ਪ੍ਰੈਸ਼ਰ ਦੀ 50 ਤੋਂ ਵੱਧ ਉਮਰ ਦੇ ਮਰਦਾਂ ਅਤੇ 45 ਦੀ ਉਮਰ ਵਿਚ ਔਰਤਾਂ ਵਿਚ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ।

ਪ੍ਰਾਇਮਰੀ ਹਾਈ ਬਲੱਡ ਪ੍ਰੈਸ਼ਰ ਸਮੇਂ ਨਾਲ ਹੌਲੀ-ਹੌਲੀ ਵੱਧਦਾ ਰਹਿੰਦਾ ਹੈ। ਕੁੱਝ ਲੋਕਾਂ ਦਾ ਹਾਈ ਬਲੱਡ ਪ੍ਰੈਸ਼ਰ ਬਾਰਡਰ ਲਾਈਨ ਰਹਿਣ ਨੂੰ ਸੈਕੰਡਰੀ ਹਾਈਪਰਟੈਨਸ਼ਨ ਵੀ ਕਿਹਾ ਜਾਂਦਾ ਹੈ। ਵੱਖ-ਵੱਖ ਦਵਾਈਆਂ, ਲਗਾਤਾਰ ਸਟ੍ਰੈਸ ਅਤੇ ਸਦਮੇ ਨਾਲ ਵੀ ਬਲੱਡ ਪ੍ਰੈਸ਼ਰ ਹਾਈ ਹੋ ਜਾਂਦਾ ਹੈ। ਹਾਈ ਬਲੱਡ ਪ੍ਰੈਸ਼ਰ ਖੂਨ ਦੀਆਂ ਨਾੜੀਆਂ ਕਮਜ਼ੋਰ ਕਰਕੇ ਐਨਿਊਰਿਜ਼ਮ ਬਣਾ ਦਿੰਦਾ ਹੈ। ਜੇ ਐਨਿਊਰਿਜ਼ਮ ਫਟ ਜਾਵੇ, ਤਾਂ ਜਾਨਲੇਵਾ ਵੀ ਹੋ ਸਕਦਾ ਹੈ।

ਜਦੋਂ ਦਿਲ ਧਮਨੀਆਂ ਰਾਹੀਂ ਖੂਨ ਨੂੰ ਪੰਪ ਕਰਦਾ ਹੈ, ਤਾਂ ਖੂਨ ਧਮਨੀਆਂ ਦੀ ਵਾਲਜ਼ (ਕੰਧਾਂ) 'ਤੇ ਪੈਣ ਵਾਲੇ ਦਬਾਅ ਨੂੰ ਬਲੱਡ ਪ੍ਰੈਸ਼ਰ ਕਹਿ ਦਿੱਤਾ ਜਾਂਦਾ ਹੈ। ਬਲੱਡ ਪ੍ਰੈਸ਼ਰ ਤੁਹਾਡੇ ਨਾੜੀਆਂ ਦੀਆਂ ਵਾਲਜ਼ (ਕੰਧਾਂ) ਦੇ ਖਿਲਾਫ ਖੂਨ ਦਾ ਦਬਾਅ ਹੁੰਦਾ ਹੈ। ਨਾੜੀਆਂ ਇਨਸਾਨੀ ਦਿਲ ਤੋਂ ਖੂਨ ਸਰੀਰ ਦੇ ਬਾਕੀ ਹਿੱਸਿਆਂ ਵਿਚ ਲੈ ਜਾਂਦੀਆਂ ਹਨ। ਖੂਨ ਦੇ ਵੱਧ ਰਹੇ ਦਬਾਅ ਨੂੰ ਸਿਸਟੋਲਿਕ ਬਲੱਡ ਪ੍ਰੈਸ਼ਰ ਅਤੇ ਘੱਟ ਰਹੇ ਪ੍ਰੈਸ਼ਰ ਨੂੰ ਡਾਇਸਟੋਲਿਕ ਬਲੱਡ ਪ੍ਰੈਸ਼ਰ ਕਿਹਾ ਜਾਂਦਾ ਹੈ। ਤੰਦਰੁਸਤ ਵਿਅਕਤੀ ਦਾ ਉਪਰਲਾ (ਸਿਸਟੋਲਿਕ) ਬਲੱਡ ਪ੍ਰੈਸ਼ਰ 120 ਅਤੇ ਥੱਲੇ ਦਾ ਯਾਨਿ ਡਾਇਸਟੋਲਿਕ ਬਲੱਡ ਪ੍ਰੈਸ਼ਰ 80 ਦੱਸਿਆ ਜਾਂਦਾ ਹੈ। ਉਮਰ ਮੁਤਾਬਿਕ ਅਤੇ ਸਰੀਰਕ-ਮਾਨਸਿਕ ਗਤੀਵਿਧੀਆਂ ਦੇ ਆਧਾਰ 'ਤੇ ਇਹ ਨੰਬਰ ਬਦਲਦਾ ਰਹਿੰਦਾ ਹੈ। ਮਾਹਿਰਾਂ ਵੱਲੋਂ ਸਿਸਟੋਲਿਕ ਅਤੇ ਡਾਇਸੀਟੋਲਿਕ ਬਲੱਡ ਪ੍ਰੈਸ਼ਰ ਦੇ ਲੈਵਲ ਦੀ ਸਮੀਖਿਆ ਕਰਕੇ ਦਿਸ਼ਾ-ਨਿਰਦੇਸ਼ਾਂ ਨਾਲ ਰੋਗੀ ਦੇ ਇਲਾਜ ਵਿਚ ਮਦਦ ਕੀਤੀ ਹਾ ਰਹੀ ਹੈ।

ਆਮ ਬਲੱਡ ਪ੍ਰੈਸ਼ਰ ਰਹਿਣ ਵਾਲਿਆਂ ਨੂੰ ਬਰਾਬਰ ਜਾਂਚ ਅਤੇ ਇਲਾਜ ਲਈ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਬਣਾ ਕੇ ਰੱਖਣਾ ਚਾਹੀਦਾ ਹੈ। ਹਾਈਪਰਟੈਨਸ਼ਨ ਦੇ ਰੋਗੀ ਰੋਜ਼ਾਨਾ 1 ਵਾਰ ਆਪਣੇ ਘਰ ਵਿਚ ਰੱਖੇ ਬੀ.ਪੀ. ਅਪਰੇਟਸ ਨਾਲ ਬਲੱਡ ਪ੍ਰੈਸ਼ਰ ਜ਼ਰੂਰ ਚੈਕ ਕਰਨ। ਡੇਲੀ 8 ਘੰਟੇ ਦੀ ਨੀਂਦ ਸਰੀਰ ਅੰਦਰ ਬਲੱਡ ਸਰਕੂਲੇਸ਼ਨ ਠੀਕ ਕਰਕੇ ਸਟ੍ਰੋਕ, ਦਿਲ ਦੇ ਦੌਰਾ 'ਤੇ ਹਾਈ ਬਲੱਡ ਪ੍ਰੈਸ਼ਰ ਦੇ ਖਤਰੇ ਨੂੰ ਘੱਟ ਕਰਦੀ ਹੈ।

## ਖਿਆਲ ਰੱਖੋ ਆਪਣਾ :

- ਬਿਮਾਰੀ ਦੀ ਗੰਭੀਰ ਹਾਲਤ ਤੋਂ ਬਚਣ ਲਈ ਪਰੋਪਰ ਇਲਾਜ, ਪੌਸ਼ਟਿਕ ਖੁਰਾਕ, ਸਾਈਕਲਿੰਗ, ਸੈਰ, ਕਸਰਤ ਅਤੇ ਜੀਵਨ ਸ਼ੈਲੀ ਵਿਚ ਤਬਦੀਲੀ ਲਿਆਓ। ਆਪਣੇ ਸਰੀਰ ਦਾ ਵਜ਼ਨ ਨਾ ਵਧਨ ਨਾ ਦਿਓ। ਭੋਜਣ ਤੋਂ ਬਾਅਦ ਰੋਜ਼ਾਨਾ ਘੱਟੋ-ਘੱਟ ਅੱਧਾ ਘੰਟਾ ਸੈਰ ਜ਼ਰੂਰ ਕਰੋ। ਬਚਪਨ ਤੋਂ ਹੀ ਬੱਚਿਆਂ ਨੂੰ ਖੇਡਾਂ, ਯੋਗਾ, ਸਾਈਕਲਿੰਗ ਅਤੇ ਮਾਨਸਿਕ ਐਕਟੀਵਿਟੀ ਲਈ ਤਿਆਰ ਕਰੋ।
- ਹਾਈਪਰਟੈਨਸ਼ਨ ਦੀ ਫੈਮਿਲੀ ਹਿਸਟਰੀ ਵਾਲਿਆਂ ਨੂੰ ਮੋਟਾਪੇ ਦੇ ਸ਼ਿਕਾਰ, ਗੈਰਕਨੂੰਨੀ ਨਸ਼ੀਲੀ ਦਵਾਈਆਂ ਤੇ ਸ਼ਰਾਬ ਦੀ ਵਾਧੂ ਵਰਤੋਂ, ਲਗਾਤਾਰ ਜੰਕ ਫੂਡ ਲੈਣਾ, ਬਿਨਾ ਮਤਲਬ ਸਟ੍ਰੈਸ ਰਹਿਣਾ, ਅਚਾਨਕ ਜ਼ਿਆਦਾ ਗੁੱਸਾ ਅਤੇ ਹਰ ਆਦਮੀ ਤੋਂ ਸ਼ਿਕਾਇਤ ਰੱਖਣ ਦੀ ਆਦਤ ਨੂੰ ਛੱਡਣ ਦੀ ਲੋੜ ਹੈ।
- ਗਰਭਵਤੀ ਔਰਤਾਂ ਅੰਦਰ ਪਲ ਰਹੇ ਬੱਚੇ ਦੀ ਸੇਫਟੀ ਲਈ ਗੈਰਕਾਨੂੰਨੀ ਨਸ਼ੇ, ਵਾਈਨ, ਸਿਗਾਰ ਦੀ ਵਰਤੋਂ ਤੋਂ ਪ੍ਰਹੇਜ਼ ਕਰਨ। ਅਜਿਹਾ ਨਾ ਕਰਨ ਨਾਲ ਪੈਦਾ ਹੋਣ ਵਾਲਾ ਬੱਚਾ ਵਿਕਲਾਂਗ ਤੇ ਦਿਮਾਗੀ, ਦਿਲ ਦੇ ਰੋਗ ਲੈ ਕੈ ਆ ਸਕਦਾ ਹੈ।
- ਸਸਤਾ ਸਨੈਕ ਕੇਲੇ ਖਾਓ। ਕੇਲੇ ਅੰਦਰ ਮੌਜੂਦ ਪੋਟਾਸ਼ੀਅਮ 10% ਤੱਕ ਖੂਨ ਦੇ ਦਬਾਅ ਨੂੰ ਘੱਟ ਕਰਨ ਵਿਚ ਮਦਦ ਕਰਦਾ ਹੇ। ਤਾਜ਼ੇ ਦਹੀਂ ਵਿਚ ਕੇਲਾ ਮੈਸ਼ ਕਰਕੇ ਖੁਦ ਅਤੇ ਬੱਚਿਆਂ ਨੂੰ ਡੇਲੀ ਖਿਲਾਓ।
- ਵਿਟਾਮਿਨ, ਹਰਬਲ ਸਪਲੀਮੈਂਟਸ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਸ਼ਾਮਲ ਕਰੋ।
- ਡੇਲੀ ਖੁਰਾਕ ਵਿਚ ਜ਼ਿਆਦਾ ਨਮਕ (ਸੋਡੀਅਮ) ਬਲੱਡ ਪ੍ਰੈਸ਼ਰ ਵਧਾ ਦਿੰਦਾ ਹੈ। ਪੋਟਾਸ਼ੀਅਮ ਸਰੀਰ ਅੰਦਰ ਸੈੱਲਾਂ ਵਿਚ ਸੋਡੀਅਮ ਦੀ ਮਾਤਰਾ ਸੰਤੁਲਿਤ ਕਰਨ ਵਿਚ ਮਦਦ ਕਰਦਾ ਹੈ। ਪੌਸ਼ਟਿਕ ਖੁਰਾਕ ਵਿਚ ਤਾਜ਼ੇ ਫਲ ਅਤੇ ਸਬਜ਼ੀਆਂ ਸਲਾਦ ਦੀ ਸ਼ਕਲ 'ਚ ਅਤੇ ਪੋਟਾਸ਼ੀਅਮ, ਫਾਈਬਰ, ਪ੍ਰੋਟੀਨ ਨੂੰ ਸ਼ਾਮਲ ਕਰੋ। ਤਾਜ਼ਾ ਚੁਕੰਦਰ ਅਤੇ ਚੁਕੰਦਰ ਦੇ ਜੂਸ ਅੰਦਰ ਮੌਜੂਦ ਨਾਈਟ੍ਰੇਟਸ ਖੂਨ ਦੀਆਂ ਨਾੜੀਆਂ ਰੀਲੈਕਸ ਕਰ ਕੇ ਵਧੇ ਹੋਏ ਬਲੱਡ ਪ੍ਰੈਸ਼ਰ ਨੂੰ ਘਟਾ ਦਿੰਦਾ ਹੈ।

ਨੋਟ : ਬਲੱਡ-ਪ੍ਰੈਸ਼ਰ ਦਾ ਵੱਧਣਾ ਘੱਟ ਹੋਣਾ ਜਾਨਲੇਵਾ ਹੋ ਸਕਦਾ ਹੈ। ਵੱਧ-ਘੱਟ ਦੀ ਹਾਲਤ 'ਚ ਬਿਨਾ ਦੇਰੀ ਡਾਕਟਰ ਦੀ ਹੈਲਪ ਲਵੋ।

# ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਵਿੱਛੜੇ ਰਿਸ਼ਤੇ



ਡਾ. ਮਨਜੀਤ ਸਿੰਘ ਬੱਲ
98728-43491
(Punjab Mail USA)




ਅਣਵੰਡੇ ਪੰਜਾਬ ਵਿਚ ਬਹੁਤ ਸਾਰੇ ਲੋਕ, ਚੰਗੇ ਭਵਿੱਖ ਵਾਸਤੇ ਪੱਛਮੀ ਪੰਜਾਬ ਦੇ ਖੇਤਰਾਂ ਵੱਲ ਜਾਂਦੇ ਸਨ। ਉਥੋਂ ਦੀ ਜ਼ਮੀਨ ਬਹੁਤ ਜਰਖ਼ੇਜ਼ ਹੈ। ਲਾਇਲਪੁਰ, ਮੁਲਤਾਨ, ਬੂਰੇਵਾਲਾ, ਖ਼ਾਨੇਵਾਲ ਆਦਿ ਖੇਤਰਾਂ ਵਿਚ ਕਾਰੋਬਾਰ ਕਰਨ ਜਾਂਦੇ ਸਨ ਤੇ ਕਿਹਾ ਜਾਂਦਾ ਸੀ ਫਲਾਣੇ ਦਾ ਟੱਬਰ ਬਾਰ ਗਿਆ ਹੋਇਐ। ਉਦੋਂ ਸਿੱਖ, ਮੁਸਲਮਾਨ, ਹਿੰਦੂ ਤੇ ਇਸਾਈ ਸਭ ਰਲ਼-ਮਿਲ਼ ਕੇ ਸਾਂਝੇ ਵਿਹੜਿਆਂ ਵਿਚ ਰਹਿੰਦੇ ਸਨ। ਸਭ ਦੇ ਨਿਆਣੇ ਇਕੱਠੇ ਖੇਡਦੇ ਹੁੰਦੇ ਸਨ। ਕਦੀ ਮ੍ਹੀਦਾਂ ਖਾਲਾ ਦੇ ਚੁੱਲ੍ਹੇ 'ਤੇ ਰੋਟੀਆਂ ਖਾ ਲੈਂਦੇ, ਕਦੀ ਧੰਨੋ ਦੇ ਤੇ ਕਦੀ, ਖੇਡਦੇ-ਖੇਡਦੇ 'ਕੱਠੇ ਕਮਲਾ ਤਾਈ ਦੇ ਤੰਦੂਰ 'ਤੇ। ਸਾਰੇ ਧਰਮਾਂ ਦੇ 7-7, 8-8 ਬੱਚੇ 'ਕੱਠੇ ਬਹਿ ਕੇ ਤੱਤੀਆਂ-ਤੱਤੀਆਂ ਦੇਸੀ ਘਿਓ ਨਾਲ ਚੋਪੜੀਆਂ ਦੇ ਉਤੇ ਸ਼ੱਕਰ ਰੱਖ ਕੇ ਛਕਦੇ। ਨਾ ਕੋਈ ਵੈਰ-ਵਿਰੋਧ ਸੀ ਤੇ ਨਾ ਕੋਈ ਧਰਮਾਂ ਦੇ ਬੰਧਨ ਸਨ।

ਧਰਮ ਦੇ ਆਧਾਰ 'ਤੇ ਪਾਕਿਸਤਾਨ ਬਨਣ ਦੀ ਗੱਲ ਨੇ ਮੁਸਲਮਾਨਾਂ ਤੇ ਹਿੰਦੂ-ਸਿੱਖਾਂ ਵਿਚ ਐਸਾ ਪਾੜ ਪਾਇਆ ਕਿ '47 ਦੇ ਅੱਧ 'ਚ, ਪਿਆਰ ਮੁਹੱਬਤ ਨਾਲ ਵੱਸਦੇ ਫਿਰਕਿਆਂ ਦਰਮਿਆਨ ਨਫ਼ਰਤਾਂ ਦੀ ਫ਼ਸਲ ਪੱਕ ਗਈ ਸੀ। ਸਿੱਖ-ਹਿੰਦੂ ਚੜ੍ਹਦੇ ਪੰਜਾਬ ਵੱਲ ਤੇ ਮੁਸਲਮਾਨ ਲਹਿੰਦੇ ਵੱਲ ਨੂੰ ਹਿਜਰਤ ਕਰਨ ਲੱਗੇ। ਬਹੁਤ ਕੱਟ ਵੱਢ ਹੋਈ, ਘਰ-ਬਾਰ ਫੂਕੇ ਗਏ, ਜਬਰ-ਜਨਾਹ ਹੋਏ, ਪੰਜਾਬੀਆਂ ਦੇ ਲਹੂ ਨਾਲ ਖੂਹਾਂ, ਟੋਭਿਆਂ ਦਾ ਪਾਣੀ ਲਾਲ ਹੋ ਗਿਆ। ਜਾਇਦਾਦਾਂ ਲੁੱਟੀਆਂ ਗਈਆਂ। ਛੋਟੇ ਨਿਆਣਿਆਂ ਨੂੰ ਮਾਵਾਂ ਰਾਹ ਵਿਚ ਹੀ ਸੁੱਟ ਗਈਆਂ, ਇਸੇ ਕਰਕੇ ਕਹਿੰਦੇ ਨੇ ਮਾਵਾਂ ਨੇ ਪੁੱਤ ਨਹੀਂ ਸੀ ਸੰਭਾਲੇ। ਐਸੀ ਲਕੀਰ ਖਿੱਚੀ ਗਈ ਕਿ ਪੁੱਤ ਮਾਪਿਆਂ ਤੋਂ, ਭੈਣ ਵੀਰਾਂ ਤੋਂ, ਚਾਚੇ ਤੇ ਭੂਆ, ਭਤੀਜੇ ਭਤੀਜੀਆਂ ਤੋਂ ਸਦਾ ਲਈ ਵਿਛੜ ਗਏ। 76 ਸਾਲ ਬੀਤ ਜਾਣ 'ਤੇ ਓਸ ਪੀੜ੍ਹੀ ਦੇ ਲੋਕ ਹੁਣ ਬਹੁਤ ਹੀ ਘੱਟ ਬਚੇ ਹਨ, ਫਿਰ ਵੀ ਕੋਈ ਨੇੜਲਾ ਖ਼ੂਨ ਦਾ ਰਿਸ਼ਤਾ ਅਜੇ ਵੀ ਮਿਲ ਜਾਂਦਾ ਹੈ। ਟੈਕਨੋਲੋਜੀ (ਫੇਸਬੁੱਕ, ਵਟਸ ਐਪ, ਟਵਿੱਟਰ ਆਦਿ) ਦੀ ਬਦੌਲਤ ਕਈ ਥਾਈਂ, ਦੂਜੀ ਜਾਂ ਤੀਜੀ ਪੀੜ੍ਹੀ ਵਾਲੇ ਖ਼ੂਨ ਦੇ ਰਿਸ਼ਤੇ ਲੱਭ ਗਏ ਹਨ, ਜੋ ਖ਼ੂਨ ਨੂੰ ਪਛਾਣਦੇ ਹਨ। ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਕੁਝ ਤਨਜ਼ੀਮਾਂ ਵੀ ਹਨ, ਜੋ ਇਧਰ-ਉਧਰ ਦੇ ਖ਼ੂਨ ਦੇ ਰਿਸ਼ਤੇਦਾਰਾਂ ਨੂੰ ਮਿਲਾਉਣ ਦਾ ਕੰਮ ਕਰਦੀਆਂ ਹਨ। ਲਾਂਘਾ ਖੁੱਲ੍ਹਣ ਨਾਲ ਵੀ ਦਰਬਾਰ ਸਾਹਿਬ ਕਰਤਾਰਪੁਰ ਵਿਖੇ ਦਰਸ਼ਨਾਂ ਦੇ ਨਾਲ-ਨਾਲ, ਕਈ ਵਿਛੜਿਆਂ ਨੂੰ ਮਿਲਾਇਆ ਜਾ ਰਿਹਾ ਹੈ। ਪਰ ਸਰਹੱਦੋਂ ਪਾਰ ਜਾ ਕੇ ਰਿਸ਼ਤਿਆਂ ਨੂੰ ਮਿਲਣਾ ਬਹੁਤ ਹੀ ਮੁਸ਼ਕਲ ਹੈ ਕਿਉਂਕਿ ਹਕੂਮਤਾਂ ਵੀਜ਼ੇ ਨਹੀਂ ਦੇਂਦੀਆਂ।

ਮੈਂ 1979 ਵਿਚ ਪਹਿਲੀ ਵਾਰ ਜੱਥੇ ਨਾਲ ਲਾਹੌਰ ਗਿਆ ਸਾਂ। ਆਪਣੀ ਸਕੀ ਭੂਆ ਨੂੰ ਮਿਲ ਕੇ ਆਇਆ ਸਾਂ ਤੇ 'ਡੱਬੀਆਂ ਵਾਲਾ ਖੇਸ' ਲਿਖਿਆ ਸੀ। 1991 ਵਿਚ ਜਦ, ਅਲਹਮਰਾ ਆਰਟ ਸੈਂਟਰ ਵਿਚ ਮੁਨੱਕਦ ਕੀਤੀ ਗਈ ਇਕ ਕਾਨਫਰੰਸ ਵਿਚ ਮੈਂ ਲੈਕਚਰ ਦੇਣ ਵਾਸਤੇ ਗਿਆ ਸੀ, ਤਾਂ ਲਾਹੌਰ ਵਿਚ ਸਕੀ ਮਾਸੀ ਸੱਸ ਤੇ ਉਹਦੇ ਟੱਬਰ ਨੂੰ ਮਿਲ ਕੇ ਆਇਆ ਸਾਂ। ਹੁਣ, 2023 'ਚ ਵਿਸਾਖੀ ਜੱਥੇ ਨਾਲ ਗੁਰਦੁਆਰਿਆਂ ਦੇ ਦਰਸ਼ਨਾਂ ਵਾਸਤੇ ਸਾਡਾ ਵੀਜ਼ਾ ਲੱਗਾ, ਤਾਂ ਅਸੀਂ ਦੋਵੇਂ ਜਣੇ, ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ, ਸੱਚਾ ਸੌਦਾ ਚੂਹੜਕਾਣਾ (ਫਾਰੂਕਾਬਾਦ), ਸ੍ਰੀ ਪੰਜਾ ਸਾਹਿਬ ਹਸਨ ਅਬਦਾਲ ਤੇ ਲਾਹੌਰ ਦੇ ਗੁਰਦੁਆਰਿਆਂ ਦੇ ਦਰਸ਼ਨਾਂ ਦੇ ਨਾਲ-ਨਾਲ, ਖ਼ੂਨ ਦੇ ਇਨ੍ਹਾਂ ਰਿਸ਼ਤਿਆਂ ਨੂੰ ਖੁੱਲ੍ਹੇ ਸਮੇਂ 'ਚ ਮਿਲੇ। ਚੰਡੀਗੜ੍ਹੋਂ ਚੱਲਣ ਤੋਂ ਪਹਿਲਾਂ ਵਟਸ ਐਪ ਕਾਲ 'ਤੇ ਅਨਵਰ (ਭੂਆ ਦੇ ਪੋਤਰੇ) ਨੇ ਜਦ ਮੋਹ ਭਿੱਜੇ ਲਹਿਜੇ 'ਚ ਕਿਹਾ ਸੀ, "ਚਾਚਾ ਕੀ ਹਾਲ ਆ, ਸਭ ਖੈਰੀਅਤ?" ਤਾਂ ਮਨ ਖ਼ੁਸ਼ ਹੋ ਗਿਆ ਸੀ, "ਚਾਚੀ ਨੂੰ ਨਾਲ ਈ ਲੈ ਕੇ ਆਵੀਂ"। ਮੈਂ ਦੱਸਿਆ ਕਿ ਅਸੀਂ ਦੋਵੇਂ ਆਵਾਂਗੇ। ਉਨ੍ਹਾਂ ਦੇ ਪੂਰੇ ਟੱਬਰ ਦੀ ਖ਼ੁਸ਼ੀ ਦਾ ਅੰਦਾਜ਼ਾ ਮੈਂ ਫੋਨ ਕਾਲਾਂ ਤੋਂ ਲਾ ਸਕਦਾ ਸਾਂ।

"ਜੱਥੇ ਨੇ ਵਾਹਗੇ ਬਾਰਡਰ ਤੋਂ ਏ.ਸੀ. ਬੱਸਾਂ ਰਾਹੀਂ ਸਿੱਧਾ ਨਨਕਾਣਾ ਸਾਹਿਬ ਜਾ ਕੇ ਰੁਕਣੈ, ਵਾਪਸੀ 'ਤੇ ਲਾਹੌਰ ਤਿੰਨ ਦਿਨ ਦਾ ਪ੍ਰੋਗਰਾਮ ਹੈ, ਉਦੋਂ ਮਿਲਾਂਗੇ, ਤਸੱਲੀ ਨਾਲ"। ਮੈਂ ਅੰਮ੍ਰਿਤਸਰ ਜਾ ਕੇ ਗੱਲ ਕੀਤੀ ਸੀ। ਬਾਰਡਰ ਪਾਰ ਕਰਕੇ ਕੋਈ ਮੋਬਾਇਲ ਜਾਂ ਵਟਸਐਪ ਨਹੀਂ ਚਲਦਾ। ਅਸੀਂ ਰਾਤ ਕੁਵੇਲੇ ਜਿਹੇ ਨਨਕਾਣਾ ਸਾਹਿਬ ਪੁੱਜੇ। ਰਹਿਣ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵਿਚ ਹੀ ਸੀ। ਅਗਲੇ ਦਿਨ ਬੱਸਾਂ ਰਾਹੀਂ ਅਸੀਂ (ਜੱਥਾ) ਗੁਰਦੁਆਰਾ ਸੱਚਾ ਸੌਦਾ, ਚੂਹੜਕਾਣੇ ਦੇ ਦਰਸ਼ਨ ਕੀਤੇ। ਵਾਪਿਸ ਸ਼ਾਮ ਨੂੰ ਪੰਜ ਕੁ ਵਜੇ ਪੁੱਜੇ ਤਾਂ ਪਤਾ ਲੱਗਾ ਕਿ ਗੁਰਦੁਆਰਾ ਸਾਹਿਬ ਦੇ ਗੇਟ ਦੇ ਬਾਹਰ ਪਰਿਵਾਰ ਸਮੇਤ ਅਨਵਰ ਸਾਨੂੰ ਉਡੀਕ ਰਿਹਾ ਸੀ। ਹੁਣ ਤੋਂ 40 ਸਾਲ ਪਹਿਲਾਂ ਮੈਂ ਉਹਨੂੰ ਲਾਹੌਰ ਦੇ ਡੇਰਾ ਸਾਹਿਬ 'ਚ ਵੇਖਿਆ ਸੀ, ਜਦ ਉਹ ਅਜੇ ਲੂੰਆਂ ਜਿਹਾ ਸੀ। ਪਰ ਉਹਨੇ ਵਟਸਐਪ ਤੇ ਫੇਸਬੁੱਕ ਦੀਆਂ ਫੋਟੋਆਂ ਕਰਕੇ ਸਾਨੂੰ ਦੋਵਾਂ ਨੂੰ ਪਛਾਣ ਲਿਆ। ਇਕ ਦੂਜੇ ਨੂੰ ਵੇਖ ਕੇ ਦਿਲ ਦੀਆਂ ਧੜਕਨਾਂ ਪੂਰੀ ਗਤੀ 'ਚ ਆ ਗਈਆਂ ਤੇ ਅੱਖਾਂ 'ਚ ਖ਼ੁਸ਼ੀ ਦੇ ਗਲੇਡੂ। ਚਾਚੇ-ਭਤੀਜੇ ਦੀਆਂ ਘੁੱਟ-ਘੁੱਟ ਕੇ ਜੱਫੀਆਂ ਪਈਆਂ; ਅਨਵਰ ਦੀ ਬੇਗ਼ਮ ਰਜ਼ੀਆ ਤੇ ਇੰਦਰਜੀਤ ਵੀ ਗਲਵਕੜੀ ਪਾ ਕੇ ਮਿਲੀਆਂ। ਗੁਰਦੁਆਰਾ ਸਾਹਿਬ ਦੀ ਦੀਵਾਰ ਕੋਲ ਸਾਨੂੰ ਖੁਸ਼ਆਮਦੀਦ ਕਹਿਣ ਵਾਸਤੇ ਅਨਵਰ ਨੇ ਮੇਰੇ ਤੇ ਰਜ਼ੀਆ ਨੇ ਇੰਦਰਜੀਤ ਦੇ ਗਲ਼ ਵਿਚ ਫੁੱਲ ਮਾਲਾ ਪਾਈਆਂ।

"ਅਨਵਰ..., ਤੁਸੀਂ ਐਨੀ ਖੇਚਲ ਕੀਤੀ, ਲਾਹੌਰ ਤੋਂ ਚੱਲ ਕੇ ਆਏ ਹੋ, 4-5 ਦਿਨਾਂ ਬਾਅਦ ਅਸੀਂ ਉਥੇ ਹੀ ਆ ਜਾਣਾ ਸੀ" ਮੈਂ ਗਲ਼ਾ ਸਾਫ਼ ਕਰਦਿਆਂ ਕਿਹਾ। "ਪਰ ਚਾਚਾ, ਸਾਡੇ ਕੋਲੋਂ ਸਬਰ ਨਹੀਂ ਹੋਇਆ ਕਿ 4-5 ਦਿਨ ਇੰਤਜ਼ਾਰ ਕਰੀਏ, ਸਾਡੇ ਕੋਲੋਂ ਰਿਹਾ ਨਹੀਂ ਗਿਆ, ਸੋ ਅਸੀਂ ਆ ਗਏ...., ਤੇ ਦੁਪਹਿਰ ਦੋ ਵਜੇ ਤੋਂ ਇਥੇ, ਸਾਰੀਆਂ ਰਾਹਵਾਂ 'ਤੇ ਨਜ਼ਰਾਂ ਗੱਡੀ ਬੈਠੇ ਹਾਂ, ਮੇਰਾ ਖ਼ੁਦਾ ਬੜਾ ਮਿਹਰਬਾਨ ਹੈ, ਤੁਸੀਂ ਮਿਲ ਗਏ ਨਹੀਂ ਤਾਂ ਸਾਨੂੰ ਮਾਯੂਸ ਹੋ ਕੇ ਮੁੜਨਾ ਪੈਣਾ ਸੀ ਤੇ ਪੰਜ ਦਿਨ ਉਡੀਕਣਾ ਪੈਣਾ ਸੀ"।

ਨਨਕਾਣਾ ਸਾਹਿਬ ਦੇ ਦਰਸ਼ਨਾਂ ਤੋਂ ਬਾਅਦ ਸ੍ਰੀ ਪੰਜਾ ਸਾਹਿਬ ਤੇ ਫਿਰ ਲਾਹੌਰ ਪੁੱਜੇ। ਗੁਰਦੁਆਰਾ ਡੇਰਾ ਸਾਹਿਬ ਵਿਚ ਠਹਿਰਾਓ ਦੌਰਾਨ ਸ਼ਹੀਦਾਂ ਦੇ ਸਿਰਤਾਜ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਸਥਾਨ, ਮਹਾਰਾਜਾ ਰਣਜੀਤ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਦੀਆਂ ਸਮਾਧਾਂ, ਸ਼ਾਹੀ ਕਿਲ੍ਹਾ ਜਿਹਦੀ ਕੰਧ ਦੇ ਉਤੋਂ ਦੀ ਬਾਬਾ ਬਿਧੀ ਚੰਦ ਨੇ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘੋੜੇ ਟਪਾਅ ਕੇ ਰਾਵੀ ਵਿਚ ਛਾਲ ਮਾਰੀ ਸੀ, ਆਦਿ ਜਗ੍ਹਾ ਵੇਖਣ ਦੇ ਨਾਲ-ਨਾਲ ਇਕ ਦਿਨ, 4-5 ਘੰਟੇ ਅਨਵਰ ਦੇ ਟੱਬਰ ਨਾਲ ਬਿਤਾਏ। ਭੂਆ ਦੇ ਪਿੰਡ ਰੋਸੇ-ਭੈਲ (ਕਸੂਰ) ਤੋਂ ਵੀ ਟੱਬਰ ਸਮੇਤ ਬਾਕੀ ਭਰਾ ਆਏ ਹੋਏ ਸਨ। ਇਕ ਵਿਆਹ ਵਾਲਾ ਮਾਹੌਲ ਸਿਰਜਿਆ ਗਿਆ ਸੀ। ਤੋਹਫਿਆਂ ਦਾ ਆਦਾਨ ਪ੍ਰਦਾਨ, ਖ਼ੁਸ਼ੀਆਂ, ਸੈਲਫੀਆਂ, ਵੀਡੀਓਗ੍ਰਾਫੀ ਤੋਂ ਬਾਅਦ ਦੁਪਹਿਰ ਦਾ ਖਾਣਾ ਤੇ ਫਿਰ ਹੰਝੂ ਭਰੀਆਂ ਅੱਖਾਂ ਨਾਲ ਵਿਦਾਇਗੀ।

ਇਸੇ ਤਰ੍ਹਾਂ ਅਗਲੇ ਦਿਨ ਇੰਦਰਜੀਤ ਦੀ ਸਕੀ ਮਾਸੀ ਦੇ ਤਿੰਨਾਂ ਪੁੱਤਾਂ ਨੂੰ ਲਾਹੌਰ 'ਚ ਮਿਲਣ ਦਾ ਸਬੱਬ ਬਣਿਆ। ਵੱਡੇ ਦੋ ਪੁੱਤਰਾਂ ਨੂੰ ਅਸੀਂ ਉਨ੍ਹਾਂ ਦੇ ਪਿੰਡ ਸ਼ਰਕਪੁਰ (ਸ਼ੇਖ਼ੂਪੁਰਾ) ਹੀ ਮਿਲ ਆਏ ਸਾਂ। ਉਸੇ ਤਰ੍ਹਾਂ ਫੁੱਲਾਂ ਦੀ ਬਰਖਾ ਨਾਲ ਸਵਾਗਤ ਤੇ ਤੋਹਫ਼ਿਆਂ ਦਾ ਦੌਰ; ਉਹ ਪਲ ਬਹੁਤ ਹੀ ਭਾਵੁਕ ਸਨ। ਮਾਸੀ ਦੱਸਦੀ ਹੁੰਦੀ ਸੀ ਕਿ 1959 ਵਿਚ ਜਦ ਉਹਦੀ ਭੈਣ ਸੰਮੋ (ਮੇਰੀ ਸੱਸ-ਮਾਂ) ਉਨ੍ਹਾਂ ਕੋਲ ਗਏ ਸਨ, ਤਾਂ ਮਾਸੀ ਨੇ ਕਿਹਾ ਸੀ, "ਤੇਰੇ ਕੋਲ ਤਿੰਨ ਕੁੜੀਆਂ ਨੇ, ਮੇਰੇ ਕੋਲ ਕੋਈ ਨਹੀਂ, ਆਹ ਵਿਚਕਾਰਲੀ ਕੁੜੀ ਮੈਨੂੰ ਦੇ ਜਾ" ਤਾਂ ਮਾਂ ਨੇ ਕਿਹਾ ਸੀ, "ਜੇ ਤੂੰ ਹਿੰਦੋਸਤਾਨ 'ਚ ਹੁੰਦੀ, ਤਾਂ ਭਾਵੇਂ ਮੈਂ ਤੈਨੂੰ ਦੇ ਹੀ ਦੇਂਦੀ, ਪਰ ਆਪਣੇ ਜਿਗਰ ਦਾ ਟੁਕੜਾ ਮੈਂ ਪਾਕਿਸਤਾਨ 'ਚ ਛੱਡ ਕੇ ਨਹੀਂ ਜਾ ਸਕਦੀ"। ਚੀਚਾ-ਵਤਨੀ ਰਹਿੰਦਾ ਸਭ ਤੋਂ ਛੋਟਾ ਮਾਮਾ ਸੁਰਜਣ (ਹੁਣ ਗੁਲਾਮ ਰਸੂਲ), ਬੁਢੇਪੇ ਤੇ ਸਿਹਤ ਕਰਕੇ ਲਾਹੌਰ ਆ ਕੇ ਸਾਨੂੰ ਮਿਲ ਨਹੀਂ ਸਕਿਆ ਪਰ ਫੋਨ 'ਤੇ ਗੱਲ ਹੋਈ, ਇੰਦਰਜੀਤ ਨੂੰ ਕਹਿੰਦਾ ਸੀ, "ਮੈਨੂੰ ਲੱਗਦਾ ਮੈਂ ਸੰਮੋ ਨਾਲ ਈ ਗੱਲ ਕਰਨ ਡਿਹਾਂ"।

ਵਾਹਗੇ ਵਾਲੀ ਲਕੀਰ ਖਿੱਚਣ ਵਾਲੇ ਰੈਡ-ਕਲਿੱਫ ਨੂੰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਬਾਸ਼ਿੰਦਿਆਂ ਦੇ ਇਸ ਗੁੰਝਲਦਾਰ ਤਾਣੇ ਪੇਟੇ ਵਾਲੇ ਰਿਸ਼ਤਿਆਂ ਬਾਰੇ ਕੋਈ ਜਾਣਕਾਰੀ ਨਹੀਂ ਸੀ। ਕਹਿੰਦੇ ਨੇ ਕਿ ਕੁਝ ਸਾਲਾਂ ਬਾਅਦ ਜਦ ਉਹਨੂੰ ਪਤਾ ਲੱਗਾ ਸੀ, ਤਾਂ ਉਹ ਆਪਣੇ ਮੱਥੇ 'ਤੇ ਹੱਥ ਮਾਰ ਕੇ ਕਹਿੰਦਾ ਸੀ 'ਮੈਥੋਂ ਬੜੀ ਵੱਡੀ ਗ਼ਲਤੀ ਹੋਗੀ'।

ਅੱਲਾ ਦੀਆਂ ਰੁਸ਼ਨਾਈਆਂ ਨੇ, ਧਰਤੀ ਜੇ ਸਾਰੀ ਰੱਬ ਦੀ ਤਾਂ ਲਕੀਰਾਂ ਕਿੰਨ੍ਹੇ ਵਾਹੀਆਂ ਨੇ।

# ਦਿਨੋਂ-ਦਿਨ ਮਨਫ਼ੀ ਹੋ ਰਿਹਾ ਕਿਰਤ ਸੱਭਿਆਚਾਰ


-ਹਰਕੀਰਤ ਕੌਰ
97791-18066
(Punjab Mail USA)



ਕਿਸੇ ਦਾਰਸ਼ਨਿਕ ਨੇ ਕਿਹਾ ਹੈ, "ਮਨੁੱਖ ਕੋਲ ਜਿਊਣ ਲਈ ਇੱਕ ਜ਼ਿੰਦਗੀ ਹੈ। ਉਸਨੇ ਇਹ ਦੇਖਣਾ ਹੈ ਕਿ ਉਸਨੂੰ ਕਿਵੇਂ ਜਿਊਣਾ ਹੈ?" ਇਸਦੇ ਨਾਲ ਇੱਕ ਸਵਾਲ ਹੋਰ ਪੈਦਾ ਹੁੰਦਾ ਹੈ ਕਿ ਮਨੁੱਖ ਨੇ ਇਸ ਜੀਵਨ ਵਿਚ ਹਾਸਲ ਕੀ ਕੀਤਾ? ਮੇਰੇ ਅਨੁਸਾਰ ਮਨੁੱਖੀ ਜ਼ਿੰਦਗੀ ਦਾ ਹਾਸਲ ਇਹ ਹੈ ਕਿ ਮਨੁੱਖ ਨੇ ਜ਼ਿੰਦਗੀ ਨੂੰ ਕਿਵੇਂ ਜੀਵਿਆ। ਸਾਡਾ ਧਰਤੀ 'ਤੇ ਆਉਣਾ ਤਾਂ ਹੀ ਸਾਰਥਿਕ ਹੈ, ਜੇਕਰ ਅਸੀਂ ਉਸ ਸਮੇਂ ਦੌਰਾਨ ਵੱਧ ਤੋਂ ਵੱਧ ਉਹ ਕਾਰ ਵਿਹਾਰ ਕਰੀਏ, ਜਿਨ੍ਹਾਂ ਨਾਲ ਸਾਡੀ ਸ਼ਖ਼ਸੀਅਤ ਵਿਚ ਵੀ ਨਿਖਾਰ ਆਵੇ ਅਤੇ ਸਮਾਜ ਦਾ ਵੀ ਭਲਾ ਹੋਵੇ। ਪੁਰਾਣੇ ਸਮਿਆਂ ਵਿਚ ਇੱਕ ਅਖਾਣ ਵਰਤਿਆ ਜਾਂਦਾ ਸੀ ਕਿ 'ਕਿਰਤ ਵਿਚ ਸਦਾ ਬਰਕਤਾਂ ਨੇ।' ਭਾਵ ਕਿਰਤ ਮਨੁੱਖ ਨੂੰ ਆਰਥਿਕ ਪੱਖੋਂ ਹੀ ਨਹੀਂ, ਸਰੀਰਕ ਅਤੇ ਮਾਨਸਿਕ ਪੱਖੋਂ ਵੀ ਸਿਹਤਮੰਦ ਬਣਾਉਂਦੀ ਹੈ। ਕਿਰਤ ਬਾਰੇ ਕਾਰਲ ਮਾਰਕਸ ਨੇ ਲਿਖਿਆ ਹੈ ਕਿ "ਕਿਰਤ ਉਹ ਪ੍ਰਕਿਰਿਆ ਹੈ, ਜਿਸ ਵਿਚ ਮਨੁੱਖ ਅਤੇ ਪ੍ਰਕਿਰਤੀ ਦੋਵੇਂ ਸ਼ਾਮਲ ਹੁੰਦੇ ਹਨ।

ਅਸੀਂ ਪੰਜਾਬ ਦੇ ਲੋਕ ਜੇ ਕਿਸੇ ਮਹਾਨ ਸ਼ਖ਼ਸੀਅਤ ਨੂੰ ਸਭ ਤੋਂ ਵੱਧ ਮਾਣ ਦਿੰਦੇ ਹਾਂ, ਤਾਂ ਉਹ ਹਨ ਗੁਰੂ ਨਾਨਕ ਦੇਵ ਜੀ। ਉਨ੍ਹਾਂ ਦਾ ਪਹਿਲਾ ਉਪਦੇਸ਼ ਹੀ ਕਿਰਤ ਕਰੋ ਦਾ ਹੈ। ਉਨ੍ਹਾਂ ਗੁਰਬਾਣੀ ਦੀਆਂ ਕਈ ਪੰਗਤੀਆਂ ਵਿਚ ਕਿਰਤ ਕਰਨ ਦੀ ਮਹਾਨਤਾ ਦਾ ਜ਼ਿਕਰ ਕੀਤਾ ਹੈ।

ਜਿਹੜੇ ਸਮਾਜਾਂ ਵਿਚ ਬਹੁਗਿਣਤੀ ਲੋਕ ਕਿਰਤ ਨਾਲ ਜੁੜੇ ਹੁੰਦੇ ਹਨ, ਉੱਥੇ ਲੋਕਾਂ ਵਿਚ ਚੰਗੀਆਂ ਨੈਤਿਕ ਕਦਰਾਂ-ਕੀਮਤਾਂ ਦਾ ਸੰਚਾਰ ਹੁੰਦਾ ਹੈ। ਇਸਦਾ ਪ੍ਰਭਾਵ ਅਗਲੀਆਂ ਪੀੜ੍ਹੀਆਂ ਤੱਕ ਵੀ ਰਹਿੰਦਾ ਹੈ। ਅੱਜ ਲੋਕ ਵੱਡੀ ਗਿਣਤੀ ਵਿਚ ਮਾਨਸਿਕ ਤਣਾਵਾਂ ਦਾ ਸ਼ਿਕਾਰ ਹਨ। ਕੋਈ ਸਮਾਂ ਸੀ, ਜਦੋਂ ਸਮਾਜ ਵਿਚ ਮਰਦ ਅਤੇ ਔਰਤਾਂ ਮਿਲ ਕੇ ਖੇਤੀ ਕਰਦੇ ਸਨ ਅਤੇ ਔਰਤਾਂ ਕਈ ਤਰ੍ਹਾਂ ਦੇ ਕੰਮਾਂ ਵਿਚ ਹੱਥ ਵਟਾਉਂਦੀਆਂ ਸਨ। ਆਂਢ-ਗੁਆਂਢ ਵਿਚ ਲੋਕ ਬਿਨਾਂ ਕਿਸੇ ਲੋਭ-ਲਾਲਚ ਦੇ ਇੱਕ ਦੂਸਰੇ ਦੇ ਕੰਮ ਵਿਚ ਹੱਥ ਵਟਾ ਦਿੰਦੇ ਸਨ। ਪਰ ਅੱਜ ਕਿਰਤ ਨਾਲ ਜੁੜੀਆਂ ਸਾਂਝਾਂ ਲਗਪਗ ਖਤਮ ਹੋ ਗਈਆਂ ਹਨ।

ਚੀਨੀ ਦਾਰਸ਼ਨਿਕ ਕਨਫਿਊਸ਼ੀਅਸ਼ ਦਾ ਕਹਿਣਾ ਹੈ ਕਿ ਧਰਮ ਅਤੇ ਸਿੱਖਿਆ ਗ੍ਰਹਿਣ ਕਰਨ ਨਾਲ ਕੋਈ ਪੂਰਨ ਮਨੁੱਖ ਨਹੀਂ ਬਣ ਜਾਂਦਾ, ਇਸ ਲਈ ਉਸਦਾ ਕਿਰਤ ਨਾਲ ਜੁੜਨਾ ਬਹੁਤ ਜ਼ਰੂਰੀ ਹੈ। ਭਾਵ ਕਿਰਤ ਮਨੁੱਖ ਨੂੰ ਪੂਰਨ ਮਨੁੱਖ ਬਣਾਉਣ ਵਿਚ ਵੱਡਾ ਰੋਲ ਅਦਾ ਕਰਦੀ ਹੈ। ਅੱਜ ਸਾਡੇ ਦੇਸ਼ ਦੇ ਨੌਜਵਾਨ ਵੱਡੀਆਂ ਰਕਮਾਂ ਖਰਚ ਕੇ ਵਿਕਸਿਤ ਦੇਸ਼ਾਂ ਵਿਚ ਜਾਣ ਨੂੰ ਬੇਤਾਬ ਹਨ। ਉੱਥੇ ਸਾਡੇ ਨਾਲੋਂ ਕੀ ਵੱਖਰਾ ਹੈ? ਇਸਦਾ ਉੱਤਰ ਇਹ ਹੈ ਕਿ ਉੱਥੇ ਕਿਰਤ ਨੂੰ ਸਨਮਾਨ ਮਿਲਦਾ ਹੈ। ਐਥੇ ਭਾਰੇ ਕੰਮ ਕਰਨ ਵਾਲਿਆਂ ਨੂੰ ਵੱਧ ਮਾਣ ਅਤੇ ਮੁਆਵਜ਼ਾ ਮਿਲਦਾ ਹੈ। ਇੱਕ ਪ੍ਰੋਫੈਸਰ ਨਾਲੋਂ ਟਰੱਕ ਡਰਾਈਵਰ ਨੂੰ ਵੱਧ ਇਵਜ਼ਾਨਾ ਮਿਲਦਾ ਹੈ। ਪਰ ਸਾਡੇ ਦੇਸ਼ ਵਿਚ ਐਥੇ ਭਾਰੇ ਕੰਮ ਵਾਲਿਆਂ ਨੂੰ ਵੱਧ ਮਾਣ ਅਤੇ ਮੁਆਵਜ਼ਾ ਤਾਂ ਕੀ ਮਿਲਣਾ, ਉਲਟਾ ਉਸਨੂੰ ਨੀਵਾਂ ਸਮਝਿਆ ਜਾਂਦਾ ਹੈ।

ਹਰ ਦੇਸ਼ ਦੀ ਪ੍ਰਸ਼ਾਸਨਿਕ ਵਿਵਸਥਾ ਚੰਗੇ ਮਾੜੇ ਸਮਾਜਾਂ ਦੀ ਸਿਰਜਣਾ ਕਰਦੀ ਹੈ। ਅੱਜ ਜੇਕਰ ਸਾਡੇ ਸਮਾਜ ਦੀ ਬਹੁਗਿਣਤੀ ਕਿਰਤ ਵਿਹੂਣੀ ਹੋ ਗਈ ਹੈ, ਤਾਂ ਉਸਦਾ ਕਾਰਨ ਇਹ ਕਿ ਜਿਸ ਤਰ੍ਹਾਂ ਦੇ ਲੋਕਾਂ ਲਈ ਕਿਰਤ ਦੇ ਵਸੀਲੇ ਪੈਦਾ ਕੀਤੇ ਜਾਣੇ ਚਾਹੀਦੇ ਸਨ, ਉਹ ਨਹੀਂ ਕੀਤੇ ਗਏ। ਅੱਜਕੱਲ੍ਹ ਇਲੈਕਟ੍ਰਿਕ ਅਤੇ ਸੋਸ਼ਲ ਮੀਡੀਆ 'ਤੇ ਇੱਕ ਪ੍ਰਚਾਰ ਬੜੇ ਜ਼ੋਰ-ਸ਼ੋਰ ਨਾਲ ਹੁੰਦਾ ਹੈ ਕਿ ਚੀਨੀ ਸਮਾਨ ਦਾ ਬਾਈਕਾਟ ਕੀਤਾ ਜਾਵੇ। ਪਰ ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇਕਰ ਚੀਨ ਵਰਗਾ ਮੁਲਕ ਆਪਣੇ ਦੇਸ਼ ਦੀ ਵੱਡੀ ਆਬਾਦੀ ਨੂੰ ਵੱਖ-ਵੱਖ ਕੰਮਾਂ ਨਾਲ ਜੋੜ ਕੇ ਆਲਮੀ ਬਾਜ਼ਾਰ 'ਤੇ ਕਾਬਜ਼ ਹੋ ਸਕਦਾ ਹੈ, ਤਾਂ ਸਾਡਾ ਭਾਰਤ ਕਿਉਂ ਨਹੀਂ? ਪਰ ਸਾਡੇ ਮੁਲਕ ਵਿਚ ਲੋਕਾਂ ਨੂੰ ਧਰਮ ਕਰਮ, ਜਾਤਾਂ-ਪਾਤਾਂ ਅਤੇ ਰਾਜਨੀਤੀ ਦੀਆਂ ਕੋਝੀਆਂ ਚਾਲਾਂ ਵਿਚ ਉਲਝਾਇਆ ਜਾ ਰਿਹਾ ਹੈ। ਸਾਡੇ ਲੋਕਾਂ ਨੂੰ ਕਿਰਤ ਲਈ ਤਿਆਰ ਹੀ ਨਹੀਂ ਕੀਤਾ ਜਾ ਰਿਹਾ।

ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਵੱਖ-ਵੱਖ ਅਦਾਰਿਆਂ ਵਿਚ ਹੁੰਦੀ ਕਿਰਤ ਦੀ ਲੁੱਟ ਨੂੰ ਰੋਕਣ ਵਿਚ ਸਕਾਰਾਤਮਕ ਭੂਮਿਕਾ ਨਿਭਾਵੇ। ਪਰ, ਇੱਥੇ ਸਾਡੇ ਮੁਲਕ ਵਿਚ ਇਸ ਤੋਂ ਉਲਟ ਹੋ ਰਿਹਾ ਹੈ, ਨੌਜਵਾਨ ਛੋਟੇ-ਮੋਟੇ ਕੰਮਾਂ ਨੂੰ ਕਰਨ ਲਈ ਤਿਆਰ ਨਹੀਂ, ਪੜ੍ਹੇ-ਲਿਖੇ ਨੌਜਵਾਨਾਂ ਨੂੰ ਪਹਿਲਾਂ ਤਾਂ ਸਰਕਾਰੀ ਨੌਕਰੀ ਮਿਲਦੀ ਨਹੀਂ, ਜੇਕਰ ਮਿਲਦੀ ਵੀ ਹੈ, ਤਾਂ ਕਈ ਸਾਲ ਨਿੱਜੀ ਅਦਾਰਿਆਂ ਦੀ ਤਰ੍ਹਾਂ 10,000, 15,000 ਤਨਖਾਹ ਮੁਹੱਈਆ ਕਰਵਾਈ ਜਾਂਦੀ ਹੈ। ਸਰਕਾਰਾਂ ਨੂੰ ਇਸ ਗੱਲ ਵੱਲ ਖਾਸ ਧਿਆਨ ਦੇਣ ਦੀ ਜ਼ਰੂਰਤ ਹੈ ਕਿ ਜੇਕਰ ਬੇਰੁਜ਼ਗਾਰੀ ਤੋਂ ਸਤਾਏ ਨੌਜਵਾਨ ਨਸ਼ਿਆਂ ਦੀ ਦਲਦਲ ਵਿਚ ਜਾਂ ਗਲਤ ਸੰਗਤ ਦੇ ਆਦੀ ਹੁੰਦੇ ਹਨ, ਤਾਂ ਇਸਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।


ਇਸੇ ਨਾਲ ਸੰਬੰਧਿਤ ਦੂਸਰਾ ਰੁਝਾਨ ਜੋ ਵੇਖਣ ਨੂੰ ਮਿਲਦਾ ਹੈ, ਉਹ ਇਹ ਕਿ ਅੱਜ ਪੰਜਾਬ ਦੇ ਪਿੰਡਾਂ ਦੀ ਹਾਲਤ ਵੀ ਬਹੁਤ ਹੀ ਅਚੰਭਿਤ ਕਰਨ ਵਾਲੀ ਹੈ, ਨੌਜਵਾਨਾਂ ਦੇ ਨਾਲ-ਨਾਲ ਸਿਆਣੇ ਲੋਕਾਂ ਨੇ ਵੀ ਹੱਥੀਂ ਕੰਮ ਕਰਨ ਤੋਂ ਮੂੰਹ ਫੇਰ ਲਿਆ ਹੈ, ਜ਼ਮੀਨਾਂ ਠੇਕੇ 'ਤੇ ਹਨ, ਪਸ਼ੂ ਘਰ ਵਿਚੋਂ ਕੱਢ ਦਿੱਤੇ ਗਏ ਹਨ, ਬਾਜ਼ਾਰੀ ਦੁੱਧ, ਸਬਜ਼ੀਆਂ, ਘਿਉ ਖਾਣਾ ਪੇਂਡੂ ਜੀਵਨਸ਼ੈਲੀ ਦਾ ਹਿੱਸਾ ਬਣ ਗਿਆ ਹੈ। ਕਦੇ ਰਾਤਾਂ ਨੂੰ ਜਾਗ ਜਾਗ ਜਾਂ ਅੰਮ੍ਰਿਤ ਵੇਲੇ ਉੱਠ ਖੇਤਾਂ ਨੂੰ ਪਾਣੀ ਲਾਉਣ ਵਾਲੇ ਪੰਜਾਬੀ, ਅੱਜ ਸਮੇਂ ਸਿਰ ਉੱਠਣਾ ਵੀ ਭੁੱਲ ਗਏ ਹਨ। ਅਸਲ ਵਿਚ ਅਸੀਂ ਸੁੱਖ-ਅਰਾਮ ਨੂੰ ਵਿਹਲੜਪੁਣੇ ਨਾਲ ਜੋੜ ਕੇ ਇਸ ਦੇ ਗਲਤ ਅਰਥ ਸਮਝ ਬੈਠੇ ਹਾਂ। ਜਿਹੜਾ ਵਿਅਕਤੀ ਸਾਰਾ ਦਿਨ ਵਿਹਲਾ ਮੰਜੇ 'ਤੇ ਪਿਆ ਰਹਿੰਦਾ ਹੈ, ਸਾਡੇ ਲੋਕਾਂ ਦੀਆਂ ਨਜ਼ਰਾਂ ਵਿਚ ਉਹ ਬਹੁਤ ਹੀ ਸੁਖੀ ਹੈ, ਇਸੇ ਸੋਚ ਨੇ ਪੰਜਾਬੀਆਂ ਵਿਚੋਂ ਕਿਰਤੀ ਸੱਭਿਆਚਾਰ ਨੂੰ ਮਨਫ਼ੀ ਕਰ ਦਿੱਤਾ ਹੈ।


ਕਿਰਤ ਜ਼ਿੰਦਗੀ ਦਾ ਸਭ ਤੋਂ ਮਹੱਤਵਪੂਰਣ ਹਿੱਸਾ ਹੈ, ਜਿੰਨੀ ਦੇਰ ਕਿਰਤ ਸਾਡਾ ਵਿਹਾਰ ਨਹੀਂ ਬਣਦੀ, ਅਸੀਂ ਠੀਕ ਅਰਥਾਂ ਵਿਚ ਤਰੱਕੀ ਨਹੀਂ ਕਰ ਸਕਦੇ। ਕਿਰਤ ਕਰਨ ਤੋਂ ਬਿਨਾਂ ਕੋਈ ਵੀ ਮਨੁੱਖ ਜ਼ਿੰਦਗੀ ਦੇ ਅਰਥ ਨਹੀਂ ਜਾਣ ਸਕਦਾ ਅਤੇ ਨਾ ਹੀ ਜ਼ਿੰਦਗੀ ਨਾਲ ਮੁਹੱਬਤ ਕਰ ਸਕਦਾ ਹੈ। ਆਪਣੇ ਮਨਫ਼ੀ ਹੋ ਰਹੇ ਕਿਰਤੀ ਸੱਭਿਆਚਾਰ ਨੂੰ ਬਚਾਉਣਾ ਜਿੱਥੇ ਸਾਡੀ ਜ਼ਰੂਰਤ ਹੈ, ਉੱਥੇ ਸਾਡੀ ਜ਼ਿੰਮੇਵਾਰੀ ਵੀ ਹੈ ਕਿਉਂਕਿ ਅਸੀਂ ਮਿਹਨਤੀ ਅਤੇ ਉੱਦਮੀ ਲੋਕਾਂ ਦੇ ਵਾਰਿਸ ਹਾਂ, ਨਾ ਕਿ ਜਾਹਿਲ ਅਤੇ ਆਲਸੀ ਲੋਕਾਂ ਦੇ।

# ‘ਕਾਲ਼ੀ ਮਿੱਟੀ ਲਾਲ ਲਹੂ’ ਕਹਾਣੀ ਸੰਗ੍ਰਹਿ : ਰੁਮਾਂਸਵਾਦ ਅਤੇ ਸਮਾਜਿਕਤਾ ਦਾ ਸੁਮੇਲ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)





ਤੇਜਿੰਦਰ ਸਿੰਘ ਫਰਵਾਹੀ ਦਾ ਕਹਾਣੀ ਸੰਗ੍ਰਹਿ “ਕਾਲ਼ੀ ਮਿੱਟੀ ਲਾਲ ਲਹੂ” ਕਲਪਨਾ, ਰੁਮਾਂਸਵਾਦ ਅਤੇ ਸਮਾਜਿਕਤਾ ਦਾ ਸੁਮੇਲ ਹੈ। ਇਸ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਪੁਰਾਤਨ ਅਤੇ ਆਧੁਨਿਕ ਵਿਚਾਰਾਂ ਦੇ ਟਕਰਾਓ ਦੀ ਬਾਖ਼ੂਬੀ ਜਾਣਕਾਰੀ ਦਿੰਦੀਆਂ ਹਨ। ਕਾਲ਼ੀ ਮਿੱਟੀ ਲਾਲ ਲਹੂ ਕਹਾਣੀ ਸੰਗ੍ਰਹਿ ਵਿਚ 11 ਕਹਾਣੀਆਂ ਹਨ, ਜਿਨ੍ਹਾਂ ਵਿਚੋਂ 3 ਕਹਾਣੀਆਂ ਕਾਲ਼ੀ ਮਿੱਟੀ ਲਾਲ ਲਹੂ, ਅਸਲੀ ਗਰੀਨ ਕਾਰਡ ਅਤੇ ਬੇਗਾਨੀ ਧਰਤ ਦਾ ਦਰਦ ਪਰਵਾਸ ਦੀ ਜੱਦੋ-ਜਹਿਦ ਵਾਲੀ ਜ਼ਿੰਦਗੀ ਬਾਰੇ ਹਨ। ਇਨ੍ਹਾਂ ਕਹਾਣੀਆਂ ਵਿਚ ਪਰਵਾਸ ਵਿਚ ਲੜਕੀਆਂ ਨਾਲ ਕੀਤੇ ਜਾਂਦੇ ਦੁਰਵਿਵਹਾਰ ਅਤੇ ਅਣਜੋੜ ਵਿਆਹਾਂ ਅਤੇ ਪਰਵਾਸ ਵਿਚ ਪੱਕੇ ਹੋਣ ਲਈ ਮਰਦ ਪਹਿਲਾਂ ਪੰਜਾਬ ਵਿਚ ਵਿਆਹੇ ਹੋਣ ਦੇ ਬਾਵਜੂਦ ਪਰਵਾਸ ਵਿਚ ਦੂਜਾ ਵਿਆਹ ਕਰਵਾਕੇ ਵਸ ਜਾਂਦੇ ਹਨ। 3 ਕਹਾਣੀਆਂ ਮਲਕਾ, ਰੈਗਿੰਗ ਅਤੇ ਆਡੀਸ਼ਨ ਰੁਮਾਂਟਿਕ ਕਹਾਣੀਆਂ ਹਨ ਪ੍ਰੰਤੂ ਇਨ੍ਹਾਂ ਕਹਾਣੀਆਂ ਵਿਚ ਫਿਲਮਾਂ ਦੇ ਡਾਇਰੈਕਟਰਾਂ ਵੱਲੋਂ ਬਲੈਕ ਮੇਲਿੰਗ, ਰੈਗਿੰਗ ਦੀ ਸਮਾਜਿਕ ਬਿਮਾਰੀ ਅਤੇ ਮਲਕਾ ਵਿਚ ਨੌਜਵਾਨ ਲੜਕੇ ਅਤੇ ਲੜਕੀਆਂ ਦਾ ਭਾਵਨਾਵਾਂ ਵਿਚ ਵਹਿ ਜਾਣ ਕਰਕੇ ਪਿਆਰ ਦੇ ਬੰਧਨ ਵਿਚ ਬੱਝ ਜਾਣ ਬਾਰੇ ਹਨ। ਇਸੇ ਤਰ੍ਹਾਂ 4 ਕਹਾਣੀਆਂ ਹਨ੍ਹੇਰਾ ਕਦ ਤੱਕ, ਬੇਵਸ ਮਿੱਟੀ ਦੀ ਹੂਕ, ਕੂਕਦੀ ਲਾਚਾਰੀ ਅਤੇ ਪਰੀਆਂ ਵਾਲਾ ਖ਼ੂਹ ਸਮਾਜਿਕ ਵਿਸ਼ਿਆਂ, ਜਿਨ੍ਹਾਂ ਵਿਚ ਦਾਜ, ਵਹਿਮਾ-ਭਰਮਾ, ਕਿਸਾਨੀ ਕਰਜ਼ੇ, ਨਸ਼ੇ, ਭਰੂਣ ਹੱਤਿਆ ਅਤੇ ਲੜਕੀਆਂ ਦੇ ਪੈਦਾ ਹੋਣ ਨੂੰ ਬੁਰਾ ਮਨਾਉਣ ਬਾਰੇ ਹਨ। ਇਕ ਕਹਾਣੀ ਬੱਦਲਾਂ ਨਾਲ ਇਸ਼ਕ ਪਹਾੜੀ ਜੀਵਨ ਦੀ ਸਖ਼ਤ ਜ਼ਿੰਦਗੀ ਬਾਰੇ ਹੈ, ਜਿਥੇ ਮਰਦ ਅਤੇ ਇਸਤਰੀਆਂ ਸਖ਼ਤ ਮਿਹਨਤ ਕਰਕੇ ਆਨੰਦਮਈ ਜੀਵਨ ਬਤੀਤ ਕਰਦੇ ਹੋਏ ਖ਼ੁਸ਼ ਰਹਿੰਦੇ ਹਨ। ਪਹਾੜਾਂ ਵਿਚ ਲੜਕੀਆਂ ਦੇ ਜੰਮਣ ਨੂੰ ਸ਼ੁਭ ਸ਼ਗਨ ਮੰਨਿਆਂ ਜਾਂਦਾ ਹੈ। ਸਮੁੱਚੇ ਤੌਰ ’ਤੇ ਕਿਹਾ ਜਾ ਸਕਦਾ ਹੈ ਕਿ ਕਹਾਣੀਕਾਰ ਨੇ ਲੋਕ ਹਿੱਤਾਂ ਨਾਲ ਸੰਬੰਧ ਕਹਾਣੀਆਂ ਲਿਖੀਆਂ ਹਨ। ਜਿਹੜੀ ਕਹਾਣੀਆਂ ਰੋਮਾਂਟਿਕ ਹਨ, ਉਨ੍ਹਾਂ ਵਿਚ ਵੀ ਪਾਤਰਾਂ ਦੀ ਸੋਚ ਸਮਾਜਿਕਤਾ ਨਾਲ ਜੁੜੀ ਹੋਈ ਵਿਖਾਈ ਗਈ ਹੈ। ਕਹਾਣੀਕਾਰ ਆਪਣੀਆਂ ਕਹਾਣੀਆਂ ਵਿਚ ਰੌਚਿਕਤਾ ਪੈਦਾ ਕਰਨ ਵਿਚ ਵੀ ਸਫਲ ਰਿਹਾ ਹੈ। ਪਾਠਕ ਦੀ ਕਹਾਣੀ ਨੂੰ ਲਗਾਤਾਰ ਪੜ੍ਹਨ ਲਈ ਅੱਗੇ ਕੀ ਹੋਵੇਗਾ ਦੀ ਚੇਸ਼ਟਾ ਬਣੀ ਰਹਿੰਦੀ ਹੈ। ਇਸ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ ਪਰੀਆਂ ਵਾਲ਼ਾ ਖ਼ੂਹ ਨੂੰ ਓਪਰੀ ਨਿਗਾਹ ਨਾਲ ਪੜ੍ਹਦਿਆਂ ਵਹਿਮਾਂ-ਭਰਮਾ ਵਿਚ ਪਾਉਣ ਵਾਲੀ ਲੱਗਦੀ ਹੈ, ਜਦੋਂ ਉਹ ਪਰੀਆਂ ਦੀ ਕਰਾਮਾਤ ਵਾਲੀ ਗੱਲ ਕਰਦਾ ਹੈ। ਪ੍ਰੰਤੂ ਅਸਲ ਵਿਚ ਕਹਾਣੀਕਾਰ ਲੋਕਾਂ ਨੂੰ ਵਹਿਮਾਂ-ਭਰਮਾ ਵਿਚੋਂ ਨਿਕਲਕੇ ਸਖ਼ਤ ਮਿਹਨਤ ਕਰਨ ਦੀ ਪ੍ਰੇਰਨਾ ਦਿੰਦਾ ਹੈ। ਕਹਾਣੀ ਜ਼ਮੀਨੀ ਪਾਣੀ ਦੇ ਜੀਰੀ ਬੀਜਣ ਕਰਕੇ ਧਰਤੀ ਦੇ ਪਾਣੀ ਦਾ ਸਤਰ ਡੂੰਘਾ ਹੋਣ ਦੀ ਚਿੰਤਾ ਦਾ ਪ੍ਰਗਟਾਵਾ ਕਰਦੀ ਹੈ। ਕਿਸਾਨ ਬਜ਼ੁਰਗ ਵਿਰਾਸਤੀ ਪੁਰਾਤਨ ਖ਼ੂਹ ਨੂੰ ਆਪਣੇ ਪੁਰਖਿਆਂ ਦੀ ਆਖਰੀ ਨਿਸ਼ਾਨੀ ਦੇ ਤੌਰ ’ਤੇ ਬਰਕਰਾਰ ਰੱਖਣਾ ਚਾਹੁੰਦਾ ਹੈ। ਪ੍ਰੰਤੂ ਕਿਸਾਨ ਦੇ ਦੋਵੇਂ ਸਪੁੱਤਰ ਤਰਿੰਦਰ ਸਿੰਘ ਅਤੇ ਅਮਰਦੀਪ ਸਿੰਘ ਖ਼ੂਹ ਦੇ ਵਿਚ ਹੀ ਸਬਮਰਸੀਬਲ ਬੋਰ ਕਰਕੇ ਜੀਰੀ ਲਈ ਪਾਣੀ ਦਾ ਪ੍ਰਬੰਧ ਕਰਨ ਲਈ ਬਜਿੱਦ ਹਨ। ਤਿੰਨ ਕਹਾਣੀਆਂ ਆਡੀਸ਼ਨ, ਰੈਗਿੰਗ ਅਤੇ ਮਲਕਾ ਵਿਚ ਬੇਸ਼ਕ ਦੋ ਪ੍ਰੇਮੀਆਂ ਦੇ ਪ੍ਰੇਮ ਦੀ ਗੱਲ ਵੀ ਕਰਦਾ ਹੈ ਪ੍ਰੰਤੂ ਪ੍ਰੇਮ ਦੀ ਗੱਲ ਕਰਨ ਦਾ ਭਾਵ ਸਿਰਫ ਕਹਾਣੀ ਵਿਚ ਪਾਠਕ ਦੀ ਰੌਚਕਤਾ ਪੈਦਾ ਕਰਨਾ ਹੈ। ਅਸਲ ਵਿਚ ਤਿੰਨਾ ਕਹਾਣੀਆਂ ਵਿਚ ਉਹ ਸਮਾਜਿਕਤਾ ਦਾ ਸੰਦੇਸ਼ ਦੇਣਾ ਚਾਹੁੰਦਾ ਹੈ। ਆਡੀਸ਼ਨ ਕਹਾਣੀ ਵਿਚ ਫਿਲਮ ਜਗਤ ਵਿਚ ਫ਼ਿਲਮਾਂ ਦੇ ਡਾਇਰੈਕਟਰਾਂ ਵੱਲੋਂ ਐਕਟਰੈਸਾਂ ਦੀ ਬਲੈਕਮੇਲਿੰਗ ਕਰਨ ਦਾ ਪਰਦਾਫ਼ਾਸ਼ ਕਰਦਾ ਹੈ। ਫਿਲਮ ਦਾ ਡਾਇਰੈਕਟਰ ਗੁਰਨੂਰ ਕੌਰ ਨੂੰ ਕੋਲਡ ਡਰਿੰਕ ਵਿਚ ਨਸ਼ੀਲੀ ਚੀਜ਼ ਪਾ ਕੇ ਬਲੈਕਮੇਲ ਕਰਨਾ ਚਾਹੁੰਦਾ ਸੀ ਪ੍ਰੰਤੂ ਜਸ਼ਨ ਨੇ ਚੁਸਤੀ ਨਾਲ ਕੋਲਡ ਡਰਿੰਕ ਵਾਲਾ ਗਲਾਸ ਬਦਲਕੇ ਡਾਇਰੈਕਟਰ ਅੱਗੇ ਰੱਖ ਦਿੱਤਾ, ਜਿਸ ਦੇ ਪੀਣ ਨਾਲ ਗੁਰਨੂਰ ਕੌਰ ਦੀ ਥਾਂ ਉਹ ਬੇਹੋਸ਼ ਹੋ ਗਿਆ। ਡਾਇਰੈਕਟਰ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਇਹ ਕਹਾਣੀ ਉਭਰਦੀਆਂ ਅਦਾਕਾਰਾਂ ਨੂੰ ਫਿਲਮਾਂ ਵਿਚ ਜਾਣ ਦੇ ਸੁਪਨੇ ਵੇਖਣ ਵਾਲੀਆਂ ਲੜਕੀਆਂ ਨੂੰ ਆਗਾਹ ਕਰਨ ਦੀ ਪ੍ਰੇਰਨਾ ਦਿੰਦੀ ਹੈ। ਇਸੇ ਤਰ੍ਹਾਂ ਰੈਗਿੰਗ ਵਿਚ ਭਾਵੇਂ ਕਹਾਣੀਕਾਰ ਰਾਜ ਉਰਫ ਰਾਜਿੰਦਰ ਸਿੰਘ ਅਤੇ ਅਵਨੀਤ ਕੌਰ ਦੇ ਪ੍ਰੇਮ ਦੀ ਬਾਤ ਪਾਉਂਦਾ ਹੈ ਪ੍ਰੰਤੂ ਇਹ ਕਹਾਣੀ ਰੈਗਿੰਗ ਵਰਗੀ ਸਮਾਜਿਕ ਬੁਰਾਈ ਰੋਕਣ ਦੀ ਪ੍ਰੇਰਨਾ ਕਰਦੀ ਹੈ। ਜਦੋਂ ਰਾਜ ਕਾਲਜ ਵਿਚ ਦਾਖ਼ਲਾ ਲੈਣ ਜਾਂਦਾ ਹੈ, ਤਾਂ ਅਵਨੀਤ ਕੌਰ ਹੀ ਉਸਦੀ ਰੈਗਿੰਗ ਕਰਨ ਵਾਲੀਆਂ ਲੜਕੀਆਂ ਦੀ ਅਗਵਾਈ ਕਰਦੀ ਹੈ ਪ੍ਰੰਤੂ ਅਵਨੀਤ ਕੌਰ ਰਾਜ ਤੋਂ ਮੁਆਫੀ ਮੰਗਦੀ ਹੈ ਅਤੇ ਉਹ ਰੈਗਿੰਗ ਨਾਮ ਦਾ ਨਾਟਕ ਕਾਲਜ ਵਿਚ ਖੇਡਦੇ ਹਨ, ਜਿਦਾ ਨਾਇਕ ਰਾਜ ਅਤੇ ਨਾਇਕਾ ਅਵਨੀਤ ਬਣਦੇ ਹਨ। ਉਹ ਨਾਟਕ ਮੁਕਾਬਲਿਆਂ ਵਿਚ ਪਹਿਲੇ ਨੰਬਰ ’ਤੇ ਆਉਂਦਾ ਹੈ। ਕਾਲਜ ਦੀ ਸਟੂਡੈਂਟ ਯੂਨੀਅਨ ਦੇ ਪ੍ਰਧਾਨ ਨਵਜੋਤ ਸਿੰਘ ਐਲਾਨ ਕਰ ਦਿੰਦਾ ਹੈ ਕਿ ਹੁਣ ਕਾਲਜ ਵਿਚ ਨਾ ਰੈਗਿੰਗ ਹੋਵੇਗੀ ਅਤੇ ਨਾ ਹੀ ਰੈਗਿੰਗ ਦਾ ਸਮਰਥਨ ਹੋਵੇਗਾ। ਕਾਲਜ ਵਿਚ ਐਂਟੀ ਰੈਗਿੰਗ ਫੈਡਰੇਸ਼ਨ ਦੀ ਸਥਾਪਨਾ ਕਰਕੇ ਰਾਜ ਉਰਫ ਰਾਜਿੰਦਰ ਸਿੰਘ ਨੂੰ ਇਸਦਾ ਪ੍ਰਧਾਨ ਬਣਾ ਦਿੱਤਾ ਜਾਂਦਾ ਹੈ। ਬੇਵਸ ਮਿੱਟੀ ਦੀ ਹੂਕ ਵਿਚ ਗ਼ਰੀਬ ਕਿਸਾਨਾਂ ਦੀ ਤ੍ਰਾਸਦੀ ਭਰੀ ਜ਼ਿੰਦਗੀ ਬਾਰੇ ਦੱਸਿਆ ਗਿਆ ਹੈ ਕਿ ਜੱਗਾ ਕਿਸ ਪ੍ਰਕਾਰ ਆਪਣੀ ਲੜਕੀ ਪਾਲੀ ਦੇ ਵਿਆਹ ਲਈ ਕਰਜ਼ਾ ਲੈਂਦਾ ਹੈ ਕਿਉਂਕਿ ਮੌਕੇ ’ਤੇ ਹੀ ਲੜਕੇ ਵਾਲੇ ਕਾਰ ਦੀ ਮੰਗ ਕਰ ਦਿੰਦੇ ਹਨ। ਜ਼ੈਲਦਾਰ ਹਮੇਸ਼ਾ ਭੋਲੇ-ਭਾਲੇ ਕਿਸਾਨਾਂ ਨੂੰ ਕਰਜ਼ੇ ਲੈਣ ਲਈ ਉਤਸ਼ਾਹਤ ਕਰਕੇ ਉਨ੍ਹਾਂ ਦੀਆਂ ਜ਼ਮੀਨ ਗਹਿਣੇ ਲੈਣ ਲਈ ਜਾਲ ਬੁਣਦਾ ਰਹਿੰਦਾ ਹੈ। ਕਿਸਾਨ ਬਿਨਾਂ ਲੋੜ ਤੋਂ ਵਿਖਾਵੇ ਲਈ ਟਰੈਕਟਰ ਲੈਂਦੇ ਹਨ, ਫਿਰ ਕਿਸ਼ਤਾਂ ਨਹੀਂ ਮੁੜਦੀਆਂ। ਅੰਗਰੇਜ਼ੀ ਸਕੂਲਾਂ ਵਿਚ ਬੱਚਿਆਂ ਨੂੰ ਪੜ੍ਹਾਉਣ ਲਈ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਿਲਕੁਲ ਇਸੇ ਤਰ੍ਹਾਂ ਕੂਕ ਦੀ ਲਾਚਾਰੀ ਵਿਚ ਵੀ ਬੰਤਾ ਸਿੰਘ ਅਤੇ ਹਰਨਾਮ ਕੌਰ ਦੇ ਇਕਲੌਤੇ ਪੁੱਤਰ ਹਰਦੀਪ ਸਿੰਘ ਦੀ ਪਤਨੀ ਮਨਦੀਪ ਕੌਰ ਨੂੰ ਹਰਨਾਮ ਕੌਰ ਨੇ ਆਂਢਣਾਂ-ਗੁਆਂਢਣਾਂ ਦੀ ਚੱਕ ਚਕਾਈ ਤੋਂ ਬਾਅਦ ਤੰਗ-ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਹਰਦੀਪ ਸਿੰਘ ਨੂੰ ਵੀ ਲੂਤੀਆਂ ਲਾ ਕੇ ਆਪਣੇ ਨਾਲ ਮਿਲਾ ਲਿਆ। ਅਖੀਰ ਕੁੱਟਮਾਰ ਕਰਕੇ ਦਾਜ ਵਿਚ ਕਾਰ ਲਿਆਉਣ ਲਈ ਘਰੋਂ ਕੱਢ ਦਿੱਤਾ। ਹਾਲਾਂਕਿ ਉਨ੍ਹਾਂ ਨੇ ਵੀ ਆਪਣੀਆਂ ਦੋ ਲੜਕੀਆਂ ਬਿਨਾ ਦਾਜ ਵਿਆਹੀਆਂ ਸਨ। ਕਹਾਣੀਕਾਰ ਨੇ ਬੜੇ ਵਧੀਆ ਢੰਗ ਨਾਲ ਕਹਾਣੀ ਨੂੰ ਸਿਖਰ ’ਤੇ ਪਹੁੰਚਾਉਂਦਿਆਂ ਹਰਨਾਮ ਕੌਰ ਦੇ ਜਵਾਈਆਂ ਤੋਂ ਦਾਜ ਦੀ ਮੰਗ ਕਰਵਾਕੇ ਬੰਤਾ ਸਿੰਘ ਅਤੇ ਹਰਨਾਮ ਕੌਰ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਬੰਤਾ ਸਿੰਘ ਅਤੇ ਹਰਨਾਮ ਕੌਰ ਨੇ ਮਾਫ਼ੀ ਮੰਗਕੇ ਖਹਿੜਾ ਛੁਡਵਾਇਆ। ਇਹ ਕਹਾਣੀ ਵੀ ਬਿਹਤਰ ਸਮਾਜ ਸਿਰਜਣ ਦਾ ਉਪਰਾਲਾ ਹੈ। ਹਨ੍ਹੇਰਾ ਕਦ ਤੱਕ ਕਹਾਣੀ ਸਾਡੀ ਬਿਮਾਰ ਮਾਨਸਿਕਦਾ ਦਾ ਪ੍ਰਗਟਾਵਾ ਕਰਦੀ ਹੈ ਕਿਉਂਕਿ ਆਧੁਨਿਕਤਾ ਦੇ ਸਮੇਂ ਵਿਚ ਵੀ ਸਾਡਾ ਸਮਾਜ ਕੁੜੀਆਂ ਦਾ ਜੰਮਣਾ ਚੰਗਾ ਨਹੀਂ ਸਮਝਦਾ। ਲੜਕੇ ਦੀ ਚਾਹਤ ਲਈ ਪਰਿਵਾਰ ਵਧਾਈ ਜਾਂਦਾ ਹੈ। ਲੜਕੀਆਂ ਨੂੰ ਕੁੱਖ ਵਿਚ ਕਤਲ ਕਰਨ ਲਈ ਲਿੰਗ ਟੈਸਟ ’ਤੇ ਪਾਬੰਦੀ ਦੇ ਬਾਵਜੂਦ ਰਿਸ਼ਵਤਾਂ ਦੇ ਕੇ ਟੈਸਟ ਕਰਵਾਈ ਜਾਂਦਾ ਹੈ। ਇਸ ਕਹਾਣੀ ਵਿਚ ਵੀ ਨਵਕਿਰਨ ਸਿੰਘ ਆਪਣੀ ਪਤਨੀ ਦੇ ਗਰਭਵਤੀ ਹੋਣ ’ਤੇ ਲਿੰਗ ਟੈਸਟ ਕਰਵਾਉਂਦਾ ਹੈ। ਲੜਕੇ ਦੇ ਚਕਰ ਵਿਚ ਦੋ ਲੜਕੀਆਂ ਪੈਦਾ ਹੋ ਜਾਂਦੀਆਂ ਹਨ। ਸ਼ਰੀਕਣਾ ਚੁਗਲੀਆਂ ਕਰਕੇ ਦਿਲਪ੍ਰੀਤ ਦੀ ਸੱਸ ਗੁਰਦੀਪ ਕੌਰ ਨੂੰ ਚੁੱਕੀ ਜਾਂਦੀਆਂ ਹਨ ਕਿ ਪਤਾ ਨਹੀਂ ਕਿਹੜੇ ਘਰ ਦੀ ਕਲਹਿਣੀ ਆ ਗਈ। ਨਵਕਿਰਨ ਸਿੰਘ ਇਸੇ ਗ਼ਮ ਵਿਚ ਸ਼ਰਾਬ ਪੀਣ ਲੱਗ ਜਾਂਦਾ ਹੈ। ਜਦੋਂ ਤੀਜੀ ਵਾਰ ਦਿਲਪ੍ਰੀਤ ਦੇ ਲੜਕਾ ਪੈਦਾ ਹੋ ਗਿਆ, ਫਿਰ ਉਹੀ ਨੂੰਹ ਚੰਗੀ ਲੱਗਣ ਲੱਗ ਗਈ ਅਤੇ ਖ਼ੁਸ਼ੀਆਂ ਮਨਾਈਆਂ ਜਾਣ ਲੱਗ ਪਈਆਂ। ਇਹ ਕਹਾਣੀ ਸਾਡੇ ਸਮਾਜ ਦੀ ਲੜਕੀਆਂ ਪ੍ਰਤੀ ਭੈੜੀ ਪ੍ਰਵਿਰਤੀ ਨੂੰ ਦਰਸਾਉਂਦੀ ਹੈ। ਕਹਾਣੀਕਾਰ ਦੀ ਕਮਾਲ ਇਸ ਗੱਲ ਵਿਚ ਹੈ ਕਿ ਉਹ ਜਿਸ ਵੀ ਵਿਸ਼ੇ ’ਤੇ ਕਹਾਣੀ ਲਿਖ ਰਿਹਾ ਹੈ, ਉਸ ਬਾਰੇ ਉਨ੍ਹਾਂ ਦੀ ਜਾਣਕਾਰੀ ਮੁਕੰਮਲ ਹੈ, ਉਦਾਹਰਣ ਲਈ ਪਹਾੜੀ ਲੋਕਾਂ ਦੇ ਜੀਵਨ ਅਤੇ ਰੀਤੀ ਰਿਵਾਜ਼ਾਂ, ਹੈਲੀਕਾਪਟਰ, ਨਾਟਕਾਂ, ਫਿਲਮਾਂ, ਪਰਵਾਸ ਦੀ ਜ਼ਿੰਦਗੀ, ਕਿਸਾਨੀ, ਇਸ਼ਕ-ਮੁਸ਼ਕ ਅਤੇ ਪਿੰਡਾਂ ਦੀਆਂ ਇਸਤਰੀਆਂ ਦੇ ਸੁਭਾਅ ਬਾਰੇ ਵਿਆਖਿਆ ਨਾਲ ਲਿਖਿਆ ਗਿਆ ਹੈ। ਇਸ ਲਈ ਕਹਾਣੀਕਾਰ ਦੀ ਜੇਕਰ ਪ੍ਰਸ਼ੰਸਾ ਨਾ ਕੀਤੀ ਜਾਵੇ, ਤਾਂ ਜ਼ਾਇਜ਼ ਨਹੀਂ ਹੋਵੇਗਾ। ਇਹ ਉਨ੍ਹਾਂ ਦੀ ਪਹਿਲੀ ਪੁਸਤਕ ਹੈ, ਭਵਿੱਖ ਵਿਚ ਹੋਰ ਚੰਗੀਆਂ ਕਹਾਣੀਆਂ ਲਿਖਣ ਦੀ ਆਸ ਕੀਤੀ ਜਾ ਸਕਦੀ ਹੈ। 118 ਪੰਨਿਆਂ, 250 ਰੁਪਏ ਕੀਮਤ ਵਾਲੀ ਪੁਸਤਕ ਲੋਕ ਗੀਤ ਪ੍ਰਕਾਸ਼ਨ ਮੋਹਾਲੀ ਨੇ ਪ੍ਰਕਾਸ਼ਤ ਕੀਤੀ ਹੈ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV ’ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port ’ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ ’ਚ ਵੇਖੋ ਅਤੇ ਰੇਡੀਓ ’ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV ’ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਸੰਵਿਧਾਨ ਦੀ ਰੂਹ ਦਾ ਕਤਲ-ਸੂਬਿਆਂ ਦੇ ਹੱਕ ਖੋਹਣਾ


ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)






ਕੇਂਦਰ ਸਰਕਾਰ ਨੇ, ਭਾਰਤ ਦੀ ਸੁਪਰੀਮ ਕੋਰਟ ਦੀ ਦਿੱਲੀ ਸਰਕਾਰ ਦੇ ਹੱਕ 'ਚ ਦਿੱਤੇ ਫੈਸਲੇ ਤੋਂ ਤੁਰੰਤ ਬਾਅਦ ਇੱਕ ਆਰਡੀਨੈਂਸ ਜਾਰੀ ਕੀਤਾ ਹੈ। ਆਰਡੀਨੈਂਸ ਵਿਚ ਦਿੱਲੀ ਸਰਕਾਰ ਦੇ ਅਧਿਕਾਰੀਆਂ ਦੀਆਂ ਬਦਲੀਆਂ ਅਤੇ ਤਾਇਨਾਤੀ ਵਿਚ ਉਪ ਰਾਜਪਾਲ ਦੀ ਭੂਮਿਕਾ ਦੇ ਨਾਲ-ਨਾਲ ਦਿੱਲੀ ਸਰਕਾਰ ਦੇ ਹੱਕਾਂ ਦਾ ਵੀ ਜ਼ਿਕਰ ਹੈ। ਕਿਹਾ ਜਾ ਰਿਹਾ ਹੈ ਕਿ ਕੇਂਦਰ ਨੇ ਦਿੱਲੀ ਦੇ ਉਪ ਰਾਜਪਾਲ ਨੂੰ ਉਨ੍ਹਾਂ ਦਾ ਖੋਹਿਆ ਹੋਇਆ ਹੱਕ ਵਾਪਸ ਕਰ ਦਿੱਤਾ ਹੈ। ਦਿੱਲੀ ਦੇ ਉਪ ਰਾਜਪਾਲ ਨੂੰ ਇਸ ਆਰਡੀਨੈਂਸ ਅਧੀਨ ਪਹਿਲਾਂ ਵਾਲੇ ਹੱਕ ਮਿਲ ਜਾਣਗੇ। ਕੀ ਇਹ ਸੂਬਿਆਂ ਦੇ ਸੰਵਿਧਾਨਿਕ ਹੱਕਾਂ ਉੱਤੇ ਨੰਗਾ-ਚਿੱਟਾ ਛਾਪਾ ਨਹੀਂ ਹੈ।

ਸੁਪਰੀਮ ਕੋਰਟ ਨੇ ਪਿਛਲੇ ਦਿਨੀਂ ਆਪਣੇ ਫੈਸਲੇ 'ਚ ਕਿਹਾ ਕਿ ਸਹਿਕਾਰੀ ਸੰਘਵਾਦ ਦੀ ਭਾਵਨਾ ਤਹਿਤ ਕੇਂਦਰ ਨੂੰ ਸੰਵਿਧਾਨ ਵਲੋਂ ਤੈਅ ਕੀਤੀਆਂ ਹੱਦਾਂ ਅੰਦਰ ਰਹਿਕੇ ਆਪਣੀ ਤਾਕਤ ਦੀ ਵਰਤੋਂ ਕਰਨੀ ਚਾਹੀਦੀ ਹੈ। ਉਹਨੇ ਕਿਹਾ ਕਿ ਐੱਲ.ਸੀ.ਟੀ.ਡੀ. (ਕੌਮੀ ਰਾਜਧਾਨੀ ਖੇਤਰ ਦਿਲੀ) ਦਾ ਨਿਵੇਕਲਾ ਸੰਘੀ ਮਾਡਲ ਹੈ ਅਤੇ ਉਸਨੂੰ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ।

ਪਰ ਕੇਂਦਰ ਦੀ ਸਰਕਾਰ ਸਮੇਂ-ਸਮੇਂ 'ਤੇ ਆਪਣੀ ਨਾਦਰਸ਼ਾਹੀ ਸੋਚ ਅਧੀਨ ਵਿਰੋਧੀ ਧਿਰ ਵਲੋਂ ਕਾਬਜ਼ ਸੂਬਿਆਂ ਦੇ ਪ੍ਰਬੰਧ 'ਚ ਦਖਲ ਦੇਣ ਲਈ ਰਾਜਪਾਲਾਂ ਦੀ ਵਰਤੋਂ ਕਰਦੀ ਹੈ ਅਤੇ ਬਹੁਤੀ ਵਾਰ ਉਨ੍ਹਾਂ ਰਾਜਪਾਲਾਂ ਦੀ ਸਹਾਇਤਾ ਨਾਲ ਸਰਕਾਰਾਂ ਤੋੜ ਦਿੰਦੀ ਹੈ।

ਪਿਛਲੇ ਸਾਲ ਜੂਨ ਵਿਚ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਕਾਂਗਰਸ ਤੇ ਐੱਨ.ਸੀ.ਪੀ. ਗਠਜੋੜ ਮਹਾਂ ਵਿਕਾਸ ਅਗਾੜੀ ਵਿਚ ਮੰਤਰੀ ਏਕਨਾਥ ਸ਼ਿੰਦੇ ਅਤੇ ਉਪ ਦੇ ਹਮਾਇਤੀਆਂ ਨੇ ਸ਼ਿਵ ਸੈਨਾ ਤੋਂ ਬਗਾਵਤ ਕਰਕੇ ਭਾਰਤੀ ਜਨਤਾ ਪਾਰਟੀ ਦੀ ਸਹਾਇਤਾ ਨਾਲ ਸੱਤਾ ਹਾਸਲ ਕੀਤੀ। ਉਸ ਘਟਨਾ ਕ੍ਰਮ ਦੌਰਾਨ ਸੂਬੇ ਦੇ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਦੀ ਭੂਮਿਕਾ ਬਾਰੇ ਕਈ ਸਵਾਲ ਉਠਾਏ ਗਏ ਅਤੇ ਮਾਮਲਾ ਸੁਪਰੀਮ ਕੋਰਟ ਪਹੁੰਚਿਆ।

ਸਰਵਉੱਚ ਅਦਾਲਤ ਸੰਵਾਧਾਨਿਕ ਬੈਂਚ ਨੇ ਰਾਜਪਾਲ ਦੀਆਂ ਉਸ ਸਮੇਂ ਦੀਆਂ ਕਾਰਵਾਈਆਂ ਨੂੰ ਗਲਤ ਦੱਸਿਆ। ਸੁਪਰੀਮ ਕੋਰਟ ਨੇ ਸਪੱਸ਼ਟ ਕਿਹਾ ਕਿ ਰਾਜਪਾਲਾਂ ਨੂੰ ਸਿਆਸੀ ਭੂਮਿਕਾ ਨਹੀਂ ਨਿਭਾਉਣੀ ਚਾਹੀਦੀ ਅਤੇ ਦੂਸਰਾ ਇਹ ਕਿ ਕੋਈ ਰਾਜਪਾਲ ਕਿਸੇ ਸਿਆਸੀ ਦਲ ਵਿਚਲੇ ਝਗੜੇ ਕਾਰਨ ਕਿਸੇ ਸਰਕਾਰ ਨੂੰ ਬਹੁਮਤ ਸਾਬਿਤ ਕਰਨ ਦਾ ਆਦੇਸ਼ ਨਹੀਂ ਦੇ ਸਕਦਾ। ਅਸਲ ਵਿਚ ਤਾਂ ਰਾਜਪਾਲ ਆਪ ਭੂਮਿਕਾ ਨਹੀਂ ਨਿਭਾਉਂਦੇ, ਉਹ ਤਾਂ ਉਪਰੋਂ ਆਏ ਕੇਂਦਰ ਸਰਕਾਰ ਦੇ ਹੁਕਮਰਾਨਾਂ ਦੇ ਹੁਕਮਾਂ ਨੂੰ ਅਮਲੀ ਰੂਪ ਦਿੰਦੇ ਹਨ। ਜੋ ਕਿ ਕਿਸੇ ਵੀ ਹਾਲਤ ਵਿਚ ਠੀਕ ਨਹੀਂ ਹੈ।

ਪੰਜਾਬ ਦੇ ਰਾਜਪਾਲ ਵਲੋਂ ਵੀ ਸਮੇਂ-ਸਮੇਂ 'ਤੇ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ ਸਰਕਾਰ ਨਾਲ ਆਢਾ ਲਾਇਆ ਜਾ ਰਿਹਾ ਹੈ। ਕਈ ਹਾਲਤਾਂ ਵਿਚ ਬੇਲੋੜਾ ਦਖ਼ਲ ਵੀ ਰਾਜ ਪ੍ਰਬੰਧ ਦੇ ਕੰਮਾਂ 'ਚ ਦਿੱਤਾ ਜਾ ਰਿਹਾ ਹੈ, ਜਿਸ ਨਾਲ ਸੂਬੇ ਦੀ ਅਫ਼ਸਰਸ਼ਾਹੀ ਵਿਚ ਇੱਕ ਗਲਤ ਸੰਦੇਸ਼ ਜਾਂਦਾ ਹੈ।

ਕੇਂਦਰ ਦੀ ਸਰਕਾਰ ਸਿੱਧੇ ਜਾਂ ਅਸਿੱਧੇ ਤੌਰ 'ਤੇ ਸੂਬਿਆਂ ਦੇ ਹੱਕਾਂ 'ਚ ਦਖ਼ਲ ਦਿੰਦੀ ਹੈ। ਇਹ ਦਖ਼ਲ ਸੂਬਾ ਸਰਕਾਰ ਦੇ ਚਲਦੇ ਕੰਮਾਂ 'ਚ ਖਲਲ ਪੈਦਾ ਕਰਦਾ ਹੈ। ਪਿਛਲੇ ਦਿਨੀਂ ਪੰਜਾਬ ਦਾ ਦਿਹਾਤੀ ਵਿਕਾਸ ਫੰਡ ਕੇਂਦਰ ਵਲੋਂ ਰੋਕ ਦਿੱਤਾ ਗਿਆ। ਮੰਡੀ ਫ਼ੀਸ (ਖਰੀਦ ਵਿਕਰੀ 'ਤੇ ਲਾਇਆ ਜਾਂਦਾ ਟੈਕਸ) ਦੀ ਦਰ ਤਿੰਨ ਫ਼ੀਸਦੀ ਤੋਂ ਘਟਾਕੇ 2 ਫ਼ੀਸਦੀ ਕਰ ਦਿੱਤੀ, ਜਿਸ ਨਾਲ ਰਾਜ ਸਰਕਾਰ ਨੂੰ ਵਿਕਾਸ ਲਈ ਮਿਲਦਾ ਰੈਵੀਨਿਊ ਘੱਟ ਗਿਆ। ਪ੍ਰਮੁੱਖ ਮੁੱਦਾ ਤਾਂ ਇਹ ਹੈ ਕਿ ਕੀ ਕੇਂਦਰ ਸਰਕਾਰ ਨੂੰ ਅਜਿਹਾ ਦਖ਼ਲ ਦੇਣ ਦਾ ਹੱਕ ਹੈ?

ਸੰਵਿਧਾਨ ਦੇ ਫੈਡਰਲ ਢਾਂਚੇ ਦਾ ਅਸੂਲ ਹੈ ਕਿ ਕੇਂਦਰ ਸਰਕਾਰ ਅਜਿਹਾ ਦਖ਼ਲ ਨਾ ਦੇਵੇ, ਕਿਉਂਕਿ ਇਹ ਫੈਡਰਲਿਜ਼ਮ ਦੇ ਸਿਧਾਂਤ ਦੇ ਵਿਰੁੱਧ ਹੈ। ਦਿਹਾਤੀ ਵਿਕਾਸ ਫੰਡ ਪੰਜਾਬ ਦਾ ਹੈ। ਮੰਡੀ ਫ਼ੀਸ ਦਾ ਪ੍ਰਬੰਧ ਸੂਬੇ ਪੰਜਾਬ ਨੇ ਵੇਖਣਾ ਹੈ। ਮੰਡੀਆਂ ਪੰਜਾਬ ਸਰਕਾਰ ਦੀਆਂ ਹਨ। ਜਿਣਸ ਦੀ ਵਿਕਰੀ 'ਤੇ ਲਾਏ ਜਾਂਦੇ ਟੈਕਸ ਖਰੀਦਦਾਰ ਨੇ ਦੇਣੇ ਹਨ। ਤਾਂ ਫਿਰ ਕੇਂਦਰ ਸਰਕਾਰ ਕਿਸ ਹੈਸੀਅਤ 'ਚ ਪੰਜਾਬ ਸਰਕਾਰ ਦੇ ਕੰਮ 'ਚ ਦਖ਼ਲ ਦਿੰਦੀ ਹੈ। ਕੇਂਦਰ ਸਰਕਾਰ ਤਾਂ ਪੰਜਾਬ ਸਰਕਾਰ ਵਲੋਂ ਇਸ ਪੇਂਡੂ ਵਿਕਾਸ ਫੰਡ ਦੇ ਵਰਤਣ ਬਾਰੇ ਵੀ ਸਵਾਲ ਉਠਾਉਂਦੀ ਹੈ।

ਇਹ ਹੀ ਨਹੀਂ ਕਿ ਸਿਰਫ਼ ਭਾਜਪਾ ਕੇਂਦਰ ਸਰਕਾਰ ਹੀ ਸੂਬਿਆਂ ਦੇ ਅਧਿਕਾਰਾਂ ਦਾ ਹਨਨ ਕਰਦੀ ਹੈ। ਕੇਂਦਰ 'ਚ ਪਿਛਲੇ ਸਾਲਾਂ 'ਚ ਕਾਬਜ਼ ਰਹੀਆਂ ਵੱਖੋ-ਵੱਖਰੀਆਂ ਪਾਰਟੀਆਂ ਦੀਆਂ ਸਰਕਾਰਾਂ ਆਪਣੇ ਵੱਧ ਅਧਿਕਾਰਾਂ ਲਈ ਸਿਆਸੀ ਮਨੋਰਥ ਲਈ ਵਤਰਦੀਆਂ ਆਈਆਂ ਹਨ। ਭਾਜਪਾ ਨੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਕੇ ਕਿਸਾਨ ਵਿਰੋਧੀ ਤਿੰਨ ਖੇਤੀ ਕਾਨੂੰਨ ਬਣਾਏ, ਜੋ ਕਿ ਫੈਡਰਲ ਢਾਂਚੇ ਦੇ ਅਸੂਲਾਂ 'ਚ ਸਿੱਧਾ ਦਖ਼ਲ ਸਨ। ਪਿਛਲੇ ਸਮਿਆਂ 'ਚ ਆਪਣੀਆਂ ਵਿਰੋਧੀ ਸੂਬਾ ਸਰਕਾਰਾਂ ਨੂੰ ਵੀ ਉਸ ਸਮੇਂ ਰਾਜ ਕਰਦੀ ਕਾਂਗਰਸ ਪਾਰਟੀ ਨੇ ਨਾ ਬਖ਼ਸ਼ਿਆ।

ਹੁਣ ਵੀ ਲਗਾਤਾਰ ਸੂਬਿਆਂ ਦੇ ਅਧਿਕਾਰਾਂ ਅਤੇ ਕੇਂਦਰੀਕਰਨ ਦੇ ਰੁਝਾਨ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਕੇਂਦਰ ਸਰਕਾਰ ਵਲੋਂ ਜੰਮੂ-ਕਸ਼ਮੀਰ ਦਾ ਸਿੱਧਾ ਪ੍ਰਬੰਧ ਆਪਣੇ ਹੱਥ 'ਚ ਲੈਣ ਲਈ 370 ਧਾਰਾ ਖ਼ਤਮ ਕੀਤੀ, ਸੂਬੇ ਦੀ ਵੰਡ ਕੀਤੀ ਅਤੇ ਪ੍ਰਬੰਧ ਸਿੱਧਾ ਆਪਣੇ ਹੱਥ ਲਿਆ। ਕੀ ਇਹ ਜਮਹੂਰੀ ਕਦਰਾਂ-ਕੀਮਤਾਂ ਦੀ ਉਲੰਘਣਾ ਨਹੀਂ ਹੈ?

ਸੰਵਿਧਾਨ ਅਨੁਸਾਰ ਕਾਰਜਪਾਲਿਕਾ, ਨਿਆਂਪਾਲਿਕਾ, ਵਿਧਾਨ ਪਾਲਿਕਾ ਦੇ ਦਰਮਿਆਨ ਸੱਤਾ ਦੀ ਵੰਡ ਕੀਤੀ ਗਈ ਹੈ। ਇਸ ਵਿਚ ਕਿਸੇ ਵੀ ਸੰਸਥਾ ਨੂੰ ਸਰਬ ਸ਼ਕਤੀਮਾਨ ਬੰਨਣ ਦੀ ਖੁੱਲ੍ਹ ਨਹੀਂ ਦਿੱਤੀ ਗਈ। ਪਰ ਇਸ ਸਮੇਂ ਪਾਰਲੀਮੈਂਟ ਉਤੇ ਕਾਬਜ਼ ਹਾਕਮ ਧਿਰ ਸੱਤਾ ਦੀ ਰਾਜਨੀਤੀ, ਲੋਕਾਂ ਅਤੇ ਸਰੋਤਾਂ ਉਤੇ ਬੇਇੰਤਹਾ ਕੰਟਰੋਲ ਕਰਨ ਦੇ ਰਾਹ ਉਤੇ ਹੈ।

ਕੇਂਦਰੀ ਸਰੋਤਾਂ ਦਾ ਵਪਾਰੀਕਰਨ, ਕੇਂਦਰੀਕਰਨ ਅਤੇ ਨਿੱਜੀਕਰਨ ਕੀਤਾ ਜਾ ਰਿਹਾ ਹੈ। ਸੱਤਾ ਪ੍ਰਾਪਤੀ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਮੀਡੀਆ ਉਤੇ ਪੂਰਾ ਕੰਟਰੋਲ ਕਰਕੇ, ਇੱਕ ਸ਼ਖ਼ਸੀ ਪ੍ਰਬੰਧਨ ਨੂੰ ਤਰਜੀਹ ਦੇ ਕੇ ਡਿਕਟੇਟਰਾਨਾ ਸੋਚ ਅਧੀਨ ਰਾਜ ਪ੍ਰਬੰਧ ਚਲਾਇਆ ਜਾ ਰਿਹਾ ਹੈ, ਜੋ ਦੇਰ-ਸਵੇਰ ਸੂਬਿਆਂ ਦੇ ਹੱਕਾਂ ਨੂੰ ਸੀਮਤ ਕਰਦਾ ਹੈ। ਕਈ ਵਾਰ ਸੂਬਿਆਂ ਤੇ ਕੇਂਦਰ ਵਿਚ ਟਕਰਾਅ ਇਸ ਕਰਕੇ ਵੀ ਵਧਦਾ ਹੈ ਕਿ ਸੂਬੇ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਫੰਡਾਂ ਦੀ ਲੋੜੀਂਦੀ ਅਦਾਇਗੀ ਨਹੀਂ ਕੀਤੀ ਜਾ ਰਹੀਂ। ਜੀ.ਐੱਸ.ਟੀ. ਲਾਗੂ ਕਰਨ ਤੋਂ ਬਾਅਦ ਤਾਂ ਕਈ ਸੂਬੇ ਆਪਣੇ ਆਪ ਨਾਲ ਵਿਤਕਰੇ ਭਰਿਆ ਸਲੂਕ ਮਹਿਸੂਸ ਕਰ ਰਹੇ ਹਨ। ਪੱਛਮੀ ਬੰਗਾਲ ਦੀ ਤ੍ਰਿਣਮੂਲ ਕਾਂਗਰਸ ਦੀ ਸਰਕਾਰ ਇਸੇ ਕਰਕੇ ਕੇਂਦਰ ਪ੍ਰਤੀ ਰੋਹ ਨਾਲ ਭਰੀ ਰਹਿੰਦੀ ਹੈ। ਇਹੋ ਹਾਲ ਪੰਜਾਬ ਸਰਕਾਰ ਦਾ ਹੈ। ਪੇਂਡੂ ਵਿਕਾਸ ਫੰਡ ਮਾਮਲੇ 'ਤੇ ਉਹ ਸੁਪਰੀਮ ਕੋਰਟ ਦਾ ਰੁਖ਼ ਕਰਨ ਜਾ ਰਹੀ ਹੈ। ਪਹਿਲਾਂ ਵੀ ਰਾਜਪਾਲ ਪੰਜਾਬ ਦੇ ਵਤੀਰੇ ਸਬੰਧੀ ਉਸ ਸੁਪਰੀਮ ਕੋਰਟ 'ਚ ਪਹੁੰਚ ਕਰਕੇ ਰਾਹਤ ਪ੍ਰਾਪਤ ਕੀਤੀ ਸੀ।

ਸੰਵਿਧਾਨ ਦੀਆਂ ਧਰਾਵਾਂ 245 ਤੋਂ 263 ਵਿਚ ਕੇਂਦਰ ਅਤੇ ਸੂਬਿਆਂ ਦੇ ਹੱਕਾਂ ਦੀ ਵੰਡ ਕੀਤੀ ਹੋਈ ਹੈ। ਇਸ ਅਨੁਸਾਰ, ਯੂਨੀਅਨ (ਕੇਂਦਰ) ਲਿਸਟ, ਸਟੇਟ (ਰਾਜ) ਲਿਸਟ ਅਤੇ ਕੰਨਕਰੰਟ ਲਿਸਟ ਅਨੁਸਾਰ ਪਾਰਲੀਮੈਂਟ ਅਤੇ ਸੂਬਾ ਅਸੈਂਬਲੀਆਂ ਦੇ ਕੰਮਾਂ ਦੀ ਵੰਡ ਵੀ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਕੇਂਦਰ ਸਰਕਾਰ, ਸੂਬਿਆਂ ਦੇ ਅਧਿਕਾਰਾਂ 'ਚ ਕਾਨੂੰਨ ਬਨਾਉਣ ਲੱਗਿਆਂ ਸਿੱਧਾ-ਅਸਿੱਧਾ ਰਾਜਾਂ ਦੇ ਹੱਕਾਂ 'ਚ ਦਖ਼ਲ ਦੇ ਹੀ ਜਾਂਦੀ ਹੈ। ਇਸ ਦੀ ਸਿੱਧੀ ਉਦਾਰਹਨ ਕੋਵਿਡ-19 ਸਮੇਂ ਦੀ ਹੈ, ਜਿਸ ਅਨੁਸਾਰ ਕੇਂਦਰ ਨੇ ਅਧਿਕਾਰਾਂ ਦੀ ਵੱਧ ਵਰਤੋਂ ਕਰਦਿਆਂ ਰਾਜਾਂ ਨੂੰ ਸਿੱਧੇ ਨਿਰਦੇਸ਼ ਦਿੱਤੇ, ਜਦਕਿ ਸਿਹਤ ਸੂਬਿਆਂ ਦਾ ਵਿਸ਼ਾ ਹੈ।

ਇਸੇ ਕਿਸਮ ਦੇ ਹੋਰ ਮਸਲਿਆਂ ਸਬੰਧੀ ਸਿੱਧੇ ਦਖ਼ਲ ਨੂੰ ਸੂਬਿਆਂ ਦੀ ਸਰਕਾਰਾਂ ਨੇ ਵੰਗਾਰਿਆ ਹੈ। ਸੀ.ਏ.ਏ. ਨੂੰ ਕੇਰਲ ਸਰਕਾਰ ਨੇ 131 ਆਰਟੀਕਲ ਤਹਿਤ ਸੁਪਰੀਮ ਕੋਰਟ 'ਚ ਚੈਲਿੰਜ ਕੀਤਾ ਹੈ। ਛੱਤੀਸਗੜ੍ਹ ਨੇ ਐੱਨ.ਆਈ.ਏ. (ਨੈਸ਼ਨਲ ਇੰਨਵੈਸਟੀਗੇਸ਼ਨ ਐਕਟ 2008) ਨੂੰ ਚੈਲਿੰਜ ਕੀਤਾ ਹੈ। ਭਾਵ ਕੇਂਦਰ ਅਤੇ ਸੂਬਿਆਂ ਦਰਮਿਆਨ ਅਧਿਕਾਰਾਂ ਦੀ ਵੰਡ ਦੇ ਮਾਮਲੇ ਉਤੇ ਸਮੇਂ-ਸਮੇਂ 'ਤੇ ਸਵਾਲ ਉੱਠਦੇ ਰਹਿੰਦੇ ਹਨ। ਪਰ ਕੇਂਦਰ ਸਰਕਾਰ ਆਪਣੀ ਤਾਕਤ ਦੇ ਜ਼ੋਰ ਨਾਲ ਅਣਚਾਹਿਆ ਦਖ਼ਲ ਸੂਬਿਆਂ ਦੇ ਹੱਕਾਂ 'ਚ ਦੇਣ ਤੋਂ ਨਹੀਂ ਟਲਦੀ। ਜਿਸਦੇ ਸਿੱਟੇ ਵਜੋਂ ਸੂਬਿਆਂ ਦੇ ਲੋਕ, ਸਿਆਸੀ ਧਿਰ, ਖ਼ੁਦਮੁਖਤਿਆਰੀ ਅਤੇ ਵੱਧ ਅਧਿਕਾਰਾਂ ਦੀ ਮੰਗ ਕਰਦੀਆਂ ਹਨ।

ਅਨੰਦਪੁਰ ਸਾਹਿਬ ਦਾ ਮਤਾ ਇਸਦੀ ਇੱਕ ਉਦਾਹਰਨ ਹੈ, ਜੋ ਕਿ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਲਿਆਂਦਾ ਸੀ, ਜਿਸ ਅਨੁਸਾਰ ਸੂਬਿਆਂ ਲਈ ਵੱਧ ਅਧਿਕਾਰ ਅਤੇ ਖੁਦਮੁਖਤਿਆਰੀ ਦੀ ਮੰਗ ਕੀਤੀ ਗਈ ਹੈ। ਇਹ ਮਤਾ ਕਾਫ਼ੀ ਚਰਚਿਤ ਹੋਇਆ। ਦੇਸ਼ ਦੀਆਂ ਬਹੁਤ ਸਾਰੀਆਂ ਖੇਤਰੀ ਪਾਰਟੀਆਂ ਅਨੰਦਪੁਰ ਸਾਹਿਬ ਮਤੇ ਅਨੁਸਾਰ ਸੂਬਿਆਂ ਦੇ ਵੱਧ ਅਧਿਕਾਰਾਂ ਦੀ ਗੱਲ ਕਰਨ ਲੱਗੀਆਂ ਹਨ, ਕਿਉਂਕਿ ਉਹ ਵੇਖ ਰਹੀਆਂ ਹਨ ਕਿ ਸੂਬੇ ਦੇ ਵਿਕਾਸ ਲਈ ਵਧੇਰੇ ਵਿੱਤੀ ਸਾਧਨਾਂ ਲਈ ਉਨ੍ਹਾਂ ਨੂੰ ਕੇਂਦਰ ਉਤੇ ਝਾਕ ਰੱਖਣੀ ਪੈਂਦੀ ਹੈ। ਇਹੋ ਕਾਰਨ ਹੈ ਕਿ ਸੂਬਿਆਂ ਅਤੇ ਕੇਂਦਰ ਦੇ ਆਪਸੀ ਸਬੰਧ ਅਣਸੁਖਾਵੇਂ ਹੋ ਰਹੇ ਹਨ ਅਤੇ ਆਪਸੀ ਤਕਰਾਰ ਵੀ ਵਧਦੀ ਨਜ਼ਰ ਆਉਂਦੀ ਹੈ।

ਮੌਜੂਦਾ ਸਮੇਂ 'ਚ ਸੂਬਿਆਂ ਦੇ ਰਾਜਪਾਲਾਂ ਅਤੇ ਕੇਂਦਰੀ ਏਜੰਸੀਆਂ ਦੀ ਵਰਤੋਂ ਰਾਹੀਂ ਸੂਬਿਆਂ ਦੇ ਸਿਆਸੀ ਮਾਮਲਿਆਂ 'ਚ ਦਖ਼ਲ ਵਧ ਰਿਹਾ ਹੈ। ਕੇਂਦਰ ਰਾਜਾਂ ਦੇ ਅਧਿਕਾਰ ਹਥਿਆਉਂਦਾ ਰਹਿੰਦਾ ਹੈ। ਕੀ ਇਹ ਸੂਬਿਆਂ ਲਈ ਘਾਤਕ ਨਹੀਂ ਹੋਏਗਾ? ਕੇਂਦਰ ਦਾ ਸੂਬਿਆਂ ਦੇ ਵਿਕਾਸ ਅਤੇ ਸ਼ਾਸਨ ਵਿਚ ਸਿੱਧਾ ਦਖ਼ਲ ਕੇਂਦਰੀਕਰਨ ਵੱਲ ਵੱਡਾ ਕਦਮ ਹੈ, ਜੋ ਕਿ ਭਾਰਤੀ ਸੰਵਿਧਾਨ ਦੀ ਰੂਹ ਦਾ ਕਤਲ ਹੈ।







Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil



Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.

ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਗਿਆਨੀ ਜ਼ੈਲ ਸਿੰਘ ਨੇ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫਾ ਕਿਉਂ ਨਾ ਦਿੱਤਾ?





-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਪੰਜਾਬੀਆਂ ਅਤੇ ਖਾਸ ਤੌਰ 'ਤੇ ਸਿੱਖਾਂ ਦੇ ਦਿਮਾਗ ਵਿਚ ਇਕ ਸਵਾਲ ਵਾਰ-ਵਾਰ ਦਸਤਕ ਦੇ ਰਿਹਾ ਹੈ ਕਿ ਗਿਆਨੀ ਜ਼ੈਲ ਸਿੰਘ ਸਿੱਖੀ ਵਿਚਾਰਧਾਰਾ ਨੂੰ ਪ੍ਰਣਾਏ ਹੋਣ ਦੇ ਬਾਵਜੂਦ ਸ੍ਰੀ ਹਰਿਮੰਦਰ ਸਾਹਿਬ ਵਿਚ ਬਲਿਊ ਸਟਾਰ ਅਪ੍ਰੇਸ਼ਨ, ਦਿੱਲੀ ਅਤੇ ਦੇਸ਼ ਦੇ ਹੋਰ ਸ਼ਹਿਰਾਂ ਵਿਚ ਹੋਏ ਕਤਲੇਆਮ ਤੋਂ ਬਾਅਦ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫ਼ਾ ਕਿਉਂ ਨਹੀਂ ਦਿੱਤਾ? ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਹੋਣ ਦੇ ਨਾਤੇ ਭਾਰਤੀ ਫ਼ੌਜਾਂ ਦੇ ਕਮਾਂਡਰ-ਇਨ-ਚੀਫ਼ ਸਨ। ਉਨ੍ਹਾਂ ਦੇ ਸਵਰਗਵਾਸ ਹੋਣ ਤੋਂ 28 ਸਾਲ ਬਾਅਦ ਵੀ ਸ੍ਰੀ ਹਰਿਮੰਦਰ ਸਾਹਿਬ ਵਿਚ ਬਲਿਊ ਸਟਾਰ ਅਪ੍ਰੇਸ਼ਨ ਕਰਨ ਸਮੇਂ ਫ਼ੌਜ ਨੂੰ ਅੰਦਰ ਦਾਖ਼ਲ ਹੋਣ ਦੀ ਇਜਾਜ਼ਤ ਦੇਣਾ ਇਕ ਗੁੰਝਲਦਾਰ ਬੁਝਾਰਤ ਬਣੀ ਹੋਈ ਹੈ। ਪੰਜਾਬ ਦੇ ਲੋਕ ਖਾਸ ਤੌਰ 'ਤੇ ਸਿੱਖ ਜਗਤ ਅਜੇ ਤੱਕ ਇਸ ਗੱਲ ਤੋਂ ਹੈਰਾਨ ਹਨ ਕਿ ਗਿਆਨੀ ਜ਼ੈਲ ਸਿੰਘ ਨੇ ਬਲਿਊ ਸਟਾਰ ਅਪ੍ਰੇਸ਼ਨ ਦੌਰਾਨ ਸ਼ਹੀਦ ਕੀਤੀ ਗਈ ਸੰਗਤ, ਪੰਜਾਬ ਦੇ ਸਾਰੇ ਗੁਰਦਆਰਿਆਂ ਵਿਚ ਪੁਲਿਸ ਦੇ ਦਾਖ਼ਲ ਹੋਣ ਅਤੇ ਸ਼੍ਰੀਮਤੀ ਇੰਦਰਾ ਗਾਂਧੀ ਦੇ ਕਤਲ, ਦਿੱਲੀ ਅਤੇ ਸਮੁੱਚੇ ਦੇਸ਼ ਵਿਚ ਹੋਏ ਕਤਲੇਆਮ ਤੋਂ ਬਾਅਦ ਅਸਤੀਫਾ ਕਿਉਂ ਨਹੀਂ ਦਿੱਤਾ? ਜਦੋਂਕਿ ਉਨ੍ਹਾਂ ਨੂੰ ਸਿੱਖ ਧਰਮ ਦਾ ਮੁੱਦਈ ਸਮਝਿਆ ਜਾਂਦਾ ਸੀ। ਅਜੇ ਤੱਕ ਦੇਸ਼ ਦੇ ਲੋਕ ਗਿਆਨੀ ਜ਼ੈਲ ਸਿੰਘ ਨੂੰ ਦੋਸ਼ੀ ਠਹਿਰਾਉਣ ਲੱਗਿਆਂ ਬਿਲਕੁਲ ਹੀ ਝਿਜਕਦੇ ਨਹੀਂ। ਲੋਕਾਂ ਦੇ ਮਨਾਂ ਵਿਚ ਗਿਆਨੀ ਜ਼ੈਲ ਸਿੰਘ ਬਾਰੇ ਗੁੱਸਾ ਹੈ। ਹਾਲਾਂਕਿ ਹੁਣ ਤੱਕ ਬਲਿਊ ਸਟਾਰ ਅਪ੍ਰੇਸ਼ਨ ਸੰਬੰਧੀ ਪ੍ਰਕਾਸ਼ਤ ਹੋਈਆਂ ਪੁਸਤਕਾਂ ਅਤੇ ਦਸਤਾਵੇਜ਼ ਗਿਆਨੀ ਜ਼ੈਲ ਸਿੰਘ ਦੇ ਸੋਰਸਿਜ਼ ਲਿਖਦੇ ਹਨ ਕਿ ਕੇਂਦਰ ਸਰਕਾਰ ਨੇ ਰਾਸ਼ਟਰਪਤੀ ਦੀ ਇਜ਼ਾਜ਼ਤ ਤੋਂ ਬਿਨਾ ਹੀ ਇਹ ਕਾਰਵਾਈ ਕੀਤੀ ਸੀ।





ਸੁਭਾਰਤਾ ਭੱਟਾਚਾਰੀਆ ਜੋ ਅੰਗਰੇਜ਼ੀ ਦੇ ਮੈਗਜ਼ੀਨ 'ਸੰਡੇ ਗਾਰਡੀਅਨ' ਦੇ ਸੰਪਾਦਕ ਰਹੇ ਹਨ, ਉਨ੍ਹਾਂ ਨੇ ਆਪਣੇ ਇੱਕ ਲੇਖ ਵਿਚ ਲਿਖਿਆ ਸੀ ਕਿ ਗਿਆਨੀ ਜ਼ੈਲ ਸਿੰਘ ਨੂੰ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਅਤੇ ਉਨ੍ਹਾਂ ਦੀ ਸਰਕਾਰ ਨੇ ਬਲਿਊ ਸਟਾਰ ਅਪ੍ਰੇਸ਼ਨ ਬਾਰੇ ਹਨ੍ਹੇਰੇ ਵਿਚ ਰੱਖਿਆ ਸੀ। ਉਨ੍ਹਾਂ ਨੂੰ ਫ਼ੌਜ ਦੀ ਕਾਰਵਾਈ ਬਾਰੇ ਦੱਸਿਆ ਹੀ ਨਹੀਂ ਗਿਆ ਸੀ। ਇਥੋਂ ਤੱਕ ਕਿ ਭਿਣਕ ਵੀ ਨਹੀਂ ਪੈਣ ਦਿੱਤੀ ਸੀ। ਬਲਿਊ ਸਟਾਰ ਅਪ੍ਰੇਸ਼ਨ ਤੋਂ ਇਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਗਿਆਨੀ ਜ਼ੈਲ ਸਿੰਘ ਨੂੰ ਰਵਾਇਤੀ ਤੌਰ 'ਤੇ ਮਿਲਕੇ ਆਏ ਸਨ। ਪੰਜਾਬ ਦੀ ਸਥਿਤੀ ਬਾਰੇ ਕੋਈ ਗੱਲ ਹੀ ਨਹੀਂ ਕੀਤੀ ਸੀ। ਉਨ੍ਹਾਂ ਨੂੰ ਫ਼ੌਜਾਂ ਦੇ ਹਰਿਮੰਦਰ ਵਿਚ ਦਾਖ਼ਲ ਹੋਣ ਤੋਂ ਬਾਅਦ ਮੀਡੀਆ ਰਾਹੀਂ ਪਤਾ ਲੱਗਿਆ ਸੀ। ਇਥੋਂ ਤੱਕ ਕਿ ਰਾਸ਼ਟਰਪਤੀ ਭਵਨ ਦੇ ਸਾਰੇ ਟੈਲੀਫ਼ੋਨ ਟੇਪ ਕੀਤੇ ਜਾਂਦੇ ਸਨ ਕਿਉਂਕਿ ਰਾਸ਼ਟਰਪਤੀ ਦੇ ਡਿਪਟੀ ਪ੍ਰੈੱਸ ਸਕੱਤਰ ਤਰਲੋਚਨ ਸਿੰਘ ਨੂੰ ਬਲਿਊ ਸਟਾਰ ਅਪ੍ਰੇਸ਼ਨ ਤੋਂ ਬਾਅਦ ਛੁੱਟੀ 'ਤੇ ਭੇਜ ਦਿੱਤਾ ਗਿਆ ਸੀ। ਉਨ੍ਹਾਂ 'ਤੇ ਇਲਜ਼ਾਮ ਲਗਾਇਆ ਗਿਆ ਸੀ ਕਿ ਉਨ੍ਹਾਂ ਨੇ ਅਖ਼ਬਾਰਾਂ ਨੂੰ ਬਲਿਊ ਸਟਾਰ ਅਪ੍ਰੇਸ਼ਨ ਦੇ ਵਿਰੁੱਧ ਖ਼ਬਰਾਂ ਲਗਾਉਣ ਲਈ ਜਾਣਕਾਰੀ ਦਿੱਤੀ ਅਤੇ ਭੜਕਾਇਆ ਸੀ। ਲੋਕਾਂ ਨੂੰ ਗਿਆਨੀ ਜ਼ੈਲ ਸਿੰਘ ਨਾਲ ਇਹ ਵੀ ਨਾਰਾਜ਼ਗੀ ਹੈ ਕਿ ਜਦੋਂ ਇੰਦਰਾ ਗਾਂਧੀ ਦੀ ਸਰਕਾਰ ਨੇ ਭਰੋਸੇ ਵਿਚ ਲਏ ਤੋਂ ਬਿਨਾ ਹਰਿਮੰਦਰ ਸਾਹਿਬ ਅਤੇ ਸਮੁੱਚੇ ਪੰਜਾਬ ਦੇ ਗੁਰੂ ਘਰਾਂ 'ਤੇ ਫ਼ੌਜ ਦਾ ਹਮਲਾ ਕਥਿਤ ਅੱਤਵਾਦੀ ਕੱਢਣ ਦੀ ਆੜ ਵਿਚ ਕਰਵਾਇਆ ਸੀ, ਤਾਂ ਫਿਰ ਜਦੋਂ ਇੰਦਰਾ ਗਾਂਧੀ ਦਾ ਕਤਲ ਹੋਇਆ ਸੀ, ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਦੀ ਸਹੁੰ ਗਿਆਨੀ ਜ਼ੈਲ ਸਿੰਘ ਨੇ ਪ੍ਰੋਟੋਕਲ ਅਤੇ ਸਥਾਪਤ ਪ੍ਰੰਪਰਾਵਾਂ ਦੇ ਵਿਰੁੱਧ ਕਿਉਂ ਚੁਕਾਈ ਸੀ? ਇਹ ਗੱਲਾਂ ਅਜੇ ਤੱਕ ਪੰਜਾਬੀਆਂ ਅਤੇ ਖਾਸ ਤੌਰ 'ਤੇ ਸਿੱਖਾਂ ਨੂੰ ਰੜਕਦੀਆਂ ਹਨ। ਜਦੋਂ ਇੰਦਰਾ ਗਾਂਧੀ ਦਾ ਕਤਲ ਹੋਇਆ ਸੀ, ਉਦੋਂ ਗਿਆਨੀ ਜ਼ੈਲ ਸਿੰਘ ਨਾਰਥ ਯਮਨ ਦੇ ਦੌਰੇ 'ਤੇ ਗਏ ਹੋਏ ਸਨ। ਖ਼ਬਰ ਮਿਲਦਿਆਂ ਹੀ ਪਹਿਲਾਂ ਉਨ੍ਹਾਂ ਆਪਣੇ ਸਕੱਤਰ ਅਸ਼ੋਕ ਬੰਦੋਪਾਧਿਆਏ ਨੂੰ ਯਮਨ ਵਿਚ ਸਥਿਤ ਭਾਰਤੀ ਅੰਬੈਸੀ ਤੋਂ ਭਾਰਤੀ ਸੰਵਿਧਾਨ ਦੀ ਕਾਪੀ ਮੰਗਵਾਈ। ਫਿਰ ਉਹ ਤੁਰੰਤ ਸਾਨਾ ਤੋਂ ਵਾਪਸ ਭਾਰਤ ਆਉਣ ਲਈ ਜਹਾਜ਼ ਵਿਚ ਬੈਠਕੇ ਸਕੱਤਰ ਦੀ ਮਦਦ ਨਾਲ ਉਨ੍ਹਾਂ ਸੰਵਿਧਾਨ ਪੜ੍ਹਿਆ, ਸੰਵਿਧਾਨ ਦੀ ਧਾਰਾ 74 ਅਨੁਸਾਰ ਰਾਸ਼ਟਰਪਤੀ ਕੌਂਸਲ ਆਫ ਮਨਿਸਟਰਜ਼ ਦੀ ਸਲਾਹ ਮੰਨਣ ਲਈ ਪਾਬੰਦ ਹੈ ਪ੍ਰੰਤੂ ਧਾਰਾ 75 ਰਾਸ਼ਟਰਪਤੀ ਨੂੰ ਪ੍ਰਧਾਨ ਮੰਤਰੀ ਨਿਯੁਕਤ ਕਰਨ ਦੀ ਸ਼ਕਤੀ ਦਿੰਦਾ ਹੈ ਅਤੇ ਮੰਤਰੀ ਪ੍ਰੀਸ਼ਦ ਪ੍ਰਧਾਨ ਮੰਤਰੀ ਦੀ ਸਿਫ਼ਾਰਸ਼ 'ਤੇ ਨਿਯੁਕਤ ਕਰ ਸਕਦਾ ਹੈ। ਗਿਆਨੀ ਜ਼ੈਲ ਸਿੰਘ ਨੇ ਭੱਟਾਚਾਰੀਆ ਨੂੰ ਅੱਗੋਂ ਦੱਸਿਆ ਕਿ "ਮੈਂ ਮਹਿਸੂਸ ਕੀਤਾ ਕਿ ਪ੍ਰਧਾਨ ਮੰਤਰੀ ਉਸ ਨੂੰ ਹੀ ਬਣਾਉਣਾ ਚਾਹੀਦਾ, ਜਿਸ ਨੇਤਾ ਨੂੰ ਲੋਕ ਸਭਾ ਵਿਚ ਬਹੁਮਤ ਹੋਵੇ।" ਫਿਰ ਉਨ੍ਹਾਂ ਕਿਹਾ ਕਿ 'ਇੰਦਰਾ ਗਾਂਧੀ ਸੰਜੇ ਗਾਂਧੀ ਨੂੰ ਆਪਣਾ ਉਤਰ ਅਧਿਕਾਰੀ ਬਣਾਉਣਾ ਚਾਹੁੰਦੇ ਸਨ ਪ੍ਰੰਤੂ ਸੰਜੇ ਗਾਂਧੀ ਦੀ ਏਅਰ ਕਰੈਸ਼ ਵਿਚ ਮੌਤ ਹੋ ਗਈ ਸੀ। ਉਸ ਤੋਂ ਬਾਅਦ ਰਾਜੀਵ ਗਾਂਧੀ ਨੂੰ ਪਾਇਲਟ ਦੀ ਨੌਕਰੀ ਛੁਡਵਾ ਕੇ ਸਿਆਸਤ ਵਿਚ ਲਿਆਂਦਾ ਸੀ। ਇੰਦਰਾ ਗਾਂਧੀ ਦੀ ਕਿਰਪਾ ਨਾਲ ਹੀ ਮੈਂ (ਗਿਆਨੀ ਜ਼ੈਲ ਸਿੰਘ) ਰਾਸ਼ਟਰਪਤੀ ਬਣਿਆ ਹਾਂ, ਇਸ ਲਈ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਉਣਾ ਠੀਕ ਰਹੇਗਾ'। ਰਾਸ਼ਟਰਪਤੀ ਨੇ ਆਪਣੇ ਸਕੱਤਰ ਨੂੰ ਜਹਾਜ ਵਿਚੋਂ ਹੀ ਰਾਜੀਵ ਗਾਂਧੀ ਨਾਲ ਗੱਲ ਕਰਵਾਉਣ ਲਈ ਕਿਹਾ। ਸਕੱਤਰ ਨੇ ਸਲਾਹ ਦਿੱਤੀ ਕਿ ਜਹਾਜ਼ ਵਿਚੋਂ ਰੇਡੀਓ ਟਰਾਂਸਮਿਸ਼ਨ 'ਤੇ ਗੱਲ ਕਰਨੀ ਠੀਕ ਨਹੀਂ ਕਿਉਂਕਿ ਗੱਲ ਪਾਕਿਸਤਾਨ ਵਿਚ ਲੀਕ ਹੋ ਸਕਦੀ ਹੈ। ਗਿਆਨੀ ਜ਼ੈਲ ਸਿੰਘ ਦਿੱਲੀ ਏਅਰਪੋਰਟ ਤੋਂ ਸਿੱਧੇ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਵਿਚ ਗਏ, ਜਿਥੇ ਇੰਦਰਾ ਗਾਂਧੀ ਦੀ ਮ੍ਰਿਤਕ ਦੇਹ ਪਈ ਸੀ। ਰਸਤੇ ਵਿਚ ਅਤੇ ਆਲ ਇੰਡੀਆ ਇੰਸਟੀਚਿਊਟ ਵਿਚ ਰਾਸ਼ਟਰਪਤੀ ਦੀ ਕਾਫ਼ਲੇ 'ਤੇ ਹਮਲਾ ਵੀ ਹੋਇਆ ਸੀ। ਆਲ ਇੰਡੀਆ ਇੰਸਟੀਚਿਊਟ ਵਿਚ ਜਦੋਂ ਗਿਆਨੀ ਜ਼ੈਲ ਸਿੰਘ ਪਹੁੰਚੇ, ਤਾਂ ਰਾਜੀਵ ਗਾਂਧੀ ਉਥੇ ਮੌਜੂਦ ਸਨ। ਗਿਆਨੀ ਜ਼ੈਲ ਸਿੰਘ ਨੇ ਰਾਜੀਵ ਗਾਂਧੀ ਦੇ ਮੋਢੇ 'ਤੇ ਹੱਥ ਰੱਖਿਆ ਅਤੇ ਅਫ਼ਸੋਸ ਕਰਨ ਤੋਂ ਬਾਅਦ ਉਨ੍ਹਾਂ ਨੂੰ ਰਾਸ਼ਟਰਪਤੀ ਭਵਨ ਆ ਕੇ ਪ੍ਰਧਾਨ ਮੰਤਰੀ ਦੀ ਸਹੁੰ ਚੁੱਕਣ ਲਈ ਕਿਹਾ। ਪ੍ਰੋਟੋਕੋਲ ਅਤੇ ਸਥਾਪਤ ਪ੍ਰੰਪਰਾਵਾਂ ਅਨੁਸਾਰ ਜਿਵੇਂ ਪਹਿਲਾਂ 1964 ਵਿਚ ਪੰਡਤ ਜਵਾਹਰ ਲਾਲ ਨਹਿਰੂ ਅਤੇ 1966 ਵਿਚ ਲਾਲ ਬਹਾਦਰ ਸ਼ਾਸ਼ਤਰੀ ਦੀਆਂ ਮੌਤਾਂ ਤੋਂ ਬਾਅਦ ਉਨ੍ਹਾਂ ਦੇ ਮੰਤਰੀ ਮੰਡਲ ਦੇ ਸਭ ਤੋਂ ਸੀਨੀਅਰ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੂੰ ਕੰਮ ਚਲਾਊ ਪ੍ਰਧਾਨ ਮੰਤਰੀ ਦੀ ਸਹੁੰ ਚੁਕਵਾਈ ਗਈ ਸੀ। ਉਸੇ ਤਰ੍ਹਾਂ ਸ਼੍ਰੀਮਤੀ ਇੰਦਰਾ ਗਾਂਧੀ ਦੇ ਮੰਤਰੀ ਮੰਡਲ ਵਿਚ ਸਭ ਤੋਂ ਸੀਨੀਅਰ ਮੰਤਰੀ ਪ੍ਰਣਾਬ ਮੁਕਰਜੀ ਸਨ। ਇਸ ਲਈ ਉਨ੍ਹਾਂ ਨੂੰ ਸਹੁੰ ਚੁਕਾਉਣੀ ਬਣਦੀ ਸੀ। ਪ੍ਰੰਤੂ ਗਿਆਨੀ ਜ਼ੈਲ ਸਿੰਘ ਨੇ ਰਾਜੀਵ ਗਾਂਧੀ ਨੂੰ ਸਹੁੰ ਚੁੱਕਾ ਦਿੱਤੀ ਸੀ।

ਗਿਆਨੀ ਜ਼ੈਲ ਸਿੰਘ ਸੰਜੇ ਗਾਂਧੀ ਨੂੰ ਆਪਣਾ ਰਹਿਨੁਮਾ ਕਹਿੰਦੇ ਸਨ ਕਿਉਂਕਿ ਹੁਸ਼ਿਆਰਪੁਰ ਦੀ ਉਪ ਚੋਣ ਜਿੱਤਣ ਤੋਂ ਤੁਰੰਤ ਬਾਅਦ ਗਿਆਨੀ ਜ਼ੈਲ ਸਿੰਘ ਨੂੰ ਭਾਰਤ ਦਾ ਗ੍ਰਹਿ ਮੰਤਰੀ ਬਣਵਾ ਦਿੱਤਾ ਸੀ। ਜਦੋਂ ਗਿਆਨੀ ਜ਼ੈਲ ਸਿੰਘ ਨੂੰ ਕਾਂਗਰਸ ਪਾਰਟੀ ਨੇ ਰਾਸ਼ਟਰਪਤੀ ਦਾ ਉਮੀਦਵਾਰ ਬਣਾਇਆ ਸੀ, ਤਾਂ ਗਿਆਨੀ ਜ਼ੈਲ ਸਿੰਘ ਉਦੋਂ ਭਾਰਤ ਦੇ ਗ੍ਰਹਿ ਮੰਤਰੀ ਸਨ। ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਦੇ ਹੁੰਦਿਆਂ ਲਗਪਗ ਢਾਈ ਸਾਲ ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਰਹੇ। ਇਕ ਪਰੰਪਰਾ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਚਲੀ ਆ ਰਹੀ ਹੈ ਕਿ ਪ੍ਰਧਾਨ ਮੰਤਰੀ ਰਾਸ਼ਟਰਪਤੀ ਭਵਨ ਜਾ ਕੇ ਸਰਕਾਰ ਦੀ ਸਥਿਤੀ ਬਾਰੇ ਜਾਣਕਾਰੀ ਦਿੰਦਾ ਰਹਿੰਦਾ ਹੈ। ਪ੍ਰੰਤੂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਰਾਸ਼ਟਰਪਤੀ ਨੂੰ ਕਦੀਂ ਵੀ ਰਾਸ਼ਟਰਪਤੀ ਭਵਨ ਜਾ ਕੇ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਨਹੀਂ ਦਿੱਤੀ। ਇਥੋਂ ਤੱਕ ਕਿ ਕਦੀਂ ਕੋਈ ਮੰਤਰੀ ਵੀ ਨਹੀਂ ਭੇਜਿਆ। ਇਸ ਦੇ ਉਲਟ ਇਕ ਕੇਂਦਰੀ ਮੰਤਰੀ ਰਾਸ਼ਟਰਪਤੀ ਬਾਰੇ ਗ਼ਲਤ ਬਿਆਨੀ ਕਰਦਾ ਰਿਹਾ। ਹਾਲਾਂਕਿ ਰਾਜੀਵ ਗਾਂਧੀ ਨੂੰ ਪਤਾ ਸੀ ਕਿ ਰਾਸ਼ਟਰਪਤੀ ਕੋਲ ਅਸੀਮ ਸ਼ਕਤੀਆਂ ਹਨ। ਦੋਹਾਂ ਦਰਮਿਆਨ ਸੰਬੰਧ ਐਸੇ ਵਿਗੜੇ ਕਿ ਜਦੋਂ 1986 ਵਿਚ ਸੰਵਿਧਾਨ ਦੀ ਧਾਰਾ 74 ਵਿਚ ਤਬਦੀਲੀ ਕਰਕੇ ਸੰਵਿਧਾਨ ਸੋਧ ਬਿਲ 42 ਅਤੇ 44 ਕੇਂਦਰ ਸਰਕਾਰ ਨੇ ਦੋਹਾਂ ਸਦਨਾਂ ਵਿਚ 'ਪੋਸਟਲ ਬਿਲ' ਜਿਸ ਵਿਚ ਡਾਕ ਖੋਲ੍ਹ ਕੇ ਪੜ੍ਹਨ ਦਾ ਅਧਿਕਾਰ ਸਰਕਾਰ ਨੂੰ ਦੇਣਾ ਸੀ, ਪਾਸ ਕਰਕੇ ਰਾਸ਼ਟਰਪਤੀ ਕੋਲ ਪ੍ਰਵਾਨਗੀ ਲਈ ਭੇਜਿਆ, ਤਾਂ ਗਿਆਨੀ ਜ਼ੈਲ ਸਿੰਘ ਨੇ ਪ੍ਰਵਾਨ ਤਾਂ ਕੀ ਕਰਨਾ ਸੀ, ਬਿਲ ਵਾਪਸ ਵੀ ਨਹੀਂ ਕੀਤਾ ਸੀ। ਮੁੜਕੇ ਉਹ ਬਿਲ ਕਾਨੂੰਨ ਹੀ ਨਹੀਂ ਬਣ ਸਕਿਆ। ਬਲਿਊ ਸਟਾਰ ਅਪ੍ਰੇਸ਼ਨ ਤੋਂ ਬਾਅਦ ਦੂਜਾ ਗਿਆਨੀ ਜ਼ੈਲ ਸਿੰਘ ਦਾ ਸਖ਼ਤ ਕਦਮ ਇਹ ਸੀ ਕਿ 1983 ਵਿਚ ਆਂਧਰਾ ਪ੍ਰਦੇਸ਼ ਵਿਧਾਨ ਸਭਾ ਚੋਣ ਵਿਚ ਤੇਲਗੂ ਦੇਸ਼ਮ ਪਾਰਟੀ ਦੇ ਐੱਨ.ਟੀ. ਰਾਮਾ.ਰਾਓ ਕਾਂਗਰਸ ਪਾਰਟੀ ਨੂੰ ਹਰਾ ਕੇ ਭਾਰੀ ਬਹੁਮਤ ਨਾਲ ਜਿੱਤਕੇ ਮੁੱਖ ਮੰਤਰੀ ਬਣ ਗਏ ਸੀ। ਉਸ ਤੋਂ ਕਾਫੀ ਸਮਾਂ ਬਾਅਦ ਉਹ ਅਮਰੀਕਾ ਵਿਚ ਇਲਾਜ ਕਰਵਾਉਣ ਲਈ ਚਲੇ ਗਏ। ਕਾਂਗਰਸ ਪਾਰਟੀ ਨੇ ਰਾਜਪਾਲ ਰਾਮ ਲਾਲ ਠਾਕੁਰ 'ਤੇ ਪ੍ਰਭਾਵ ਪਾ ਕੇ ਰਾਮਾਰਾਓ ਮੰਤਰੀ ਮੰਡਲ ਦੇ ਵਿੱਤ ਮੰਤਰੀ ਐੱਨ.ਭਾਸਕਰ ਰਾਓ ਨੂੰ ਮੁੱਖ ਮੰਤਰੀ ਦੀ ਸਹੁੰ ਚੁਕਵਾ ਦਿੱਤੀ। ਐੱਨ.ਟੀ. ਰਾਮਾਰਾਓ ਜਦੋਂ ਇਲਾਜ ਕਰਵਾ ਕੇ ਵਾਪਸ ਆਏ ਤਾਂ ਉਹ ਇਸ ਸੰਵਿਧਾਨਿਕ ਧੱਕੇ ਦੇ ਵਿਰੁੱਧ ਗਿਆਨੀ ਜ਼ੈਲ ਸਿੰਘ ਕੋਲ 160 ਵਿਧਾਇਕ ਲੈ ਕੇ ਰਾਸ਼ਟਰਪਤੀ ਭਵਨ ਪਹੁੰਚ ਗਏ। ਰਾਸ਼ਟਰਪਤੀ ਦਫ਼ਤਰ ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਦਫਤਰ ਫ਼ੋਨ ਕਰਕੇ ਆਪਣਾ ਪ੍ਰਤੀਨਿਧ ਭੇਜਣ ਲਈ ਕਿਹਾ। ਪ੍ਰਧਾਨ ਮੰਤਰੀ ਦੇ ਪ੍ਰਤੀਨਿਧ ਦੇ ਸਾਹਮਣੇ ਸਾਰੇ ਵਿਧਾਨਕਾਰਾਂ ਦੀ ਪਰੇਡ ਹੋਈ ਅਤੇ ਸ਼ਨਾਖ਼ਤੀ ਕਾਰਡ ਵਿਖਾਏ ਗਏ। ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਲਿਖਕੇ ਭੇਜ ਦਿੱਤਾ ਕਿ ਰਾਜਪਾਲ ਆਪਣਾ ਫ਼ੈਸਲਾ ਬਦਲ ਦਵੇ। ਰਾਜਪਾਲ ਨੇ ਆਪਣਾ ਫ਼ੈਸਲਾ ਬਦਲਕੇ ਐੱਨ.ਟੀ. ਰਾਮਾਰਾਓ ਨੂੰ ਦੁਬਾਰਾ ਮੁੱਖ ਮੰਤਰੀ ਦੀ ਸਹੁੰ ਚੁਕਵਾਈ। ਗਿਆਨੀ ਜ਼ੈਲ ਸਿੰਘ ਨੇ ਰਾਜਪਾਲ ਨੂੰ ਬਰਖਾਸਤ ਕਰਨ ਦੇ ਹੁਕਮ ਵੀ ਕਰ ਦਿੱਤੇ। ਨਵਾਂ ਰਾਜਪਾਲ ਏ.ਪੀ. ਕੁਮੁਦਬੇਨ.ਜੋਸ਼ੀ ਨੂੰ ਹਦਾਇਤਾਂ ਦਿੱਤੀਆਂ ਗਈਆਂ ਕਿ ਉਹ ਰਾਜ ਦੀ ਸਿਆਸਤ ਵਿਚ ਦਖ਼ਲਅੰਦਾਜ਼ੀ ਨਾ ਕਰੇ। ਸ਼੍ਰੀਮਤੀ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਲੋਕ ਸਭਾ ਦੀਆਂ ਆਮ ਚੋਣਾ ਹੋਈਆਂ। ਕਾਂਗਰਸ ਪਾਰਟੀ ਨੂੰ 400 ਤੋਂ ਵਧੇਰੇ ਸੀਟਾਂ 'ਤੇ ਜਿੱਤ ਪ੍ਰਾਪਤ ਹੋਈ, ਜਿਸਨੇ ਰਾਸ਼ਟਰਪਤੀ ਨਾਲ ਸੰਬੰਧਾਂ ਵਿਚ ਹੋਰ ਖਟਾਸ ਵਧਾ ਦਿੱਤੀ।

ਇਸ ਤੋਂ ਬਾਅਦ ਰਾਜੀਵ ਗਾਂਧੀ ਸਰਕਾਰ ਨੇ ਗਿਆਨੀ ਜ਼ੈਲ ਸਿੰਘ ਨੂੰ ਵਿਦੇਸ਼ ਦੌਰਿਆਂ 'ਤੇ ਭੇਜਣ ਦੀ ਥਾਂ ਉਪ ਰਾਸ਼ਟਰਪਤੀ ਆਰ.ਵੈਂਕਟਾਰਤਨਮ ਨੂੰ ਭੇਜਣਾ ਸ਼ੁਰੂ ਕਰ ਦਿੱਤਾ। ਗਿਆਨੀ ਜ਼ੈਲ ਸਿੰਘ ਆਪਣੀ 5 ਸਾਲ 1982-87 ਦੀ ਟਰਮ ਵਿਚ ਸਿਰਫ 4 ਦੇਸ਼ਾਂ ਦੇ ਦੌਰੇ 'ਤੇ ਗਏ ਸਨ। ਰਾਸ਼ਟਰਪਤੀ ਨੂੰ ਕੀਤੀ ਜਾਂਦੀ ਰਵਾਇਤੀ ਬਰੀਫਿੰਗ ਬੰਦ ਕਰ ਦਿੱਤੀ। ਰਾਸ਼ਟਰਪਤੀ ਭਵਨ ਵਿਚ ਜਿਹੜੇ ਦਰਬਾਰ ਹੁੰਦੇ ਸਨ, ਉਹ ਬੰਦ ਕਰਵਾ ਦਿੱਤੇ ਗਏ। ਰਾਸ਼ਟਰਪਤੀ ਭਵਨ ਦੇ ਸਾਰੇ ਟੈਲੀਫ਼ੋਨ ਦੀ ਟੇਪਿੰਗ ਸ਼ੁਰੂ ਕਰ ਦਿੱਤੀ ਗਈ। ਰਾਸ਼ਟਰਪਤੀ ਨੂੰ ਮਿਲਣ ਵਾਲੇ ਸਾਰੇ ਵਿਅਕਤੀਆਂ 'ਤੇ ਨਜ਼ਰਸਾਨੀ ਕੀਤੀ ਜਾਣ ਲੱਗ ਪਈ। ਜਦੋਂ ਗਿਆਨੀ ਜੀ ਨੇ ਕਿਸੇ ਨਾਲ ਗੱਲ ਕਰਨੀ ਹੁੰਦੀ, ਤਾਂ ਮੁਗਲ ਗਾਰਡਨ ਵਿਚ ਸੈਰ ਕਰਦਿਆਂ ਗੱਲ ਕਰਦੇ ਸਨ ਕਿਉਂਕਿ ਕਮਰਿਆਂ ਵਿਚ ਅਜਿਹੇ ਯੰਤਰ ਲਗਾਏ ਸਨ, ਜਿਨ੍ਹਾਂ ਰਾਹੀਂ ਗੱਲਬਾਤ ਸੁਣੀ ਜਾਂਦੀ ਸੀ। ਗਿਆਨੀ ਜੀ ਨੇ ਇਕ ਵਿਜ਼ਟਰ ਨੂੰ ਇਸ ਨਜ਼ਰਸਾਨੀ ਬਾਰੇ ਪਾਕਿਸਤਾਨ ਦੇ ਇਕ ਸ਼ਾਇਰ ਉਸਤਾਦ ਦਾਮਨ ਦਾ ਸ਼ਿਅਰ ਵਿਅੰਗ ਨਾਲ ਸੁਣਾਇਆ ਸੀ:-

"ਅੰਦਰ ਮੌਜਾਂ ਹੀ ਮੌਜਾਂ, ਬਾਹਰ ਫ਼ੌਜਾਂ ਹੀ ਫ਼ੌਜਾਂ"

ਇਥੋਂ ਤੱਕ ਕਿ ਚੀਫ਼ ਆਫ਼ ਆਰਮੀ ਸਟਾਫ ਕੇ ਸੁੰਦਰਜੀ ਰਾਸ਼ਟਰਪਤੀ ਨੂੰ ਕਮਾਂਡਰ ਇਨ ਚੀਫ ਲਿਖਣ ਦੀ ਥਾਂ ਡੀਅਰ ਪ੍ਰੈਜ਼ੀਡੈਂਟ ਲਿਖਣ ਲੱਗ ਪਏ। ਗਿਆਨੀ ਜ਼ੈਲ ਸਿੰਘ ਇਕ ਕਿਸਮ ਨਾਲ 'ਪਿੰਜਰੇ ਵਿਚ ਤੋਤਾ' ਬਣਕੇ ਰਹਿ ਗਏ।

ਦੂਜੇ ਪਾਸੇ ਅਕਾਲ ਤਖ਼ਤ ਸਾਹਿਬ ਤੋਂ ਗਿਆਨੀ ਜ਼ੈਲ ਸਿੰਘ ਨੂੰ ਕਾਰਨ ਦੱਸੋ ਨੋਟਿਸ ਦਿੱਤਾ ਗਿਆ ਕਿ ਹਰਿਮੰਦਰ ਸਾਹਿਬ ਵਿਚ ਫ਼ੌਜਾਂ ਭੇਜਣ ਲਈ ਤੁਹਾਨੂੰ ਸਿੱਖ ਪੰਥ ਵਿਚੋਂ ਕਿਉਂ ਨਾ ਕੱਢਿਆ ਜਾਵੇ? ਗਿਆਨੀ ਜ਼ੈਲ ਸਿੰਘ ਨੇ ਆਪਣੇ ਪ੍ਰੈੱਸ ਸਕੱਤਰ ਤਰਲੋਚਨ ਸਿੰਘ ਰਾਹੀਂ ਜਵਾਬ ਭੇਜਕੇ ਜਥੇਦਾਰ ਸਾਹਿਬਾਨ ਨੂੰ ਸੰਤੁਸ਼ਟ ਕਰਵਾਇਆ, ਜਿਸ ਕਰਕੇ ਪੰਥ ਵਿਚੋਂ ਛੇਕਣ ਦੀ ਸਮੱਸਿਆ ਖ਼ਤਮ ਹੋਈ। ਗਿਆਨੀ ਜ਼ੈਲ ਸਿੰਘ ਨੇ ਆਪਣੇ ਹਮਦਰਦਾਂ ਨੂੰ ਦੱਸਿਆ ਸੀ ਕਿ ਜੇਕਰ ਉਹ ਅਸਤੀਫ਼ਾ ਦੇ ਦਿੰਦੇ, ਤਾਂ ਸਿੱਖਾਂ ਲਈ ਹੋਰ ਖ਼ਤਰਾ ਪੈਦਾ ਹੋ ਜਾਣਾ ਸੀ। ਹੋ ਸਕਦਾ ਘੁਮੰਡੀ ਸਰਕਾਰ ਹੋਰ ਕਤਲੇਆਮ ਕਰਵਾ ਦਿੰਦੀ ਕਿਉਂਕਿ ਬਹੁਤ ਸਾਰੇ ਸਿੱਖ ਪੰਜਾਬ ਤੋਂ ਬਾਹਰ ਰਹਿੰਦੇ ਹਨ ਅਤੇ ਉਨ੍ਹਾਂ ਦੇ ਕਾਰੋਬਾਰ ਵੀ ਖ਼ਤਮ ਹੋ ਜਾਂਦੇ।

# ਕਿਤਾਬਾਂ ਪੜ੍ਹਨ ਦੇ ਲਾਭ

ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ, ਮਲੋਟ, ਪੰਜਾਬ
(Punjab Mail USA)





ਅਸੀਂ ਸਾਰਿਆਂ ਨੇ ਬਚਪਨ ਵਿਚ ਕਿਤਾਬਾਂ ਪੜ੍ਹੀਆਂ ਹਨ, ਕਿਤਾਬਾਂ ਸਾਡੀ ਜ਼ਿੰਦਗੀ ਦਾ ਬਹੁਤ ਮਹੱਤਵਪੂਰਨ ਹਿੱਸਾ ਹਨ। ਕਿਤਾਬ ਪੜ੍ਹ ਕੇ ਨਾ ਸਿਰਫ਼ ਗਿਆਨ ਪ੍ਰਾਪਤ ਹੁੰਦਾ ਹੈ, ਸਗੋਂ ਇਹ ਸਾਡੇ ਮਾਨਸਿਕ ਵਿਕਾਸ ਵਿਚ ਵੀ ਸਹਾਈ ਹੁੰਦਾ ਹੈ। ਪੁਰਾਣੇ ਸਮਿਆਂ ਤੋਂ ਹੀ ਕਿਤਾਬਾਂ ਚਲਦੀਆਂ ਆ ਰਹੀਆਂ ਹਨ, ਪੁਰਾਣੇ ਸਮਿਆਂ ਵਿਚ ਜੋ ਵੀ ਗੱਲਾਂ ਲਿਖੀਆਂ ਗਈਆਂ ਸਨ, ਉਹ ਸਭ ਅੱਜ ਦੇ ਸਮੇਂ ਵਿਚ ਇਤਿਹਾਸ ਦਾ ਰੂਪ ਦੇ ਚੁੱਕੀਆਂ ਹਨ। ਇੰਨਾ ਹੀ ਨਹੀਂ, ਕੁਝ ਲੋਕਾਂ ਨੂੰ ਇਹ ਵੀ ਮੰਨਣਾ ਪੈਂਦਾ ਹੈ ਕਿ ਕਿਤਾਬਾਂ ਦੀ ਆਪਣੀ ਵੱਖਰੀ ਦੁਨੀਆਂ ਹੁੰਦੀ ਹੈ। ਕਿਤਾਬਾਂ ਨੂੰ ਪੜ੍ਹਨ ਦੇ ਬਹੁਤ ਸਾਰੇ ਫਾਇਦੇ ਹੁੰਦੇ ਹਨ ਅਤੇ ਬਹੁਤ ਸਾਰੀਆਂ ਨਵੀਆਂ ਚੀਜ਼ਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇੰਨਾ ਹੀ ਨਹੀਂ, ਕਿਤਾਬਾਂ ਦੀ ਮਦਦ ਨਾਲ ਅਸੀਂ ਕਈ ਚੀਜ਼ਾਂ ਵੀ ਸਿੱਖ ਸਕਦੇ ਹਾਂ। ਜੋ ਗਿਆਨ ਅਸੀਂ ਬਚਪਨ ਵਿਚ ਸਕੂਲਾਂ ਵਿਚ ਪੜ੍ਹਿਆ ਸੀ ਅਤੇ ਜੋ ਅੱਜ ਸਾਡੇ ਲਈ ਬਹੁਤ ਲਾਭਦਾਇਕ ਹੈ, ਉਹ ਗਿਆਨ ਵੀ ਸਾਨੂੰ ਕਿਤਾਬਾਂ ਰਾਹੀਂ ਹੀ ਮਿਲਿਆ ਹੈ। ਕਿਤਾਬਾਂ ਪੜ੍ਹਨ ਦੇ ਲਾਭ ਕਿਤਾਬਾਂ ਪੜ੍ਹਨ ਦੇ ਅਜਿਹੇ ਫਾਇਦੇ ਹਨ, ਜਿਨ੍ਹਾਂ ਬਾਰੇ ਅੱਜ ਅਸੀਂ ਤੁਹਾਨੂੰ ਇਸ ਆਰਟੀਕਲ ਦੇ ਜ਼ਰੀਏ ਕਿਤਾਬਾਂ ਪੜ੍ਹਨ ਦੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ, ਤਾਂ ਜੇਕਰ ਤੁਹਾਨੂੰ ਵੀ ਇਸ ਤਰ੍ਹਾਂ ਦੀ ਜਾਣਕਾਰੀ ਮਿਲਦੀ ਹੈ। ਜੇਕਰ ਤੁਸੀਂ ਅਜਿਹਾ ਕਰਨਾ ਚਾਹੁੰਦੇ ਹੋ, ਤਾਂ ਇਸਦੇ ਲਈ ਤੁਹਾਨੂੰ ਇਸ ਲੇਖ ਨੂੰ ਅੰਤ ਤੱਕ ਪੜ੍ਹਨਾ ਹੋਵੇਗਾ, ਤਾਂ ਹੀ ਤੁਸੀਂ ਇਸ ਨਾਲ ਜੁੜੀ ਜਾਣਕਾਰੀ ਪ੍ਰਾਪਤ ਕਰ ਸਕੋਗੇ। ਕਿਤਾਬਾਂ ਪੜ੍ਹਨ ਦੇ ਲਾਭ ਜਿਵੇਂ ਕਿ ਤੁਸੀਂ ਸਾਰੇ ਜਾਣਦੇ ਹੋ ਕਿ ਕਿਤਾਬਾਂ ਸਾਡੇ ਸਾਰਿਆਂ ਲਈ ਕਿੰਨੀਆਂ ਮਹੱਤਵਪੂਰਨ ਹਨ ਅਤੇ ਇਨ੍ਹਾਂ ਨੂੰ ਪੜ੍ਹਣ ਨਾਲ ਸਾਡਾ ਕੋਈ ਨੁਕਸਾਨ ਨਹੀਂ ਹੁੰਦਾ, ਅਸੀਂ ਸਾਰੇ ਇਨ੍ਹਾਂ ਨੂੰ ਪੜ੍ਹ ਕੇ ਬਹੁਤ ਸਾਰੇ ਲਾਭ ਪ੍ਰਾਪਤ ਕਰਦੇ ਹਾਂ ਅਤੇ ਵੱਖ-ਵੱਖ ਅਤੇ ਨਵੀਆਂ ਚੀਜ਼ਾਂ ਬਾਰੇ ਸਿੱਖਦੇ ਹਾਂ। ਸਾਰੇ ਲੋਕ ਵੱਖ-ਵੱਖ ਤਰ੍ਹਾਂ ਦੀਆਂ ਕਿਤਾਬਾਂ ਪਸੰਦ ਕਰਦੇ ਹਨ ਜਿਵੇਂ ਕਿ ਕੁਝ ਕਹਾਣੀਆਂ ਦੀਆਂ ਕਿਤਾਬਾਂ ਪੜ੍ਹਨਾ ਪਸੰਦ ਕਰਦੇ ਹਨ। ਮੈਨੂੰ ਇਤਿਹਾਸਕ ਕਿਤਾਬਾਂ ਪੜ੍ਹਨ ਦਾ ਸ਼ੌਕ ਹੈ, ਕੁਝ ਡਰਾਉਣੀਆਂ ਕਹਾਣੀਆਂ ਦੀਆਂ ਕਿਤਾਬਾਂ ਪੜ੍ਹਨਾ ਪਸੰਦ ਹੈ, ਹਰ ਕਿਸੇ ਦੀ ਆਪਣੀ ਪਸੰਦ ਹੈ। ਕਿਤਾਬ ਕੋਈ ਵੀ ਹੋਵੇ, ਇਸ ਨੂੰ ਪੜ੍ਹੋ, ਇਸ ਦੇ ਬਹੁਤ ਸਾਰੇ ਫਾਇਦੇ ਹਨ, ਜਿਸ ਬਾਰੇ ਅਸੀਂ ਅੱਜ ਤੁਹਾਨੂੰ ਇਸ ਲੇਖ ਰਾਹੀਂ ਦੱਸਣ ਜਾ ਰਹੇ ਹਾਂ, ਇਸ ਲਈ ਕਿਰਪਾ ਕਰਕੇ ਧਿਆਨ ਨਾਲ ਪੜ੍ਹੋ।

**ਮਾਨਸਿਕ ਵਿਕਾਸ:** ਜੇਕਰ ਅਸੀਂ ਆਪਣੇ ਮਾਨਸਿਕ ਵਿਕਾਸ ਨੂੰ ਵਧਾਉਣਾ ਚਾਹੁੰਦੇ ਹਾਂ, ਤਾਂ ਉਸ ਲਈ ਸਾਨੂੰ ਸਾਰਿਆਂ ਨੂੰ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ ਕਿਉਂਕਿ ਕਿਤਾਬਾਂ ਪੜ੍ਹਨ ਨਾਲ ਬਹੁਤ ਸਾਰੇ ਫਾਇਦੇ ਹੁੰਦੇ ਹਨ, ਜਿਨ੍ਹਾਂ ਵਿਚੋਂ ਪਹਿਲਾ ਇਹ ਹੈ ਕਿ ਕਿਤਾਬਾਂ ਪੜ੍ਹਨ ਨਾਲ ਸਾਡਾ ਸਾਰਿਆਂ ਦਾ ਮਾਨਸਿਕ ਵਿਕਾਸ ਹੁੰਦਾ ਹੈ। ਕਿਉਂਕਿ ਜਦੋਂ ਅਸੀਂ ਕੋਈ ਕਿਤਾਬ ਪੜ੍ਹਦੇ ਹਾਂ, ਸਾਨੂੰ ਬਹੁਤ ਸਾਰੀਆਂ ਨਵੀਆਂ ਚੀਜ਼ਾਂ ਬਾਰੇ ਪਤਾ ਲੱਗਦਾ ਹੈ, ਜਿਸ ਨਾਲ ਸਾਨੂੰ ਨਵੀਆਂ ਚੀਜ਼ਾਂ ਦਾ ਗਿਆਨ ਮਿਲਦਾ ਹੈ ਅਤੇ ਇਸ ਨਾਲ ਸਾਡਾ ਮਾਨਸਿਕ ਵਿਕਾਸ ਵੀ ਹੁੰਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਜਦੋਂ ਵੀ ਅਸੀਂ ਕੋਈ ਵੀ ਕਿਤਾਬ ਪੜ੍ਹਦੇ ਹਾਂ, ਤਾਂ ਸਾਡਾ ਸਾਰਾ ਧਿਆਨ ਉਸ ਕਿਤਾਬ 'ਤੇ ਕੇਂਦਰਿਤ ਹੁੰਦਾ ਹੈ ਅਤੇ ਇਸ ਕਾਰਨ ਸਾਡੇ ਮਨ ਦੀ ਇਕਾਗਰਤਾ ਵਧ ਜਾਂਦੀ ਹੈ ਅਤੇ ਸਾਡਾ ਪੂਰਾ ਧਿਆਨ ਉਸ ਕਿਤਾਬ ਨੂੰ ਪੜ੍ਹਨ 'ਚ ਲੱਗ ਜਾਂਦਾ ਹੈ ਅਤੇ ਸਾਨੂੰ ਉਸ ਕਿਤਾਬ ਤੋਂ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਜਦੋਂ ਸਾਡਾ ਮਾਨਸਿਕ ਵਿਕਾਸ ਹੁੰਦਾ ਹੈ, ਤਾਂ ਸਾਨੂੰ ਸਾਡੇ ਵਰਗੇ ਬਹੁਤ ਸਾਰੇ ਫਾਇਦੇ ਮਿਲਦੇ ਹਨਮਨ ਵੀ ਤੰਦਰੁਸਤ ਰਹਿੰਦਾ ਹੈ ਅਤੇ ਆਪਣੇ ਮਨ ਦੀ ਸਿਹਤ ਨੂੰ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ। ਸੋ ਦੋਸਤੋ, ਸਾਨੂੰ ਸਾਰਿਆਂ ਨੂੰ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ, ਤਾਂ ਜੋ ਸਾਡਾ ਮਾਨਸਿਕ ਵਿਕਾਸ ਹੁੰਦਾ ਹੈ ਅਤੇ ਸਾਡੇ ਮਨ ਨੂੰ ਵੀ ਸ਼ਾਂਤੀ ਮਿਲਦੀ ਹੈ। ਜਿਸ ਤਰ੍ਹਾਂ ਲੋਕ ਆਪਣੇ ਸਰੀਰ ਨੂੰ ਸੁਧਾਰਨ ਲਈ ਕਸਰਤ ਅਤੇ ਯੋਗਾ ਕਰਦੇ ਹਨ, ਉਸੇ ਤਰ੍ਹਾਂ ਸਾਨੂੰ ਸਾਰਿਆਂ ਨੂੰ ਆਪਣੇ ਦਿਮਾਗ ਦੀ ਕਸਰਤ ਕਰਨੀ ਚਾਹੀਦੀ ਹੈ, ਤਾਂ ਜੋ ਇਹ ਹੋਰ ਵੀ ਮਜ਼ਬੂਤ ਹੋ ਸਕੇ ਅਤੇ ਦਿਮਾਗ ਦੀ ਕਸਰਤ ਕਰਨ ਲਈ ਸਭ ਤੋਂ ਵਧੀਆ ਚੀਜ਼ ਕਿਤਾਬ ਪੜ੍ਹਨਾ ਹੈ।

**ਤਣਾਅ ਤੋਂ ਬਚਾਅ:** ਤੁਸੀਂ ਸਾਰੇ ਜਾਣਦੇ ਹੋ ਕਿ ਅੱਜ ਦੇ ਸਮੇਂ ਵਿਚ ਹਰ ਵਿਅਕਤੀ ਕੋਲ ਕੋਈ ਨਾ ਕੋਈ ਚੀਜ਼ ਹੈ। ਹਰ ਚੀਜ਼ ਨੂੰ ਲੈ ਕੇ ਤਣਾਅ ਹੁੰਦਾ ਹੈ ਅਤੇ ਆਪਣੇ ਤਣਾਅ ਨੂੰ ਘੱਟ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਤਣਾਅ ਸਾਡੇ ਸਾਰਿਆਂ ਲਈ ਚੰਗੀ ਚੀਜ਼ ਨਹੀਂ ਹੈ, ਇਸ ਦਾ ਅਸਰ ਸਾਡੀ ਸਿਹਤ 'ਤੇ ਵੀ ਪੈਂਦਾ ਹੈ ਅਤੇ ਲੋਕ ਇਸ ਤਣਾਅ ਨੂੰ ਘੱਟ ਕਰਨ ਲਈ ਕੁਝ ਨਾ ਕੁਝ ਕਰਦੇ ਹਨ। ਲੋਕ ਆਪਣੇ ਤਣਾਅ ਨੂੰ ਘੱਟ ਕਰਨ ਲਈ ਕਿਤਾਬਾਂ ਪੜ੍ਹਦੇ ਹਨ। ਤੁਹਾਨੂੰ ਇਹ ਵੀ ਦੱਸ ਦੇਈਏ ਕਿ ਅਜਿਹਾ ਮੰਨਿਆ ਜਾਂਦਾ ਹੈ ਕਿ ਕਿਤਾਬ ਪੜ੍ਹਨਾ ਤੁਹਾਡੇ ਤਣਾਅ ਤੋਂ ਛੁਟਕਾਰਾ ਪਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ। ਇਕ ਰਿਸਰਚ ਮੁਤਾਬਕ ਇਹ ਵੀ ਦੱਸਿਆ ਗਿਆ ਹੈ ਕਿ 6 ਮਿੰਟ ਤੱਕ ਕਿਤਾਬ ਪੜ੍ਹਨ ਨਾਲ 68 ਫੀਸਦੀ ਤਣਾਅ ਘੱਟ ਹੋ ਜਾਂਦਾ ਹੈ। ਇਹ ਵਾਪਰਦਾ ਹੈ ਕਿਉਂਕਿ ਜਦੋਂ ਅਸੀਂ ਜਦੋਂ ਅਸੀਂ ਤਣਾਅ ਵਿਚ ਹੁੰਦੇ ਹਾਂ, ਤਾਂ ਸਾਡੇ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਜਿਸ ਕਾਰਨ ਅਸੀਂ ਤਣਾਅ ਵਿਚ ਰਹਿੰਦੇ ਹਾਂ, ਅਸੀਂ ਉਸ ਗੱਲ ਨੂੰ ਕੁਝ ਸਮੇਂ ਲਈ ਆਪਣੇ ਦਿਮਾਗ ਵਿਚੋਂ ਕੱਢ ਦੇਈਏ ਅਤੇ ਜਦੋਂ ਤੁਸੀਂ ਕੋਈ ਕਿਤਾਬ ਪੜ੍ਹਦੇ ਹੋ, ਤਾਂ ਤੁਹਾਡਾ ਸਾਰਾ ਧਿਆਨ ਉਸ ਕਿਤਾਬ 'ਤੇ ਹੁੰਦਾ ਹੈ ਅਤੇ ਤੁਸੀਂ ਰੁੱਝ ਜਾਂਦੇ ਹੋ। ਉਸ ਕਿਤਾਬ ਨੂੰ ਪੜ੍ਹਦੇ ਹੋਏ ਅਤੇ ਫਿਰ ਤੁਸੀਂ ਉਸ ਚੀਜ਼ ਨੂੰ ਭੁੱਲ ਜਾਂਦੇ ਹੋ, ਜੋ ਤੁਹਾਨੂੰ ਤਣਾਅ ਦਾ ਕਾਰਨ ਬਣ ਰਹੀ ਸੀ, ਇਸ ਲਈ ਕਿਹਾ ਜਾਂਦਾ ਹੈ ਕਿ ਤਣਾਅ ਤੋਂ ਛੁਟਕਾਰਾ ਪਾਉਣ ਲਈ ਕਿਤਾਬ ਪੜ੍ਹਨਾ ਸਭ ਤੋਂ ਵਧੀਆ ਚੀਜ਼ ਹੈ। ਇਸ ਲਈ ਜੇਕਰ ਤੁਹਾਨੂੰ ਵੀ ਕਦੇ ਤਣਾਅ ਹੈ, ਤਾਂ ਤੁਸੀਂ ਵੀ ਕਿਤਾਬ ਜ਼ਰੂਰ ਪੜ੍ਹੋ, ਇਸ ਨਾਲ ਤੁਹਾਡਾ ਤਣਾਅ ਵੀ ਘੱਟ ਹੋਵੇਗਾ।

**ਗਿਆਨ 'ਚ ਵਾਧਾ:** ਇਸ ਨਾਲ ਤੁਹਾਨੂੰ ਗਿਆਨ ਮਿਲੇਗਾ, ਇਸ ਲਈ ਹਰ ਵਿਅਕਤੀ ਨੂੰ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ, ਇਸ ਨਾਲ ਗਿਆਨ ਪ੍ਰਾਪਤ ਹੁੰਦਾ ਹੈ। ਗਿਆਨ ਸਾਡੇ ਸਾਰਿਆਂ ਲਈ ਬਹੁਤ ਮਹੱਤਵਪੂਰਨ ਚੀਜ਼ ਹੈ ਅਤੇ ਅਸੀਂ ਬਹੁਤ ਸਾਰੀਆਂ ਚੀਜ਼ਾਂ ਤੋਂ ਗਿਆਨ ਪ੍ਰਾਪਤ ਕਰ ਸਕਦੇ ਹਾਂ। ਕਿਤਾਬਾਂ ਗਿਆਨ ਪ੍ਰਾਪਤ ਕਰਨ ਦਾ ਸਭ ਤੋਂ ਵਧੀਆ ਸਾਧਨ ਹਨ। ਬਚਪਨ ਵਿਚ ਵੀ, ਜਦੋਂ ਸਾਨੂੰ ਸਭ ਨੂੰ ਸਕੂਲ ਵਿਚ ਕਿਤਾਬਾਂ ਰਾਹੀਂ ਹੀ ਗਿਆਨ ਮਿਲਦਾ ਹੈ। ਅਰਥਾਤ ਪੁਸਤਕਾਂ ਨੂੰ ਗਿਆਨ ਪ੍ਰਾਪਤੀ ਦਾ ਮੁੱਖ ਸਾਧਨ ਮੰਨਿਆ ਜਾਂਦਾ ਹੈ। ਜਿੰਨੀਆਂ ਜ਼ਿਆਦਾ ਕਿਤਾਬਾਂ ਤੁਸੀਂ ਪੜ੍ਹੋਗੇ, ਓਨਾ ਹੀ ਜ਼ਿਆਦਾ ਗਿਆਨ ਪ੍ਰਾਪਤ ਹੋਵੇਗਾ ਅਤੇ ਤੁਸੀਂ ਇਹ ਸਭ ਜਾਣਦੇ ਹੋ। ਗਿਆਨ ਦੇ ਇੰਨੇ ਫਾਇਦੇ ਹਨ ਕਿ ਜਿੰਨਾ ਜ਼ਿਆਦਾ ਗਿਆਨ ਤੁਹਾਡੇ ਕੋਲ ਹੋਵੇਗਾ, ਤੁਸੀਂ ਆਪਣੇ ਜੀਵਨ ਵਿਚ ਓਨੇ ਹੀ ਸਫਲ ਹੋਵੋਗੇ। ਇਸ ਬਾਰੇ ਇੱਕ ਕਹਾਵਤ ਇਹ ਵੀ ਹੈ ਕਿ ਕੋਈ ਵੀ ਵਿਅਕਤੀ ਤੁਹਾਡਾ ਪੈਸਾ ਚੋਰੀ ਕਰ ਸਕਦਾ ਹੈ, ਤੁਹਾਡੀ ਜਾਇਦਾਦ ਲੈ ਸਕਦਾ ਹੈ ਪਰ ਕੋਈ ਵੀ ਵਿਅਕਤੀ ਤੁਹਾਡੇ ਤੋਂ ਤੁਹਾਡਾ ਗਿਆਨ ਨਹੀਂ ਖੋਹ ਸਕਦਾ। ਇੰਨਾ ਹੀ ਨਹੀਂ, ਅਸੀਂ ਤੁਹਾਨੂੰ ਇਕ ਜ਼ਰੂਰੀ ਗੱਲ ਇਹ ਵੀ ਦੱਸ ਦੇਈਏ ਕਿ ਤੁਹਾਡੀ ਕੋਈ ਵੀ ਚੀਜ਼ ਜਿਵੇਂ ਪੈਸਾ, ਕਾਰ, ਸ਼ੋਹਰਤ ਆਦਿ ਸ਼ੇਅਰ ਕਰਨ ਨਾਲ ਘਟਦੀ ਹੈ ਪਰ ਗਿਆਨ ਹੀ ਅਜਿਹੀ ਚੀਜ਼ ਹੈ, ਜੋ ਸ਼ੇਅਰ ਕਰਨ ਨਾਲ ਵਧਦੀ ਹੈ। ਸੋ ਦੋਸਤੋ, ਇਸ ਲਈ ਹਰ ਵਿਅਕਤੀ ਲਈ ਗਿਆਨ ਪ੍ਰਾਪਤ ਕਰਨਾ ਬਹੁਤ ਜ਼ਰੂਰੀ ਹੈ। ਇਹ ਜ਼ਰੂਰੀ ਹੈ। ਇਸੇ ਲਈ ਸਾਨੂੰ ਸਭ ਨੂੰ ਸਕੂਲ ਵਿਚ ਕਿਤਾਬਾਂ ਰਾਹੀਂ ਪੜ੍ਹਾਇਆ ਜਾਂਦਾ ਹੈ। ਸੋ ਦੋਸਤੋ, ਇਸ ਲਈ ਹਰ ਵਿਅਕਤੀ ਨੂੰ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ ਕਿਉਂਕਿ ਕਿਤਾਬ ਦੀ ਮਦਦ ਨਾਲ ਹੀ ਅਸੀਂ ਸਾਰੇ ਗਿਆਨ ਪ੍ਰਾਪਤ ਕਰਦੇ ਹਾਂ।

**ਤਿੱਖੀ ਮੈਮੋਰੀ:** ਕਿਤਾਬਾਂ ਪੜ੍ਹਨ ਦਾ ਇੱਕ ਫਾਇਦਾ ਇਹ ਹੈ ਕਿ ਕਿਤਾਬਾਂ ਪੜ੍ਹਨ ਨਾਲ ਯਾਦਦਾਸ਼ਤ ਵੀ ਤੇਜ਼ ਹੁੰਦੀ ਹੈ। ਤੁਸੀਂ ਸਾਰੇ ਜਾਣਦੇ ਹੋ ਕਿ ਜੇਕਰ ਕੋਈ ਵੀ ਵਿਅਕਤੀ ਟੀ.ਵੀ. ਦੇਖਦਾ ਹੈ, ਗੀਤ ਸੁਣਦਾ ਹੈ ਜਾਂ ਰੇਡੀਓ ਸੁਣਦਾ ਹੈ, ਤਾਂ ਉਹ ਕਈ ਵਾਰ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਬੋਰ ਹੋ ਜਾਂਦਾ ਹੈ। ਇਹ ਸਭ ਕੁਝ ਕਰਨ ਨਾਲ ਸਾਡੇ ਮਨ ਦੀ ਰਚਨਾਤਮਕਤਾ ਵੀ ਵਧਦੀ ਹੈ। ਇਹ ਘਟਦਾ ਰਹਿੰਦਾ ਹੈ। ਪਰ ਜੇਕਰ ਕੋਈ ਵੀ ਵਿਅਕਤੀ ਕਿਤਾਬ ਪੜ੍ਹਦਾ ਹੈ, ਤਾਂ ਉਸ ਦੀ ਬੁੱਧੀ ਤਿੱਖੀ ਹੋ ਜਾਂਦੀ ਹੈ ਅਤੇ ਉਸ ਨੂੰ ਇਸ ਬਾਰੇ ਬਹੁਤ ਸਾਰੀ ਜਾਣਕਾਰੀ ਮਿਲਦੀ ਹੈ। ਕਿਤਾਬਾਂ ਪੜ੍ਹਨ ਨਾਲ ਮਨ ਦੀ ਸਥਿਰਤਾ ਬਣੀ ਰਹਿੰਦੀ ਹੈ ਅਤੇ ਇਹ ਸਾਡੀ ਯਾਦਾਸ਼ਤ ਨੂੰ ਵੀ ਤੇਜ਼ ਕਰਦੀ ਹੈ। ਜੇਕਰ ਤੁਹਾਨੂੰ ਸਮਝ ਨਹੀਂ ਆਈ, ਤਾਂ ਅਸੀਂ ਤੁਹਾਨੂੰ ਇੱਥੇ ਇਸਦੀ ਉਦਾਹਰਣ ਵੀ ਦੱਸਾਂਗੇ। ਜੇਕਰ ਕੋਈ ਵਿਅਕਤੀ ਕਿਤਾਬ ਦੀ ਮਦਦ ਨਾਲ ਕੁਝ ਵੀ ਸਿੱਖਦਾ ਹੈ, ਮੰਨ ਲਓ ਕਿ ਜੇਕਰ ਤੁਸੀਂ ਕਿਤਾਬ ਦੀ ਮਦਦ ਨਾਲ ਖਾਣਾ ਬਣਾਉਣਾ ਸਿੱਖਦੇ ਹੋ, ਤਾਂ ਜਦੋਂ ਵੀ ਉਹ ਵਿਅਕਤੀ ਖਾਣਾ ਬਣਾਉਂਦਾ ਹੈ, ਤਾਂ ਉਸ ਵਿਅਕਤੀ ਦਾ ਮਨ ਆਪਣੇ ਆਪ ਉਸ ਚੀਜ਼ ਦੀਆਂ ਤਸਵੀਰਾਂ ਬਣਾਉਣ ਲੱਗ ਪੈਂਦਾ ਹੈ। ਉਹ ਚਿੰਤਤ ਹੋ ਜਾਂਦਾ ਹੈ ਅਤੇ ਉਹ ਯਾਦ ਕਰਦਾ ਰਹਿੰਦਾ ਹੈ ਕਿ ਕਿਸ ਕਦਮ ਤੋਂ ਬਾਅਦ ਕੀ ਕਰਨਾ ਹੈ। ਸੋ ਦੋਸਤੋ, ਇਸੇ ਲਈ ਹਰ ਕੋਈ ਮੰਨਦਾ ਹੈ ਕਿ ਕਿਤਾਬ ਪੜ੍ਹਨ ਦੇ ਬਹੁਤ ਸਾਰੇ ਫਾਇਦੇ ਹਨ ਅਤੇ ਇਹ ਤੁਹਾਡੀ ਯਾਦਦਾਸ਼ਤ ਨੂੰ ਵੀ ਤੇਜ਼ ਕਰਦਾ ਹੈ। ਇਸ ਲਈ ਹਰ ਵਿਅਕਤੀ ਨੂੰ ਪੁਸਤਕ ਪੜ੍ਹਨੀ ਚਾਹੀਦੀ ਹੈ, ਤਾਂ ਜੋ ਹਰ ਕੋਈ ਇਸ ਦਾ ਲਾਭ ਉਠਾ ਸਕੇ।

**ਫੋਕਸ ਅਤੇ ਇਕਾਗਰਤਾ ਵਿਚ ਵਾਧਾ:** ਅੱਜ ਦੇ ਸਮੇਂ ਵਿਚ ਹਰ ਵਿਅਕਤੀ ਦਾ ਮਨ ਵੱਖ-ਵੱਖ ਥਾਵਾਂ ਵੱਲ ਖਿੱਚਿਆ ਜਾਂਦਾ ਹੈ, ਅੱਜ ਦੇ ਸਮੇਂ ਵਿਚ, ਲਗਭਗ ਹਰ ਵਿਅਕਤੀ ਵਿਚ ਇੱਕ ਬੁਰੀ ਆਦਤ ਹੈ, ਯਾਨੀ ਹਰ ਵਿਅਕਤੀ ਹਰ 5-10 ਮਿੰਟਾਂ ਵਿਚ ਵਿਅਕਤੀ ਕੋਈ ਵੀ ਕੰਮ ਕਰ ਰਿਹਾ ਹੋਵੇ, ਉਸ ਨੂੰ ਆਪਣੇ ਮੋਬਾਈਲ ਨੂੰ ਵਿਚਕਾਰੋਂ ਇੱਕ ਵਾਰ ਜ਼ਰੂਰ ਖੋਲ੍ਹਣਾ ਚਾਹੁੰਦਾ ਹੈ ਅਤੇ ਉਸ ਵਿਚ ਬਹੁਤ ਸਾਰੀਆਂ ਚੀਜ਼ਾਂ ਦੀ ਜਾਂਚ ਕਰਨੀ ਚਾਹੁੰਦਾ ਹੈ ਕਿ ਉਸਨੂੰ ਕੋਈ ਸੁਨੇਹਾ ਆਇਆ ਹੈ ਜਾਂ ਨਹੀਂ, ਉਸਨੂੰ ਕੋਈ ਕਾਲ ਆਈ ਹੈ ਜਾਂ ਨਹੀਂ। ਇਹ ਸਾਰੀਆਂ ਚੀਜ਼ਾਂ ਸਾਨੂੰ ਦੱਸਦੀਆਂ ਹਨ ਕਿ ਸਾਡੇ ਵਿਚ ਧਿਆਨ ਅਤੇ ਇਕਾਗਰਤਾ ਦੀ ਕਮੀ ਹੈ। ਪਰ ਇਹ ਸਭ ਕੁਝ ਠੀਕ ਕੀਤਾ ਜਾ ਸਕਦਾ ਹੈ ਅਤੇ ਇਸ ਨੂੰ ਠੀਕ ਕਰਨ ਲਈ ਤੁਹਾਨੂੰ ਆਪਣਾ ਕੁਝ ਸਮਾਂ ਕਿਤਾਬਾਂ ਨੂੰ ਦੇਣਾ ਪਵੇਗਾ। ਕਿਤਾਬਾਂ ਪੜ੍ਹਨ ਦੇ ਫਾਇਦੇ ਇਹ ਵੀ ਹਨ ਕਿ ਕਿਤਾਬ ਪੜ੍ਹਨ ਨਾਲ ਇਕਾਗਰਤਾ ਅਤੇ ਫੋਕਸ ਦੋਵੇਂ ਵਧਦੇ ਹਨ, ਭਾਵ ਜਦੋਂ ਤੁਸੀਂ ਆਪਣੀ ਪਸੰਦ ਦੇ ਕਿਸੇ ਵੀ ਵਿਸ਼ੇ ਦਾ ਅਧਿਐਨ ਕਰਦੇ ਹੋ। ਜਦੋਂ ਤੁਸੀਂ ਉਸ ਦੀ ਪੁਸਤਕ ਬਾਰੇ ਪੜ੍ਹਦੇ ਹੋ, ਤਾਂ ਤੁਹਾਡਾ ਧਿਆਨ ਸਿਰਫ਼ ਉਸ ਵਿਚ ਹੀ ਰਹਿੰਦਾ ਹੈ ਅਤੇ ਤੁਹਾਡਾ ਧਿਆਨ ਕਿਧਰੇ ਨਹੀਂ ਭਟਕਦਾ। ਜਿਸ ਕਾਰਨ ਤੁਹਾਡੇ ਮਨ ਵਿਚ ਇਕਾਗਰਤਾ ਅਤੇ ਫੋਕਸ ਵਧਦਾ ਹੈ ਅਤੇ ਤੁਸੀਂ ਕੋਈ ਵੀ ਕੰਮ ਲਗਨ ਨਾਲ ਕਰ ਸਕਦੇ ਹੋ। ਇਹ ਵੀ ਮੰਨਿਆ ਜਾਂਦਾ ਹੈ ਕਿ ਦਿਨ ਵਿਚ ਸਿਰਫ਼ 20 ਮਿੰਟ ਇੱਕ ਕਿਤਾਬ ਪੜ੍ਹਨ ਨਾਲ ਤੁਹਾਡੀ ਇਕਾਗਰਤਾ ਅਤੇ ਫੋਕਸ ਵਧਦਾ ਹੈ। ਸੋ ਦੋਸਤੋ, ਇਸ ਲਈ ਹਰ ਕਿਸੇ ਨੂੰ ਕਿਤਾਬ ਜਰੂਰ ਪੜਨੀ ਚਾਹੀਦੀ ਹੈ।

**ਬਿਹਤਰ ਸੌਣ ਲਈ:** ਦੋਸਤੋ, ਤੁਹਾਨੂੰ ਸਾਰਿਆਂ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਹਰ ਚੀਜ਼ ਦੀ ਤਰ੍ਹਾਂ ਸਾਡੇ ਸਰੀਰ ਨੂੰ ਵੀ ਆਰਾਮ ਦੀ ਲੋੜ ਹੁੰਦੀ ਹੈ, ਜਿਸ ਦੀ ਸਾਨੂੰ ਸੌਣ ਦੀ ਲੋੜ ਹੁੰਦੀ ਹੈ। ਆਓ ਇਸ ਨੂੰ ਪ੍ਰਾਪਤ ਕਰੀਏ। ਕਈ ਲੋਕ ਇਹ ਵੀ ਸ਼ਿਕਾਇਤ ਕਰਦੇ ਹਨ ਕਿ ਉਨ੍ਹਾਂ ਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ। ਇਸ ਲਈ ਰਾਤ ਨੂੰ ਨੀਂਦ ਆਉਣ ਲਈ ਲੋਕ ਕਈ ਨੁਸਖੇ ਅਪਣਾਉਂਦੇ ਹਨ, ਤਾਂ ਜੋ ਉਨ੍ਹਾਂ ਨੂੰ ਨੀਂਦ ਆ ਸਕੇ, ਕੁਝ ਲੋਕ ਰਾਤ ਨੂੰ ਸੌਣ ਲਈ ਟੀ.ਵੀ. ਦੇਖਦੇ ਹਨ, ਕੁਝ ਗੀਤ ਸੁਣਦੇ ਹਨ ਅਤੇ ਕੁਝ ਲੋਕ ਅਜਿਹੇ ਵੀ ਹੁੰਦੇ ਹਨ, ਜੋ ਨੀਂਦ ਆਉਣ ਲਈ ਗੋਲੀਆਂ ਦਾ ਸਹਾਰਾ ਲੈਂਦੇ ਹਨ ਅਤੇ ਇਸ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਬਹੁਤ ਨੁਕਸਾਨਦੇਹ ਹਨ। ਤੁਸੀਂ ਸੌਣ ਲਈ ਇੱਕ ਕਿਤਾਬ ਪੜ੍ਹ ਸਕੋ। ਜੀ ਹਾਂ ਬਹੁਤ ਸਾਰੇ ਲੋਕ ਰਾਤ ਨੂੰ ਸੌਣ ਲਈ ਕਿਤਾਬ ਪੜ੍ਹਦੇ ਹਨ, ਤਾਂ ਕਿ ਉਨ੍ਹਾਂ ਨੂੰ ਚੰਗੀ ਨੀਂਦ ਆ ਸਕੇ। ਅਜਿਹਾ ਇਸ ਲਈ ਕਿਉਂਕਿ ਮੰਨਿਆ ਜਾਂਦਾ ਹੈ ਕਿ ਜੇਕਰ ਕੋਈ ਵਿਅਕਤੀ ਰਾਤ ਨੂੰ ਮੱਧਮ ਰੌਸ਼ਨੀ ਵਿਚ ਕੋਈ ਕਿਤਾਬ ਪੜ੍ਹਦਾ ਹੈ, ਤਾਂ ਉਹ ਬਹੁਤ ਜਲਦੀ ਸੌਂ ਜਾਂਦਾ ਹੈ ਕਿਉਂਕਿ ਜਦੋਂ ਤੁਸੀਂ ਕੋਈ ਕਿਤਾਬ ਪੜ੍ਹਦੇ ਹੋ, ਤਾਂ ਤੁਹਾਡਾ ਦਿਮਾਗ ਜਲਦੀ ਥੱਕ ਜਾਂਦਾ ਹੈ, ਜਿਸ ਕਾਰਨ ਤੁਸੀਂ ਜਲਦੀ ਸੌਂ ਜਾਂਦੇ ਹੋ। ਰਾਤ ਨੂੰ ਟੀ.ਵੀ. ਦੇਖਣ ਜਾਂ ਮੋਬਾਈਲ ਦੀ ਵਰਤੋਂ ਕਰਦੇ ਸਮੇਂ ਸੌਣ ਨਾਲੋਂ ਕਿਤਾਬ ਪੜ੍ਹਦਿਆਂ ਸੌਣਾ ਬਿਹਤਰ ਹੈ, ਕਿਉਂਕਿ ਇਸ ਨਾਲ ਤੁਹਾਨੂੰ ਲਾਭ ਮਿਲਦਾ ਹੈ, ਤੁਹਾਨੂੰ ਮਨ ਨੂੰ ਸ਼ਾਂਤੀ ਮਿਲਦੀ ਹੈ, ਤੁਹਾਨੂੰ ਗਿਆਨ ਵੀ ਮਿਲਦਾ ਹੈ ਅਤੇ ਤੁਹਾਨੂੰ ਜਲਦੀ ਨੀਂਦ ਵੀ ਆਉਂਦੀ ਹੈ। ਤਾਂ ਦੋਸਤੋ, ਇਸ ਲਈ ਤੁਸੀਂ ਰਾਤ ਨੂੰ ਸੌਂ ਸਕਦੇ ਹੋ। ਤੁਸੀਂ ਕਿਤਾਬ ਦੀ ਵਰਤੋਂ ਵੀ ਕਰ ਸਕਦੇ ਹੋ, ਤੁਹਾਨੂੰ ਇਸ ਤੋਂ ਬਹੁਤ ਸਾਰੇ ਫਾਇਦੇ ਮਿਲਣਗੇ।

# ਅਜੋਕੀ ਪੰਜਾਬੀ ਗਾਇਕੀ ਵਿਚ ਔਰਤ ਦਾ ਸਥਾਨ

-ਜਸਵੰਤ ਸਿੰਘ ਜੋਗਾ
ਪਿੰਡ ਤੇ ਡਾਕ :ਜੋਗਾ
ਫੋਨ : 62393-43306
(Punjab Mail USA)



ਜਿਸ ਔਰਤ ਨੂੰ ਗੁਰੂ ਨਾਨਕ ਪਾਤਸ਼ਾਹ ਜੀ ਨੇ "ਸੋ ਕਿਉ ਮੰਦਾ ਆਖਹਿ ਜਿਤੁ ਜੰਮਹਿ ਰਾਜਾਨ॥" ਜਿਹੇ ਸ਼ਬਦਾਂ ਨਾਲ ਨਿਵਾਜਿਆ, ਅੱਜ ਉਸੇ ਹੀ ਔਰਤ ਨੂੰ ਅਜੋਕੀ ਪੰਜਾਬੀ ਗਾਇਕੀ ਵਿਚ ਬਣਦਾ ਸਨਮਾਨ ਨਹੀਂ ਦਿੱਤਾ ਜਾ ਰਿਹਾ। ਅਜੋਕੀ ਪੰਜਾਬੀ ਗਾਇਕੀ ਵਿਚ ਔਰਤ ਦਾ ਜੋ ਸਥਾਨ ਹੈ, ਉਹ ਬਹੁਤ ਹੀ ਚਿੰਤਾਜਨਕ ਹੈ। ਜਿੱਥੇ ਹੀ ਅਜੋਕੀ ਪੰਜਾਬੀ ਗਾਇਕੀ ਵਿਚ ਮਰਦ ਕਲਾਕਾਰਾਂ ਤੇ ਗੀਤਕਾਰਾਂ ਦੁਆਰਾ ਭੰਡਿਆ ਜਾ ਰਿਹਾ ਹੈ, ਉੱਥੇ ਹੀ ਔਰਤ ਕਲਾਕਾਰਾਂ ਵੱਲੋਂ ਵੀ ਆਪਣੀ ਸ਼ਖਸੀਅਤ ਨੂੰ ਵਿਗਾੜਿਆ ਜਾ ਰਿਹਾ ਹੈ। ਅਜੋਕੀ ਪੰਜਾਬੀ ਵਿਚ ਬਹੁਤ ਘੱਟ ਗੀਤਕਾਰ ਤੇ ਕਲਾਕਾਰ ਹਨ, ਜੋ ਔਰਤ ਨੂੰ ਚੰਗਾ ਸਤਿਕਾਰ ਦੇ ਰਹੇ ਹਨ। ਜ਼ਿਆਦਾਤਰ ਅਜੋਕੇ ਪੰਜਾਬੀ ਗੀਤਾਂ ਦਾ ਵਿਸ਼ਾ ਵਸਤੂ ਔਰਤ ਵਿਰੋਧੀ ਹੀ ਹੁੰਦਾ ਹੈ। ਸਿਆਣਪ ਦੇ ਧਾਰਨੀ ਕਲਾਕਾਰਾਂ ਤੇ ਗੀਤਕਾਰਾਂ ਨੂੰ ਛੱਡ ਕੇ ਬਹੁਤਿਆਂ ਦਾ ਸਾਰਾ ਜ਼ੋਰ ਔਰਤ ਦਾ ਸ਼ੋਸ਼ਣ ਕਰਨ 'ਤੇ ਹੀ ਲੱਗ ਰਿਹਾ ਹੈ। ਕਈ ਵਾਰੀ ਤਾਂ ਸ਼ੋਸ਼ਣ ਕਰਨ ਦੀ ਹੱਦ, ਹੱਦਾਂ ਟੱਪ ਜਾਂਦੀ ਹੈ।

ਜ਼ਿਆਦਾਤਰ ਗੀਤਾਂ ਵਿਚ ਔਰਤ ਦੀ ਤੁਲਨਾ ਕਦੇ ਸ਼ਰਾਬ ਦੇ ਬਰਾਂਡਾਂ ਨਾਲ, ਕਦੇ ਸ਼ਰਾਬ ਦੀਆਂ ਬੋਤਲਾਂ ਨਾਲ, ਕਦੇ ਬੱਸਾਂ ਨਾਲ, ਕਦੇ ਦੋਨਾਲੀਆਂ ਨਾਲ, ਕਦੇ ਹਥਿਆਰਾਂ ਨਾਲ, ਕਦੇ ਅੱਗ ਨਾਲ, ਕਦੇ ਜਾਨਵਰਾਂ ਨਾਲ ਕੀਤੀ ਜਾਂਦੀ ਹੈ। ਕੋਈ ਕਹਿੰਦਾ ਹੈ "ਦੋ ਨਾਗ ਦੇ ਬੱਚੇ ਲਮਕਾ ਲਏ, ਕੁੜੀ ਨੇ ਗੋਰੇ ਮੁੱਖ 'ਤੇ", ਕੋਈ ਕਹਿੰਦਾ "ਹੋ ਦੇਖੋ ਸੜਕਾਂ 'ਤੇ ਅੱਗ ਤੁਰੀ ਜਾਂਦੀ ਆਂ, ਕੋਈ ਕਹਿੰਦਾ ਹੈ "ਪਊਏ ਜਿੱਡੇ ਕੱਦ ਵਾਲੀਏ, ਡੋਲ ਗਈ ਏ ਦੇਸੀ ਦਾ ਡਰੰਮ ਨੀ", ਕੋਈ ਕਹਿੰਦਾ ਹੈ "ਯਾਰੋ ਆਉਂਦੀਆਂ ਹੀ ਰਹਿਣੀਆਂ ਕੁੜੀਆਂ ਤੇ ਬੱਸਾਂ, ਕੋਈ ਕਹਿੰਦਾ ਹੈ "ਹੋਇਆ ਕੀ ਜੇ ਨੱਚਦੀ ਦੀ ਬਾਂਹ ਫੜ ਲਈ ਕੋਈ ਡਾਕਾ ਤਾਂ ਨਾ ਮਾਰਿਆ", ਆਦਿ ਜਿਹੇ ਗੀਤ ਆਮ ਹੀ ਗਾਏ ਤੇ ਫਿਲਮਾਏ ਜਾ ਰਹੇ ਹਨ। ਇੱਥੇ ਹੀ ਬੱਸ ਨਹੀਂ, ਅਜੋਕੀ ਪੰਜਾਬੀ ਗਾਇਕੀ ਵਿਚ ਔਰਤ ਦੇ ਹਰ ਅੰਗ 'ਤੇ ਕੁਮੈਂਟ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਆਪਣੇ ਆਪ ਨੂੰ ਸਟਾਰ ਕਹਾਉਣ ਵਾਲਾ ਦਲਜੀਤ ਦੁਸਾਂਝ ਵੀ ਗਾਉਂਦਾ ਹੈ ਕਿ "ਲੱਕ ਟਵੰਟੀ ਏਟ ਕੁੜੀ ਦਾ, ਫੋਰਟੀ ਸੈਵਨ ਵੇਟ ਕੁੜੀ ਦਾ"। ਸਮਝ ਨੀ ਆਉਂਦੀ ਸਾਡੇ ਸਮਾਜ ਨੇ ਅਜਿਹਾ ਲਿਖਣ ਤੇ ਗਾਉਣ ਵਾਲੇ ਕਲਾਕਾਰਾਂ ਨੂੰ ਸਿਰ 'ਤੇ ਕਿਉਂ ਚੜ੍ਹਾ ਰੱਖਿਆ? ਜਿੱਥੇ ਹੀ ਔਰਤ ਦੀ ਤੁਲਨਾ ਵੱਖ-ਵੱਖ ਚੀਜ਼ਾਂ ਨਾਲ ਕੀਤੀ ਜਾਂਦੀ ਹੈ, ਉੱਥੇ ਹੀ ਔਰਤ ਨੂੰ ਪੁਰਜਾ, ਪਟੋਲਾ, ਮਸ਼ੂਕ, ਗੋਰੀਏ, ਬੱਲੀਏ, ਨੱਢੀ ਆਦਿ ਜਿਹੇ ਨਾਂਵਾਂ ਨਾਲ ਪੁਕਾਰ ਕੇ ਜ਼ਲੀਲ ਕੀਤਾ ਜਾਂਦਾ ਹੈ।

ਅਫਸੋਸ ਕਿ ਐਨਾ ਗੰਦ ਪਾਉਣ ਵਾਲੇ ਗੀਤਕਾਰ ਤੇ ਕਲਾਕਾਰ ਅਜਿਹੇ ਗੀਤ ਲਿਖਣ ਤੇ ਗਾਉਣ ਨੂੰ ਮਾਂ ਬੋਲੀ ਦੀ ਸੇਵਾ ਦਾ ਨਾਂਅ ਦਿੰਦੇ ਹਨ। ਸੱਚ ਇਸ ਅਜਿਹੇ ਗੀਤਾਂ ਰਾਹੀਂ ਔਰਤ ਤੇ ਪੰਜਾਬੀ ਮਾਂ ਬੋਲੀ ਦੀ ਇੱਜ਼ਤ ਨੂੰ ਲੀਰੋ-ਲੀਰ ਕੀਤਾ ਜਾ ਰਿਹਾ ਹੈ।

ਅਜੋਕੀ ਪੰਜਾਬੀ ਗਾਇਕੀ ਵਿਚ ਔਰਤ ਦੇ ਹੱਕਾਂ ਤੇ ਔਰਤ 'ਤੇ ਹੋ ਰਹੇ ਅੱਤਿਆਚਾਰਾਂ ਦੀ ਗੱਲ ਕੋਈ ਟਾਂਵਾਂ ਗੀਤਕਾਰ ਤੇ ਕਲਾਕਾਰ ਹੀ ਕਰ ਰਿਹਾ ਹੈ। ਜ਼ਿਆਦਾਤਰ ਗੀਤਾਂ ਵਿਚ ਤਾਂ ਔਰਤ ਨੂੰ ਇਸ਼ਕ ਮਜਾਜੀ ਦੀ ਆੜ ਵਿਚ ਭੰਡਿਆ ਹੀ ਜਾ ਰਿਹਾ ਹੈ। ਜਿੱਥੇ ਮਰਦ ਕਲਾਕਾਰ ਔਰਤ ਦਾ ਸ਼ੋਸ਼ਣ ਗਾਇਕੀ ਰਾਹੀਂ ਕਰ ਰਹੇ ਹਨ, ਉਥੇ ਹੀ ਔਰਤ ਕਲਾਕਾਰਾਂ ਵੀ ਆਪਣੀ ਸ਼ਖਸੀਅਤ ਨੂੰ ਵਿਗਾੜ ਕੇ ਪੇਸ਼ ਕਰ ਰਹੀਆਂ ਹਨ। ਔਰਤ ਕਲਾਕਾਰਾਂ ਵੱਲੋਂ ਵੀ ਆਪਣੇ ਨਾਲ ਹੀ ਸੰਬੰਧਿਤ ਬੁਰਾਈਆਂ ਜਿਵੇਂ ਭਰੂਣ ਹੱਤਿਆ, ਦਹੇਜ ਪ੍ਰਥਾ, ਬਲਾਤਕਾਰਾਂ ਤੇ ਤੇਜ਼ਾਬੀ ਹਮਲਿਆਂ ਦੇ ਵਿਰੋਧ ਨੂੰ ਆਪਣੇ ਗੀਤਾਂ ਦਾ ਮੁੱਖ ਵਿਸ਼ਾ ਨਹੀਂ ਬਣਾਇਆ ਜਾ ਰਿਹਾ। ਅਜੋਕੀਆਂ ਗਾਇਕ ਕਲਾਕਾਰਾਂ ਵੱਲੋਂ ਜੇ ਅੱਜ ਗੀਤਾਂ ਰਾਹੀਂ ਜੇ ਕੁੱਝ ਸਿਖਾਇਆ ਜਾ ਰਿਹਾ ਹੈ, ਤਾਂ ਉਹ ਹੈ ਬਨੇਰਿਆਂ 'ਤੇ ਖੜ੍ਹ ਕੇ ਮਰਦਾਂ ਨੂੰ ਠੋਕਣਾ? ਤੇ ਸੱਪਾਂ ਨੂੰ ਡੰਗ ਮਾਰਨੇ ਸਿਖਾਉਣੇ? ਆਦਿ। ਜਿਵੇਂ ਮਰਦ ਕਲਾਕਾਰਾਂ ਦੁਆਰਾ ਔਰਤ ਨੂੰ ਗਲਤ ਨਾਂਵਾਂ ਨਾਲ ਪੁਕਾਰਿਆ ਜਾਂਦਾ ਹੈ, ਉੱਥੇ ਹੀ ਔਰਤ ਕਲਾਕਾਰਾਂ ਵੀ ਆਪਣੇ ਆਪ ਨੂੰ ਨਖਰੋ, ਮਜਾਜਾਂ ਪੱਟੀ, ਨਾਗ ਦੀ ਬੱਚੀ ਤੇ ਐਂਡ ਜੱਟੀ ਕਹਾਉਣ ਵਿਚ ਮਾਣ ਮਹਿਸੂਸ ਕੀਤਾ ਜਾ ਰਿਹਾ ਹੈ।

ਅਜੋਕੀ ਪੰਜਾਬੀ ਗਾਇਕੀ ਵਿਚ ਗੀਤਾਂ ਦੀ ਫਿਲਮਕਾਰੀ ਸਮੇਂ ਵੀ ਔਰਤ ਦੀ ਅਸ਼ਲੀਲਤਾ ਨੂੰ ਹੀ ਵੱਧ ਤੋਂ ਵੱਧ ਪਰੋਸਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਸ਼ਲੀਲਤਾ ਪਰੋਸਣ ਲਈ ਜਿੱਥੇ ਕਈ ਵਾਰ ਮਜਬੂਰੀ ਦਾ ਫਾਇਦਾ ਉਠਾਇਆ ਜਾਂਦਾ ਤੇ ਕਈ ਵਾਰੀ ਹਿੱਟ ਹੋਣ ਦੀ ਆੜ ਵਿਚ ਸ਼ੌਕੀਆ ਤੌਰ 'ਤੇ ਅਜਿਹਾ ਕੁਝ ਕੀਤਾ ਜਾਂਦਾ ਹੈ। ਸੋਚਣ ਵਾਲੀ ਗੱਲ ਹੈ ਕਿ ਜ਼ਿਆਦਾਤਰ ਅਸ਼ਲੀਲਤਾ ਸ਼ਬਦ ਔਰਤਾਂ ਦੀ ਨੰਗੇਜ਼ਤਾ ਨੂੰ ਲੈ ਕੇ ਵਰਤਿਆ ਜਾਂਦਾ ਹੈ। ਇਸ ਲਈ ਔਰਤਾਂ ਨੂੰ ਅਸ਼ਲੀਲਤਾ ਭਰਪੂਰ ਗੀਤ ਫਿਲਮਾਉਣ ਸਮੇਂ ਇਹ ਨਹੀਂ ਸੋਚਣਾ ਚਾਹੀਦਾ ਕਿ ਇਸ ਦਾ ਸਮਾਜ ਵਿਚ ਵਸਦੀਆਂ ਹੋਰਨਾਂ ਔਰਤਾਂ 'ਤੇ ਕੀ ਅਸਰ ਪਵੇਗਾ ਤੇ ਅਜੋਕੀ ਨੌਜਵਾਨ ਪੀੜ੍ਹੀ 'ਤੇ ਕੀ ਪ੍ਰਭਾਵ ਪਵੇਗਾ। ਖੈਰ, ਜੇ ਅਜਿਹਾ ਸੋਚਣ ਲੱਗ ਪੈਣ ਮੇਰੇ ਪੰਜਾਬ ਦੀਆਂ ਇਹ ਧੀਆਂ-ਭੈਣਾਂ, ਤਾਂ ਹੋ ਨੀ ਸਕਦਾ ਕਿ ਕੋਈ ਔਰਤ ਨੂੰ ਮਾੜੀ ਜਗ੍ਹਾ ਵਰਤ ਸਕੇ।

ਅਗਲੀ ਗਲਤੀ ਸਾਡੇ ਸਮਾਜ ਦੀ ਵੀ ਹੈ ਕਿ ਜੋ ਗੀਤਕਾਰ ਤੇ ਕਲਾਕਾਰ ਔਰਤਾਂ ਦੇ ਹੱਕਾਂ ਤੇ ਔਰਤਾਂ ਦੀ ਸ਼ਖਸੀਅਤ ਨੂੰ ਸਤਿਕਾਰਤ ਗੀਤ ਗਾਉਂਦੇ ਹਨ, ਉਨ੍ਹਾਂ ਗੀਤਕਾਰਾਂ ਤੇ ਕਲਾਕਾਰਾਂ ਨੂੰ ਓਨਾ ਸਨਮਾਨ ਨਹੀਂ ਦਿੱਤਾ ਜਾਂਦਾ, ਜਿੰਨਾ ਔਰਤਾਂ ਖਿਲਾਫ ਗੀਤ ਲਿਖਣ ਤੇ ਗਾਉਣ ਵਾਲਿਆਂ ਨੂੰ ਦਿੱਤਾ ਜਾ ਰਿਹਾ ਹੈ। ਔਰਤ ਨੂੰ ਬਣਦਾ ਸਨਮਾਨ ਦੇਣ ਲਈ ਕਿਵੇਂ ਅਜੋਕੀ ਪੰਜਾਬੀ ਗਾਇਕੀ ਨੂੰ ਲਾਮਬੰਦ ਕੀਤਾ ਜਾਵੇ, ਇਸ ਬਾਰੇ ਸਾਨੂੰ ਸੋਚਣ ਤੇ ਕੁਝ ਕਰਨ ਦੀ ਲੋੜ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਔਰਤ ਤੇ ਸਮਾਜ ਵਿਰੋਧੀ ਗੀਤਾਂ 'ਤੇ ਰੋਕ ਲਗਾਉਣ ਲਈ ਆਪਣਾ ਸੈਂਸਰ ਬੋਰਡ ਬਣਾਏ, ਜਿਸ ਨਾਲ ਅਜੋਕੀ ਪੰਜਾਬੀ ਗਾਇਕੀ ਨੂੰ ਸਹੀ ਅਰਥਾਂ ਵਿਚ ਮਾਂ ਬੋਲੀ ਦੀ ਸੇਵਾ ਕਰਨ ਦੇ ਕਾਬਿਲ ਬਣਾਇਆ ਜਾਵੇ। ਗੀਤਕਾਰਾਂ ਤੇ ਕਲਾਕਾਰਾਂ ਨੂੰ ਚਾਹੀਦਾ ਹੈ ਕਿ ਕੋਈ ਵੀ ਔਰਤ ਵਿਰੋਧੀ ਗੀਤ ਲਿਖਣ ਤੇ ਗਾਉਣ ਤੋਂ ਪਹਿਲਾਂ ਇਹ ਸੋਚ ਲਿਆ ਕਰੋ ਕਿ ਇਸ ਔਰਤ ਸ਼ਬਦ ਵਿਚ ਸਾਡੀ ਮਾਂ ਤੇ ਭੈਣ ਵੀ ਆਉਂਦੀਆਂ ਹਨ। ਸੋ ਲੋੜ ਹੈ ਕਿ ਰਲ-ਮਿਲ ਕੇ ਹੰਭਲਾ ਮਾਰਨ ਦੀ, ਤਾਂ ਜੋ ਮਾਂ ਬੋਲੀ ਦੇ ਸਨਮਾਨ ਨੂੰ ਬਰਕਰਾਰ ਰੱਖਿਆ ਜਾਵੇ।

# ਦੂਜਿਆਂ ਦੇ ਕੰਮ ਆਉਣ ਦਾ ਚਾਅ



-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
(Punjab Mail USA)



ਉਹ ਬੰਦੇ ਮਰ ਕੇ ਵੀ ਮੌਤ ਨੂੰ ਜ਼ਿੰਦਗੀ ਦੇ ਜਾਂਦੇ ਹਨ, ਜਿਹੜੇ ਹੱਕ, ਸੱਚ ਤੇ ਇਨਸਾਫ ਲਈ ਆਪਾ ਵਾਰ ਜਾਂਦੇ ਹਨ। ਆਪਣੇ ਆਪ ਲਈ ਤਾਂ ਹਰ ਇਨਸਾਨ ਜਿਊਂਦਾ ਪਰ ਮਹਾਨ ਮਨੁੱਖ ਉਹ ਹੁੰਦੇ ਹਨ, ਜਿਹੜੇ ਦੂਜਿਆਂ ਦੀ ਖਾਤਰ ਸ਼ਹਾਦਤ ਦਾ ਜਾਮ ਪੀ ਜਾਂਦੇ ਹਨ। ਉਨ੍ਹਾਂ ਸ਼ਹੀਦੀ ਦੀਆਂ ਮੜ੍ਹੀਆਂ 'ਤੇ ਸਦਾ ਹੀ ਮੇਲੇ ਲੱਗਦੇ ਹਨ, ਜਿਹੜੇ ਆਪਣੇ ਧਰਮ ਤੇ ਦੇਸ਼ ਦੀ ਖਾਤਰ ਸ਼ਹੀਦੀਆਂ ਪਾ ਜਾਂਦੇ ਹਨ। ਇਥੇ ਭੇਡਾਂ, ਬਕਰੀਆਂ ਨੂੰ ਕਿਸੇ ਪੁੱਛਣਾ ਨਹੀਂ, ਨਾਂ ਉਨ੍ਹਾਂ ਦਾ ਹੀ ਧੰਨ ਅਪਾਰ ਹੁੰਦਾ ਹੈ, ਜਿਹੜੇ ਸਮਾਜ ਤੇ ਮਨੁੱਖਤਾ ਲਈ ਕੁੱਝ ਕਰ ਜਾਂਦੇ ਹਨ।

ਪਰ ਦੁੱਖ ਦੀ ਗੱਲ ਇਹ ਹੈ ਕਿ ਕੁੱਝ ਲੋਕ ਦੂਜਿਆਂ ਦੀ ਖਾਤਰ ਆਪਣਾ ਸਭ ਕੁੱਝ ਵਾਰ ਜਾਂਦੇ ਹਨ ਤੇ ਕੁੱਝ ਉਹ ਲੋਕ ਹਨ, ਜਿਹੜੇ ਆਪਣੇ ਆਪ ਲਈ ਦੂਜਿਆਂ ਦਾ ਸਭ ਕੁੱਝ ਨਸ਼ਟ ਕਰ ਜਾਂਦੇ ਹਨ, ਭਾਵ ਆਪਣੀ ਖੁਦਗਰਜ਼ੀ ਲਈ ਉਹ ਕੁੱਝ ਵੀ ਕਰ ਸਕਦੇ ਹਨ। ਦੁਨੀਆਂ ਵਿਚ ਜੋ ਕੁਝ ਵੀ ਮਾੜਾ ਜਾਂ ਚੰਗਾ ਹੋਇਆ ਹੈ, ਜੋ ਹੋ ਰਿਹਾ ਹੈ ਅਤੇ ਜਾਂ ਹੋਵੇਗਾ, ਉਹ ਚੰਗੇ ਮਾੜੇ ਬੰਦਿਆਂ ਕਰਕੇ ਹੀ ਹੋਇਆ ਹੈ। ਅੱਜ ਦੁਨੀਆਂ ਵਿਚ ਜੋ ਕੁੱਝ ਵੀ ਚੰਗਾ ਹੈ, ਉਹ ਚੰਗੇ ਬੰਦਿਆਂ ਕਰਕੇ ਹੀ ਹੋਇਆ ਹੈ ਅਤੇ ਜੋ ਮਾੜਾ ਹੈ, ਉਹ ਮਾੜੇ ਬੰਦਿਆਂ ਕਰਕੇ ਹੀ ਹੋਇਆ ਹੈ, ਜਿਵੇਂ ਸਮਾਜ ਵਿਚ ਸੱਚ, ਇਨਸਾਫ, ਆਜ਼ਾਦੀ, ਖੁਸ਼ਹਾਲੀ, ਅਮਨ ਹੈ, ਤਾਂ ਇਹ ਸਭ ਕੁੱਝ ਚੰਗੇ ਬੰਦਿਆਂ ਕਰਕੇ ਹੀ ਹੈ। ਜਿਨ੍ਹਾਂ ਲੋਕਾਂ ਨੂੰ ਅਸੀਂ ਮਾਨਵਵਾਦੀ ਤੇ ਨੈਤਿਕਤਾਵਾਦੀ ਭਾਵ ਪਰਉਪਕਾਰੀ ਆਖਦੇ ਹਾਂ। ਇਸ ਦੇ ਉਲਟ ਜੋ ਕੁੱਝ ਵੀ ਸਮਾਜ ਵਿਚ ਮਾੜਾ ਵਾਪਰ ਰਿਹਾ ਹੈ, ਉਹ ਮਾੜੇ ਬੰਦਿਆਂ ਕਰਕੇ ਹੀ ਹੈ। ਜਿਵੇਂ ਕਤਲੋਗਾਰਤ, ਲੁੱਟ-ਖਸੁੱਟ, ਬਲਾਤਕਾਰ, ਭ੍ਰਿਸ਼ਟਾਚਾਰ, ਬੇਈਮਾਨੀ, ਬਦਅਮਨੀ ਇਹ ਸਭ ਕੁੱਝ ਆਰੰਭ ਤੋਂ ਹੀ ਬਦੀ ਨੇਕੀ ਦੀ ਲੜਾਈ ਚਲਦੀ ਆ ਰਹੀ ਹੈ। ਜੇਕਰ ਇਸ ਸੰਸਾਰ ਵਿਚ ਮਾੜੇ ਬੰਦੇ ਨਾ ਹੁੰਦੇ ਅਤੇ ਚੰਗੇ ਬੰਦੇ ਹੀ ਹੁੰਦੇ, ਤਾਂ ਅੱਜ ਦੀ ਦੁਨੀਆਂ ਕੁਝ ਹੋਰ ਹੀ ਹੁੰਦੀ, ਭਾਵ ਇਹ ਦੁਨੀਆਂ ਸਵਰਗ ਹੁੰਦੀ, ਜਿਸ ਵਿਚ ਹਰ ਇਕ ਨੂੰ ਕੁੱਲੀ, ਗੁੱਲੀ ਤੇ ਜੁੱਲੀ, ਇਨਸਾਨ ਆਜ਼ਾਦੀ, ਬਰਾਬਰਤਾ, ਸਾਂਝੀਵਾਲਤਾ, ਅਮਨ, ਸ਼ਾਂਤੀ ਤੇ ਖੁਸ਼ਹਾਲੀ ਪ੍ਰਾਪਤ ਹੁੰਦੀ ਪਰ ਅਜਿਹਾ ਹੋਣਾ ਸੌਖੀ ਗੱਲ ਨਹੀਂ ਹੈ, ਭਾਵ ਇਕ ਮਨੁੱਖ ਪੂਰਨ ਮਨੁੱਖ ਹੋਣਾ ਬਹੁਤ ਔਖਾ ਹੈ।

ਹਜ਼ਾਰੋਂ ਸਾਲ ਰੋਤੀ ਹੈ ਨਰਗਸ ਅਪਨੀ ਬੇਨੂਰੀ ਪੇ
ਬੜੀ ਮੁਸ਼ਕਲ ਸੇ ਹੋਤਾ ਹੈ
ਚਮਨ ਮੇਂ ਦੀਦਾਵਰ ਪੈਦਾ।

ਗੁਰਬਾਣੀ ਵਿਚ ਵੀ ਮਨੁੱਖਾਂ ਦੀਆਂ ਦੋ ਵੰਡੀਆਂ ਕਿਸਮਾਂ ਦੱਸੀਆਂ, ਜਿਵੇਂ ਮਨਮੁਖ ਤੇ ਗੁਰਮੁਖਿ, ਭਾਵ ਕਿਰਦਾਰ ਪੱਖੋਂ ਚੰਗੇ ਤੇ ਮਾੜੇ ਮਨੁੱਖ ਜਿਨ੍ਹਾਂ ਦਾ ਸੰਬੰਧ ਬਦੀ ਤੇ ਨੇਕੀ ਨਾਲ ਹੈ, ਜਿਸ ਨੂੰ ਅਸੀਂ ਅੰਗਰੇਜ਼ੀ ਵਿਚ Evel ਤੇ Good ਆਖਦੇ ਹਾਂ। ਹੁਣ ਜੇਕਰ ਮਾੜਿਆਂ ਬੰਦਿਆਂ ਭਾਵ ਮਨਮੁਖਾਂ ਦੀ ਲਿਸਟ ਬਣਾਈ ਜਾਵੇ, ਤਾਂ ਇਸ ਵਿਚ ਮੁੱਖ ਤੌਰ 'ਤੇ ਇਹ ਹਨ - ਮੂਰਖ, ਅਗਿਆਨੀ, ਖੁਦਗਰਜ਼, ਈਰਖਾਵਾਦੀ, ਅਹੰਕਾਰੀ, ਦੁਸ਼ਟ, ਪਾਪੀ, ਪਾਖੰਡੀ, ਫਰੇਬੀ, ਪੱਖਪਾਤੀ ਅਤੇ ਅਕ੍ਰਿਤਘਣ।

ਇਨ੍ਹਾਂ ਵਿਚੋਂ ਮੂਰਖ ਅਗਿਆਨੀ ਤੇ ਬੇਸਮਝ ਮਨੁੱਖਾਂ ਨੇ ਮਨੁੱਖੀ ਘਾਣ ਇੰਨਾ ਨਹੀਂ ਕੀਤਾ, ਜਿੰਨਾ ਖੁਦਗਰਜ਼ ਭਾਵ ਸਵਾਰਥੀ ਤੇ ਪਾਖੰਡੀਆਂ ਨੇ ਕੀਤਾ ਹੈ। ਮਾੜਾ ਆਦਮੀ ਸਿੱਧਾ ਮਨੁੱਖ ਨੂੰ ਹਾਨੀ ਪਹੁੰਚਾਉਂਦਾ ਹੈ ਅਤੇ ਉਸ ਦਾ ਪਤਾ ਹੁੰਦਾ ਹੈ ਕਿ ਉਹ ਬੁਰਾ ਹੀ ਹੈ। ਉਸ ਉਪਰ ਆਦਮੀ ਵਿਸ਼ਵਾਸ ਨਹੀਂ ਕਰਦਾ। ਪਾਖੰਡੀ, ਅਖੌਤੀ ਤੇ ਭੇਖੀ ਮਨੁੱਖ ਲੁੱਕ ਕੇ ਸਮਾਜ ਨੂੰ ਹਾਨੀ ਪਹੁੰਚਾਉਂਦਾ ਹੈ। ਉਹ ਸ਼ਕਲ ਮੋਮਨਾ ਤੇ ਕਰਤੂਤਿ ਕਾਫਰਾਂ ਹੁੰਦਾ ਹੈ। ਇਹ ਲੋਕ ਸਮਾਜ ਲਈ ਬਹੁਤ ਹਾਨੀਕਾਰਕ ਹੁੰਦੇ ਹਨ। ਇਹ ਲੋਕ ਮੂੰਹ ਦੇ ਮਿੱਠੇ ਤੇ ਦਿਲ ਦੇ ਮਾੜੇ ਹੁੰਦੇ ਹਨ। ਇਸੇ ਤਰ੍ਹਾਂ ਹੀ ਅਹੰਕਾਰੀ ਤੇ ਈਰਖਾਵਾਦੀ ਲੋਕ ਵੀ ਸਮਾਜ ਲਈ ਬਹੁਤ ਹਾਨੀਕਾਰਕ ਹੁੰਦੇ ਹਨ।

ਅਹੰਕਾਰੀ ਮਨੁੱਖ ਸਮਾਜ ਵਿਚ ਘ੍ਰਿਣਾ ਤੇ ਬਦਅਮਨੀ ਉਤਪੰਨ ਕਰਦੇ ਹਨ, ਜਿਸ ਵਿਚੋਂ ਈਰਖਾ ਦਾ ਜਨਮ ਹੁੰਦਾ ਹੈ ਅਤੇ ਕਈ ਵਾਰੀ ਈਰਖਾ ਦੂਜੇ ਦੀ ਚੰਗਿਆਈ ਨੂੰ ਦੇਖਦੇ ਹੀ ਉਤਪੰਨ ਹੁੰਦੀ ਹੈ ਪਰ ਈਰਖਾ ਕਿਸੇ ਪ੍ਰਕਾਰ ਦੀ ਵੀ ਹੋਵੇ, ਬਹੁਤ ਭੈੜੀ ਹੈ। ਈਰਖਾਵਾਦੀ ਮਨੁੱਖ ਦੂਜੇ ਨੂੰ ਮਾੜਾ ਬਣਾਉਣ ਲਈ ਤੇ ਆਪ ਚੰਗਾ ਬਣਨ ਲਈ ਪਤਾ ਨਹੀਂ ਕੀ-ਕੀ ਪਾਪੜ ਵੇਲਦਾ ਹੈ।

ਇਸੇ ਤਰ੍ਹਾਂ ਹੀ ਦੁਸ਼ਟ ਤੇ ਪਾਪੀ ਲੋਕਾਂ ਨਾਲ ਵੀ ਇਤਿਹਾਸ ਭਰਿਆ ਪਿਆ ਹੈ, ਜਿਵੇਂ ਦੁਸ਼ਟ ਪਾਪੀ ਔਰੰਗਜ਼ੇਬ, ਚੰਗੇਜ਼ ਤੇ ਹਿਟਲਰ ਆਦਿ। ਵਰਤਮਾਨ ਸਮੇਂ ਵਿਚ ਭਾਰਤ ਦੀ 1947 ਦੀ ਵੰਡ, 1984 ਦਾ ਸਿੱਖਾਂ ਦਾ ਘੱਲੂਘਾਰਾ ਅਤੇ ਗੁਜਰਾਤ ਦਾ ਕਾਂਡ ਆਦਿ ਦੁਸ਼ਟ ਪਾਪੀ ਲੋਕਾਂ ਦੀ ਹੀ ਦੇਣ ਹੈ।

ਮਹਾਰਾਜਾ ਰਣਜੀਤ ਸਿੰਘ ਵਰਗੀ ਵਿਲੱਖਣ ਸ਼ਖਸੀਅਤ ਨੂੰ ਵੀ ਇਨ੍ਹਾਂ ਖੁਦਗਰਜ਼, ਗਦਾਰ ਤੇ ਪੱਥਰ ਦਿਲ ਲੋਕਾਂ ਨੇ ਨਹੀਂ ਬਖ਼ਸ਼ਿਆ ਅਤੇ ਸਿੱਖ ਰਾਜ ਦੇ ਪਤਨ ਦਾ ਕਾਰਣ ਵੀ ਅਜਿਹੇ ਲੋਕ ਸਿੱਧ ਹੋਏ।

ਅਜਿਹੇ ਲੋਕਾਂ ਨੂੰ ਗੁਰੂ ਅਰਜਨ ਦੇਵ ਜੀ ਨੇ "ਕਰਤੂਤਿ ਪਸੂ ਕੀ ਮਾਨਸ ਜਾਤਿ" ਆਖਿਆ ਹੈ। ਖੁਦਗਰਜ਼ ਆਦਮੀਆਂ ਬਾਰੇ ਇਕ ਘਟਨਾ ਜਰਮਨੀ ਵਿਚ ਹਿਟਲਰ ਵੇਲੇ ਦੀ ਬੜੀ ਪ੍ਰਸਿੱਧ ਹੈ। ਜਦੋਂ ਹਿਟਲਰ ਲੋਕਾਂ 'ਤੇ ਅਕਹਿ ਤੇ ਅਸਹਿ ਅੱਤਿਆਚਾਰ ਕਰ ਰਿਹਾ ਸੀ, ਤਾਂ ਇਹ ਘਟਨਾ ਇਕ ਗਿਰਜਾਘਰ ਪਾਦਰੀ ਦੀ ਹੈ। ਹਿਟਲਰ ਨੇ ਯਹੂਦੀਆਂ 'ਤੇ ਅੱਤਿਆਚਾਰ ਕੀਤੇ। ਪਾਦਰੀ ਕਹਿਣ ਲੱਗਾ ਕਿ ਮੈਂ ਕਿਹੜਾ ਯਹੂਦੀ ਹਾਂ, ਮੈਨੂੰ ਕੀ ਹੈ, ਫਿਰ ਟਰੇਡ ਯੂਨੀਅਨਜ਼ ਨਾਲ ਵੀ ਅਜਿਹਾ ਹੋਇਆ। ਪਾਦਰੀ ਫਿਰ ਵੀ ਚੁੱਪ ਰਿਹਾ। ਫਿਰ ਕਮਿਊਨਿਸਟਾਂ 'ਤੇ ਅੱਤਿਆਚਾਰ ਹੋਏ ਅਤੇ ਪਾਦਰੀ ਦਾ ਕਹਿਣਾ ਸੀ ਕਿ ਮੈਂ ਕਿਹੜਾ ਕਮਿਊਨਿਸਟ ਹਾਂ, ਮੈਨੂੰ ਕੀ? ਸੋ ਮੈਨੂੰ ਕੀ ਗੱਲ ਬਹੁਤ ਭੈੜੀ ਹੈ। ਇਹ ਆਮ ਜ਼ਿੰਦਗੀ ਵਿਚ ਵੀ ਸੁਣਨ ਨੂੰ ਆਉਂਦੀ ਹੈ ਕਿ ਸਾਨੂੰ ਕੀ? ਇਹ ਇਸ ਤਰ੍ਹਾਂ ਹੈ, ਜਿਵੇਂ ਘਰ ਲੱਗੇ, ਤਾਂ ਅੱਗ, ਬਾਹਰ ਲੱਗੇ ਤਾਂ ਬਸੰਤਰ। ਇਹ ਲੋਕ ਜਦੋਂ ਜ਼ੁਲਮ ਹੁੰਦਾ ਹੈ, ਤਾਂ ਸ਼ੁਗਲ ਸਮਝਦੇ ਹਨ ਪਰ ਜਦੋਂ ਆਪਣੀ ਵਾਰੀ ਆਉਂਦੀ ਹੈ, ਤਾਂ ਫਿਰ ਪਤਾ ਲੱਗਦਾ ਹੈ। ਇਸੇ ਤਰ੍ਹਾਂ ਇਸ ਪਾਦਰੀ ਨਾਲ ਹੋਈ। ਜਦੋਂ ਉਸ ਦੀ ਵਾਰੀ ਆਈ, ਤਾਂ ਉਸ ਦਾ ਕੋਈ ਵੀ ਨਹੀਂ ਰਿਹਾ ਸੀ, ਉਸ ਨੂੰ ਬਚਾਉਣ ਲਈ।

ਇਸ ਲਈ ਮਨੁੱਖ ਨੂੰ ਸੁਆਰਥੀ ਨਹੀਂ ਹੋਣਾ ਚਾਹੀਦਾ, ਸਗੋਂ ਹਮਦਰਦ, ਦਿਆਲੂ, ਕ੍ਰਿਪਾਲੂ, ਪਰਉਪਕਾਰੀ ਭਾਵ ਮਾਨਵਵਾਦੀ ਤੇ ਨੈਤਿਕਤਾਵਾਦੀ ਹੋਣਾ ਚਾਹੀਦਾ ਹੈ। Be humanitarian ਦੂਜਿਆਂ ਦੇ ਦੁੱਖ ਨੂੰ ਆਪਣਾ ਦੁੱਖ ਸਮਝਣਾ ਚਾਹੀਦਾ ਹੈ। ਜਿੰਨੀ ਵੀ ਅਸੀਂ ਦੂਜਿਆਂ ਦੀ ਸਹਾਇਤਾ ਕਰ ਸਕਦੇ ਹਾਂ, ਕਰੀਏ। ਆਪਣੇ ਲਈ ਘੱਟ, ਦੂਜਿਆਂ ਲਈ ਜ਼ਿਆਦਾ ਜਿਊਣਾ ਸਿੱਖੋ। ਕੋਈ ਮਨੁੱਖ ਕਿਵੇਂ ਮਰਿਆ, ਪ੍ਰਸ਼ਨ ਇਹ ਨਹੀਂ। ਪ੍ਰਸ਼ਨ ਇਹ ਹੈ ਕਿ ਕੋਈ ਮਨੁੱਖ ਜੀਵਿਆ ਕਿਵੇਂ ਹੈ? ਦੂਜਿਆਂ ਨਾਲ ਅਜਿਹਾ ਵਤੀਰਾ ਕਰੋ, ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ।

ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ,

"ਐਸਾ ਕੰਮੁ ਮੂਲੇ ਨਾ ਕੀਚੈ ॥ ਜਿਤੁ ਅੰਤਿ ਪਛੋਤਾਈਐ ॥"

ਗਲਤ ਕੰਮ ਨਾ ਕਰੋ।
ਕਿਸੇ ਦਾ ਬੁਰਾ ਨਾ ਕਰੋ।
ਕਿਸੇ ਦਾ ਦਿਲ ਨਾ ਦੁਖਾਉ।
ਕਿਸੇ ਨਾਲ ਧੋਖਾ ਨਾ ਕਰੋ।
ਭੈੜੀ ਸੰਗਤ ਨਾ ਕਰੋ।
ਅਹੰਕਾਰ ਤੇ ਈਰਖਾ ਦਾ ਤਿਆਗ ਕਰੋ।
ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਰਮਤਾ ਦੇ ਧਾਰਨੀ ਬਣੋ।
ਕਿਸੇ ਦੀ ਇੱਛਾ ਅਤੇ ਸ਼ਾਨ ਦੇ ਵਿਰੁੱਧ ਕੋਈ ਗੱਲ ਨਾ ਕਰੋ।

"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥"
"ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ ॥"
"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥"
"ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥"

ਮਨੁੱਖ ਨੂੰ ਬੁਰੇ ਕੰਮਾਂ ਤੋਂ ਬਚਣ ਲਈ ਰੱਬ ਦਾ ਡਰ, ਸਮਾਜ ਦੀ ਸ਼ਰਮ, ਇੱਜ਼ਤ, ਅਣਖ ਦਾ ਖਿਆਲ ਰੱਖਣਾ ਚਾਹੀਦਾ ਹੈ।

# ਪੰਜਾਬ ਦੀ ਆਰਥਿਕਤਾ ਦਾ ਲੇਖਾ ਜੋਖਾ

ਕੁਲਵੰਤ ਸਿੰਘ ਹੁੰਦਲ
780-531-0131
(Punjab Mail USA)

ਪੰਜਾਬ ਦੀ ਡਿੱਗਦੀ ਅਰਥ ਵਿਵਸਥਾ ਤੋਂ ਹਰ ਪੰਜਾਬੀ ਅੱਜ ਫਿਕਰਮੰਦ ਹੈ। ਪੰਜਾਬ ਦੇ ਲੋਕ ਸਹਿਮੇ ਅਤੇ ਡਰੇ ਹੋਏ ਹਨ। ਮਾਹੌਲ ਖੌਫਜ਼ਦਾ ਬਣਿਆ ਹੋਇਆ ਹੈ। ਨੌਜਵਾਨ ਭਵਿੱਖ ਦੀ ਸੁਰੱਖਿਆ ਤੋਂ ਵਿਸ਼ਵਾਸ ਗੁਆ ਚੁੱਕੇ ਹਨ। ਰਾਜਨੀਤਿਕ ਨੇਤਾ ਆਪਣੀ ਭਰੋਸੇਯੋਗਤਾ ਤੋਂ ਵਿਸ਼ਵਾਸ ਗੁਆ ਚੁੱਕੇ ਹਨ। ਕੋਈ ਵੀ ਅਰਥਸ਼ਾਸਤਰੀ, ਨੀਤੀਵਾਨ ਇਸ ਦਾ ਸਾਰਥਿਕ ਹੱਲ ਨਹੀਂ ਦੱਸ ਸਕਿਆ ਕਿ, ਕੀ, ਕਦੋਂ ਅਤੇ ਕਿਸ ਤਰ੍ਹਾਂ ਪੰਜਾਬ ਕਰਜ਼ਾ ਮੁਕਤ ਹੋ ਸਕੇਗਾ।

ਇਸ ਸਮੇਂ ਪੰਜਾਬ ਕਰਜ਼ੇ ਦੇ ਬੋਝ ਵਿਚ ਡੁੱਬਿਆ ਹੋਇਆ ਹੈ। ਇਸ ਸਾਲ 30953 ਕਰੋੜ ਦਾ ਹੋਰ ਕਰਜ਼ਾ ਲਿਆ ਗਿਆ ਹੈ, ਜੋ ਵੱਧ ਕੇ ਕੁੱਲ 3.47 ਲੱਖ ਕਰੋੜ ਹੋ ਗਿਆ ਹੈ। ਅੰਦਰੂਨੀ ਕਰਜ਼ੇ ਅਲੱਗ ਹਨ। ਮੰਡੀ ਬੋਰਡ ਦਾ ਕਰਜ਼ਾ ਵੀ ਨਹੀਂ ਦਿੱਤਾ ਜਾ ਸਕਿਆ। ਪੰਜਾਬ ਰੈੱਡ ਜ਼ੋਨ ਵੱਲ ਵੱਧ ਰਿਹਾ ਹੈ। ਭਾਵੇਂ ਕਰਜ਼ੇ ਹੋਰ ਰਾਜਾਂ ਨੇ ਵੀ ਲਏ ਹਨ ਪਰ ਜੀ.ਡੀ.ਪੀ. ਦੇ ਅਨੁਪਾਤ ਅਨੁਸਾਰ ਪੰਜਾਬ ਪਹਿਲੇ ਸਥਾਨ 'ਤੇ ਹੈ। ਇਸ ਸਮੇਂ ਤਰੱਕੀ ਦੀ ਰਫਤਾਰ ਵਿਚ ਪੰਜਾਬ ਸਿਰਫ ਆਖਰੀ ਸਟੇਟ ਮਨੀਪੁਰ ਤੋਂ ਅੱਗੇ ਹੈ।




ਪ੍ਰਤੀ ਜੀਅ ਆਮਦਨ ਵੱਲੋਂ ਵੀ 19ਵੇਂ ਸਥਾਨ 'ਤੇ ਖਿਸਕ ਗਿਆ ਹੈ। ਕਾਰਪੋਰੇਟ ਜਗਤ ਸਰਕਾਰ ਦਾ ਲਾਡਲਾ ਪੁੱਤ ਬਣਿਆ ਹੋਇਆ ਹੈ।

ਪੰਜਾਬ ਦੇ ਬਜਟ ਦਾ ਵੱਡਾ ਹਿਸਾ ਮੁਲਾਜ਼ਮਾਂ ਦੀਆਂ ਤਨਖਾਹਾਂ, ਪੈਨਸ਼ਨਾਂ, ਬਿਜਲੀ ਦੀ ਸਬਸਿਡੀ ਜੋ ਲਗਭਗ 22 ਹਜ਼ਾਰ ਕਰੋੜ ਬਣਦੀ ਹੈ ਅਤੇ ਹੋਰ ਰਿਆਇਤਾਂ ਤੇ ਕਰਜ਼ੇ ਦੀ ਕਿਸ਼ਤਾਂ ਮੋੜਨ ਵਿਚ ਚਲਾ ਜਾਂਦਾ ਹੈ। ਕੁਝ ਸਰਕਾਰ ਦੀ ਸ਼ਾਨੋ-ਸ਼ੌਕਤ 'ਤੇ ਖਰਚ ਹੋ ਜਾਂਦਾ ਹੈ। ਇਕ ਲੱਖ ਪਿੱਛੇ ਪੁਲਿਸ ਮੁਲਾਜ਼ਮ ਦੂਸਰੇ ਰਾਜਾਂ ਨਾਲੋਂ ਕਿਤੇ ਵੱਧ ਹਨ। ਅਧਿਆਪਕਾਂ ਦਾ ਅਨੁਪਾਤ ਵੀ ਰਾਸ਼ਟਰੀ ਪੱਧਰ ਤੋਂ ਵੱਧ ਹੈ।

ਪੰਜਾਬ ਕੋਲ ਕੋਈ ਕੁਦਰਤੀ ਸਾਧਨ ਨਹੀਂ ਹੈ। ਇਸ ਲਈ ਸਾਡੀ ਆਰਥਿਕਤਾ ਦਾ ਆਧਾਰ ਕੇਵਲ ਖੇਤੀ ਹੀ ਹੈ। ਸੋ ਖੇਤੀ ਦੀ ਉਤਪਾਦਕਾਂ ਵਧਾ ਕੇ ਵਿਭਿੰਨਤਾ ਵਿਚੋਂ ਬਨਸਪਤੀ ਦੀ ਪੈਦਾਵਾਰ ਵਧਾ ਕੇ ਅਸੀਂ ਵੱਧ ਮੁਨਾਫਾ ਕਮਾ ਸਕਦੇ ਹਾਂ। ਬਦਕਿਸਮਤੀ ਨਾਲ ਸਰਕਾਰ ਕੋਲ ਕੋਈ ਕਿਸਾਨ ਨੀਤੀ ਨਹੀਂ ਹੈ। ਕਿਸਾਨੀ ਦੇ ਬਚਾਅ ਲਈ ਇਕ ਉਪਾਅ ਇਹ ਹੋ ਸਕਦਾ ਹੈ ਕਿ ਕਿਸਾਨ ਫਾਰਮ ਹਾਊਸਾਂ ਵਿਚ ਰਹਿ ਕੇ, ਫਲ ਸਬਜ਼ੀਆਂ, ਦੁੱਧ, ਦਾਲਾਂ, ਮੁਰਗੀ ਪਾਲਨ, ਅਨਾਜ ਅਤੇ ਚਾਰਾ ਕੁਦਰਤੀ ਢੰਗ ਨਾਲ ਆਪਣੀ ਲੋੜ ਅਨੁਸਾਰ ਪੈਦਾ ਕਰਕੇ ਸ਼ੁੱਧ ਭੋਜਨ ਦੀ ਵਰਤੋਂ ਕਰਕੇ ਬਿਮਾਰੀਆਂ ਤੋਂ ਬਚ ਸਕਦੇ ਹਨ, ਦਵਾਈਆਂ ਦਾ ਖਰਚਾ ਵੀ ਘਟੇਗਾ, ਮੁਨਾਫਾ ਭੀ ਵਧੇਗਾ।

ਖੇਤੀ ਯੂਨੀਵਰਸਿਟੀ ਆਧੁਨਿਕ ਢੰਗ ਦੀ ਡੇਅਰੀਆਂ ਤੇ ਫਾਰਮ ਹਾਊਸ ਦੀ ਵਿਊਂਤਬੰਦੀ ਦਾ ਪ੍ਰਦਰਸ਼ਨ ਕਰ ਸਕਦੀਆਂ ਹਨ। ਖੇਤੀ ਮੇਲਿਆਂ ਵਿਚ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਲੇਬਰ ਦੀ ਲਾਗਤ ਅੱਧੀ ਰਹਿ ਜਾਵੇਗੀ। ਸਾਰੇ ਧਰਮ ਪ੍ਰਚਾਰਕਾਂ ਨੂੰ ਕਿਰਤ ਦੀ ਮਹਾਨਤਾ ਬਾਰੇ ਦੱਸਣਾ ਚਾਹੀਦਾ ਹੈ। ਨਿਰਸਵਾਰਥ ਮਨੁੱਖਤਾ ਦੀ ਸੇਵਾ ਮਿਹਨਤ ਅਤੇ ਕਿਰਤ ਸਾਡੀ ਕੌਮ ਦੀ ਖੂਬੀ ਰਹੀ ਹੈ। ਇਸ ਤੋਂ ਇਲਾਵਾ ਸਾਦਗੀ ਅਤੇ ਸੰਜਮ ਸਾਡੀਆਂ ਹੋਰ ਬਹੁਤ ਸਾਰੀਆਂ ਗੁੰਝਲਾਂ ਦਾ ਹੱਲ ਕਰ ਸਕਦੀਆਂ ਹਨ। ਕਿਰਤ ਸਮਾਜ ਵਿਚ ਸਨਮਾਨਯੋਗ ਹੋਵੇ।

ਜਿਸ ਤਰ੍ਹਾਂ ਸ.ਪ੍ਰਕਾਸ਼ ਸਿੰਘ ਬਾਦਲ ਦਾ ਸਨਮਾਨ ਰਾਸ਼ਟਰੀ ਪੱਧਰ 'ਤੇ ਰਾਸ਼ਟਰੀ ਝੰਡਾ ਝੁਕਾ ਕੇ ਉਨ੍ਹਾਂ ਦੀ ਸਾਦਗੀ, ਮਿਹਨਤ ਅਤੇ ਸਹਿਣਸ਼ੀਲਤਾ ਦਾ ਗੁਣਗਾਨ ਕਰਕੇ ਹੋਇਆ ਹੈ। ਉਹ ਵੀ ਕੌਮ ਲਈ ਮਾਣ-ਸਨਮਾਨ ਵਾਲੀ ਗੱਲ ਹੈ। ਇੰਨੇ ਲੰਮੇ ਸਿਆਸੀ ਜੀਵਨ ਵਿਚ ਆਲੋਚਨਾਵਾਂ ਹੋਣਾ ਸੁਭਾਵਿਕ ਹੈ। ਪਰ ਗੁਣਾਂ ਦਾ ਪਲੜਾ ਭਾਰੀ ਰਿਹਾ। ਮਿਹਨਤ ਅਤੇ ਸਾਦਗੀ ਅਪਨਾਉਣਯੋਗ ਗੁਣ ਹਨ।

# ਜਵਾਨੀ ਜ਼ਿੰਦਾਬਾਦ



ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ
559-285-0841
(Punjab Mail USA)



ਅਜੋਕੇ ਸਮੇਂ ਦਾ ਹਰ ਇਨਸਾਨ ਇਕੋ ਗੱਲ ਚਾਹੁੰਦਾ ਹੈ ਕਿ ਉਹ ਪੂਰੀ ਉਮਰ ਜਵਾਨ ਵਿਖਾਈ ਦਿੰਦਾ ਰਹੇ। ਪਰ ਬਹੁਤ ਸਾਰੀਆਂ ਗੱਲਾਂ ਕੁਦਰਤ ਦੇ ਵੱਸ ਵਿਚ ਹੁੰਦੀਆਂ ਹਨ। ਅਸਲ ਵਿਚ ਕੀ ਹੈ ਕਿ ਇਨਸਾਨ ਪੂਰੀ ਉਮਰ ਦੌਰਾਨ ਇਕੋ ਜਿਹਾ ਹੀ ਦੇਖਣ ਦੀ ਤਾਂਕ ਵਿਚ ਜ਼ਿੰਦਗੀ ਬਤੀਤ ਕਰਦਾ ਹੈ। ਇਹ ਜ਼ਿੰਦਗੀ ਦਾ ਦਸਤੂਰ ਵੀ ਹੈ ਅਤੇ ਰਹਿੰਦਾ ਵੀ ਹੈ ਕਿਉਂਕਿ ਜ਼ਿੰਦਗੀ ਕਿਸੇ ਦੇ ਆਖੇ ਮੁੜ ਨਹੀਂ ਜਾਂਦੀ, ਉਹ ਆਪਣੀ ਚਾਲੇ ਚੱਲਦੀ ਰਹਿੰਦੀ ਹੈ। ਇਨਸਾਨ ਪਹਿਲਾਂ ਬੱਚਾ, ਫਿਰ ਜਵਾਨ ਅਤੇ ਬਜ਼ੁਰਗ ਅਵਸਥਾ ਦੇ ਵਿਚ ਜਾ ਕੇ ਜ਼ਿੰਦਗੀ ਬਤੀਤ ਕਰਦਾ ਹੈ। ਜੇਕਰ ਉਹ ਕੁਦਰਤ ਦੇ ਰੰਗ ਵਿਚ ਰੰਗ ਕੇ ਜ਼ਿੰਦਗੀ ਬਤੀਤ ਕਰਦਾ ਹੈ, ਤਾਂ ਠੀਕ ਹੈ, ਨਹੀਂ ਤਾਂ ਫਿਰ ਕਈ ਵਾਰ ਜ਼ਿੰਦਗੀ ਔਝੜ ਭਰੇ ਰਾਹਾਂ ਦੀ ਪਾਂਧੀ ਹੋ ਨਿਬੜਦੀ ਹੈ। ਹਰ ਇਨਸਾਨ ਆਪਣੀ ਵਾਹ ਲਾ ਕੇ ਹਟਦਾ ਹੈ, ਆਪਣੇ ਆਪ ਨੂੰ ਜਵਾਨ ਦੇਖਣ ਦੇ ਲਈ ਕੁਝ ਵੀ ਕਰਦਾ ਹੈ। ਨਿੱਤ ਨਵੇਂ ਤਰ੍ਹਾਂ ਦੇ ਅਚਨੇ-ਮਚਨੇ ਕਰਕੇ ਬਹੁਤ ਸਾਰੇ ਇਨਸਾਨ ਕਈ ਵਾਰ ਆਪਣੀ ਸੂਰਤ ਹੋਰ ਵੀ ਖਰਾਬ ਕਰ ਲੈਂਦੇ ਹਨ ਅਤੇ ਕਈ ਵਾਰ ਬਹੁਤ ਸਾਰਿਆਂ ਨੇ ਆਪਣੀ ਦੇਹ ਨੂੰ ਬੁਰੀ ਤਰ੍ਹਾਂ ਖਰਾਬ ਕੀਤਾ ਹੈ।

ਗੁਰੂ ਸਾਹਿਬ ਨੇ ਗੁਰਬਾਣੀ ਦੇ ਵਿਚ ਅਤੇ ਆਪਣੀ ਜ਼ਿੰਦਗੀ ਦੇ ਫ਼ਲਸਫ਼ੇ ਅਨੁਸਾਰ ਇਨਸਾਨ ਨੂੰ ਆਖਿਆ ਹੈ ਕਿ ਜਵਾਨੀ ਨੂੰ ਸਾਂਭ ਕੇ ਰੱਖੋ। ਪਰ ਬਹੁਤ ਘੱਟ ਇਨਸਾਨ ਹੁੰਦੇ ਹਨ, ਜੋ ਨਵੀਂ ਉਮਰ ਨੂੰ ਸਾਂਭਦੇ ਹਨ। ਇਨਸਾਨ ਉਮਰ ਦੇ ਇਕ ਪੜਾਅ 'ਤੇ ਜਾ ਕੇ ਆਪਣੀ ਦਾੜ੍ਹੀ ਨੂੰ ਰੰਗ ਕੇ ਜਵਾਨ ਵਿਖਾਈ ਦੇਣ ਦੀ ਕੋਸ਼ਿਸ਼ ਕਰਦਾ ਹੈ। ਜੇਕਰ ਅਸੀਂ ਗੁਰਬਾਣੀ ਦੇ ਫਲਸਫੇ ਅਨੁਸਾਰ ਜ਼ਿੰਦਗੀ ਜੀਉ ਕੇ ਦੁਨੀਆਂ ਵਿਚ ਵਿਚਰਦੇ ਹਾਂ, ਤਾਂ ਇਹ ਆਪਣੇ ਆਪ ਵਿਚ ਬਹੁਤ ਵੱਡੀ ਗੱਲ ਹੈ। ਕਿਉਂਕਿ ਗੁਰੂ ਸਾਹਿਬ ਨੇ ਸਾਰੀ ਉਮਰ ਸਾਦਗੀ ਅਤੇ ਸੱਚ ਭਰਪੂਰ ਜ਼ਿੰਦਗੀ ਜਿਊਣ ਨੂੰ ਤਰਜੀਹ ਦੇ ਕੇ ਵੱਡੀ ਪੱਧਰ 'ਤੇ ਲੋਕਾਂ ਨੂੰ ਸੱਚੀ-ਸੁੱਚੀ ਕਿਰਤ ਕਰਨ ਦੇ ਰਾਹ ਪਾਇਆ ਹੈ। ਗੁਰਬਾਣੀ ਅਤੇ ਗੁਰੂ ਸਾਹਿਬ ਦਾ ਫ਼ਲਸਫ਼ਾ ਵੀ ਇਹ ਹੈ ਕੇ ਸੱਚੀ-ਸੁੱਚੀ ਕਿਰਤ ਕਰਕੇ ਨੌਜਵਾਨੀ ਨੂੰ ਆਪਣੇ ਕੰਮ ਵਿਚ ਨਿਪੁੰਨ ਹੋਣ ਦੀ ਜਾਂਚ ਹੋਣੀ ਚਾਹੀਦੀ ਹੈ। ਗੁਰੂ ਸਾਹਿਬ ਨੇ ਤਾ ਉਮਰ ਆਪਣੀ ਕਦੇ ਵੀ ਸਿਵਾਏ ਸਾਦਗੀ ਤੋਂ ਤੜਕ-ਭੜਕ ਭਰੀ ਜ਼ਿੰਦਗੀ ਨੂੰ ਆਪਣੇ ਨੇੜੇ ਨਾ ਢੁੱਕਣ ਦਿੱਤਾ। ਅੱਜ ਬਹੁਤ ਸਾਰੇ ਇਨਸਾਨ ਆਪਣੇ ਮੂੰਹ ਨੂੰ ਤਰ੍ਹਾਂ-ਤਰ੍ਹਾਂ ਦੀਆਂ ਕ੍ਰੀਮਾਂ ਲਾ ਕੇ ਰੰਗ-ਢੰਗ ਬਦਲਦੇ ਰਹਿੰਦੇ ਹਨ। ਕਈਆਂ ਵੱਲੋਂ ਆਪਣੇ ਮਾਪਿਆਂ ਦੀ ਇੱਜ਼ਤ ਨਹੀਂ ਕੀਤੀ ਜਾਂਦੀ, ਜੋ ਗ਼ਲਤ ਹੈ।

ਅੱਜ ਦੀ ਨੌਜਵਾਨੀ ਜ਼ਿੰਦਗੀ ਵਿਚ ਅਗਾਂਹ ਵਧਣ ਨੂੰ ਲੈ ਕੇ ਪੂਰੀ ਤਰ੍ਹਾਂ ਤਤਪਰ ਰਹਿੰਦੀ ਹੈ। ਬਹੁਤ ਸਾਰੇ ਨੌਜਵਾਨ ਜ਼ਿੰਦਗੀ ਨੂੰ ਸਹੀ ਤਰ੍ਹਾਂ ਲੀਹ 'ਤੇ ਲਿਆਉਣ ਲਈ ਕੰਮ ਕਰਦੇ ਹਨ। ਕਦੇ ਕੋਈ ਨੌਜਵਾਨ ਆਖਦਾ ਹੈ ਕਿ ਮੈਂ ਆਹ ਗੱਡੀ ਲੈ ਕੇ ਆਪਣੀ ਜ਼ਿੰਦਗੀ ਦੀ ਨਵੀਂ ਵਿਉਂਤਬੰਦੀ ਬਣਾਉਣ ਅਤੇ ਦੂਜਾ ਨੌਜਵਾਨ ਨਵੀਂ ਖੇਤੀ ਮਸ਼ੀਨਰੀ ਲੈ ਕੇ ਜ਼ਿੰਦਗੀ ਦੀ ਸਿਰਤੋੜ ਕੋਸ਼ਿਸ਼ ਨੂੰ ਨੇਪਰੇ ਚਾੜਨ ਦਾ ਰਾਹ ਪੱਧਰਾ ਕਰਦਾ ਹੈ। ਨੌਜੁਆਨਾਂ ਦੇ ਸੁਪਨੇ ਬਹੁਤ ਸੁਨਹਿਰੀ ਹਨ, ਉਨ੍ਹਾਂ ਵੱਲੋਂ ਆਪਣੇ ਸੁਪਨਿਆਂ ਨੂੰ ਨੇਪਰੇ ਚਾੜਨ ਦੇ ਲਈ ਕੋਈ ਵੀ ਸਮਾਂ ਅਜਾਈਂ ਨਹੀਂ ਜਾਣ ਦਿੱਤਾ ਹੈ ਕਿ ਇਹ ਵਿਸ਼ਾ ਵੱਖਰਾ ਹੈ ਕਿ ਬਹੁਤ ਸਾਰੇ ਨੌਜਵਾਨਾਂ ਦੇ ਸੁਪਨੇ ਕੁਝ ਕਾਰਨਾਂ ਕਰਕੇ ਰਾਹ ਵਿਚ ਹੀ ਟੁੱਟ ਜਾਂਦੇ ਹਨ। ਬਹੁਤ ਸਾਰੇ ਨੌਜਵਾਨਾਂ ਦੀਆਂ ਪਾਈਆਂ ਪੂਰੀਆਂ ਜ਼ਿੰਦਗੀ ਵਿਚ ਅੱਗੇ ਵੱਧ ਕੇ ਮੋਹਰੀ ਰੋਲ ਅਦਾ ਕਰਦੀਆਂ ਹਨ, ਜਿਵੇਂ ਕਈ ਨੌਜਵਾਨਾਂ ਨੇ ਸਿਆਸਤ ਵਿਚ ਦਾਖਲਾ ਲੈ ਕੇ ਚੰਗਾ ਕੰਮ ਕੀਤਾ ਹੈ। ਅਜਿਹੇ ਸਿਰੜੀ ਨੌਜਵਾਨ ਹਰ ਸਮੇਂ ਜ਼ਰੂਰ ਕਿਸਮਤ ਅਜ਼ਮਾਈ ਕਰਦੇ ਹਨ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਬਹੁਤ ਸਾਰੇ ਨੌਜਵਾਨ ਗੁਰੂ ਸਾਹਿਬ ਦੇ ਫਲਸਫੇ ਨੂੰ ਅਪਣਾ ਕੇ ਜ਼ਿੰਦਗੀ ਦੀ ਵਧੀਆ ਪਗਡੰਡੀ ਉੱਤੇ ਚੜ੍ਹ ਗਏ ਹਨ।

ਬਹੁਤ ਸਾਰੇ ਨੌਜਵਾਨਾਂ ਦੀ ਦਿਲੀ ਇੱਛਾ ਹੁੰਦੀ ਹੈ ਕਿ ਉਹ ਵਿਆਹ ਕਰਵਾ ਕੇ ਆਪਣੇ ਜੀਵਨ ਸਾਥੀ ਨਾਲ ਚੰਗੀ ਜ਼ਿੰਦਗੀ ਜਿਉਣ ਅਤੇ ਉਨ੍ਹਾਂ ਦੇ ਸੁਪਨੇ ਪੂਰੇ ਹੁੰਦੇ ਹਨ ਅਤੇ ਗੁਰੂ ਸਾਹਿਬ ਦੇ ਫ਼ਲਸਫ਼ੇ ਨੂੰ ਪ੍ਰਚਾਰਣ ਵਿਚ ਵੀ ਸਹਾਈ ਹੁੰਦੇ ਹਨ। ਨੌਜਵਾਨ ਵਰਗ ਦੀ ਖਾਹਿਸ਼ ਹੁੰਦੀ ਹੈ ਕਿ ਉਹ ਜ਼ਿੰਦਗੀ ਵਿਚ ਅੱਗੇ ਵੱਧ ਕੇ ਕੰਮ ਕਰਨ ਅਤੇ ਬਹੁਤ ਵਧੀਆ ਜ਼ਿੰਦਗੀ ਜਿਉਣ, ਇਹ ਤਮੰਨਾ ਹਰ ਨੌਜਵਾਨ ਦੀ ਹੁੰਦੀ ਹੈ। ਪਰ ਦੂਜੇ ਪਾਸੇ ਕੁਝ ਨੌਜਵਾਨ ਅਜਿਹੇ ਵੀ ਹੁੰਦੇ ਹਨ, ਜੋ ਨਸ਼ੇ ਅਤੇ ਫੁਕਰਾਪੰਥੀ ਦੇ ਢਹੇ ਚੜ੍ਹ ਕੇ ਆਪਣੀ ਜ਼ਿੰਦਗੀ ਬਰਬਾਦ ਕਰਦੇ ਹਨ, ਉਨ੍ਹਾਂ ਦੇ ਮਾਪੇ ਰੁਲ ਜਾਂਦੇ ਹਨ। ਇਹ ਵੀ ਜ਼ਿੰਦਗੀ ਦਾ ਇਕ ਦਸਤੂਰ ਹੈ ਕਿ ਨੌਜਵਾਨ ਵਰਗ ਜਦੋਂ ਮਾੜੀਆਂ ਅਲਾਮਤਾਂ ਦਾ ਸ਼ਿਕਾਰ ਹੁੰਦਾ ਹੈ, ਤਾਂ ਉਸ ਦੇ ਬੱਚੇ ਅਤੇ ਮਾਪੇ ਰੁਲ ਜਾਂਦੇ ਹਨ ਅਤੇ ਪੈਸੇ ਦੀ ਬਰਬਾਦੀ ਹੁੰਦੀ ਹੈ। ਜ਼ਮੀਨਾਂ ਖਤਮ ਹੋ ਜਾਂਦੀਆਂ ਹਨ ਅਤੇ ਜ਼ਿੰਦਗੀ ਗਲਤ ਰਾਹਾਂ ਵਿਚ ਪੈ ਕੇ ਬਰਬਾਦੀ ਦੇ ਕੰਢੇ ਵੱਲ ਚਲੀ ਜਾਂਦੀ ਹੈ। ਜੇਕਰ ਕੋਈ ਵੀ ਨੌਜਵਾਨ ਸਮਾਜ ਅੰਦਰ ਗਲਤ ਕੰਮ ਕਰਦਾ ਹੈ, ਤਾਂ ਉਸ ਦੀ ਬਦਨਾਮੀ ਹੁੰਦੀ ਹੈ। ਜੁਆਨੀ ਇਸ ਲਈ ਹੀ ਜ਼ਿੰਦਾਬਾਦ ਹੈ ਕਿ ਉਹ ਸਹੀ ਰਸਤੇ 'ਤੇ ਚੱਲੇ, ਗਲਤ ਨਹੀਂ।

ਪਿਛਲੇ ਸਮੇਂ ਇਹ ਵੀ ਵੇਖਣ ਵਿਚ ਆਇਆ ਹੈ ਕਿ ਕੁਝ ਨੌਜਵਾਨਾਂ ਨੇ ਆਪਣੀ ਜ਼ਿੰਦਗੀ ਦੀ ਪਗਡੰਡੀ ਨੂੰ ਨਸ਼ੇ ਦੀ ਲਪੇਟ ਵਿਚ ਲੈ ਕੇ ਖਤਮ ਕਰ ਲਿਆ ਹੈ। ਉਨ੍ਹਾਂ ਦੇ ਵਿਆਹ ਨਹੀਂ ਹੋ ਰਹੇ ਹਨ ਅਤੇ ਉਨ੍ਹਾਂ ਦੀ ਜ਼ਿੰਦਗੀ ਅਧੂਰੀ ਹੋ ਜਾਂਦੀ ਹੈ। ਇਹ ਵੀ ਇੱਕ ਤਰ੍ਹਾਂ ਨਾਲ ਜ਼ਿੰਦਗੀ ਦਾ ਇਹ ਦਸਤੂਰ ਹੈ ਕਿ ਜੋ ਇਨਸਾਨ ਗੁਰਬਾਣੀ ਦੇ ਫਲਸਫੇ ਤੋਂ ਦੂਰ ਹੋ ਜਾਂਦਾ ਹੈ, ਉਹ ਟੁੱਟਦਾ ਚਲਿਆ ਜਾਂਦਾ। ਪਿਛਲੇ ਸਮੇਂ ਇਹ ਵੀ ਦੇਖਣ ਵਿਚ ਆਇਆ ਹੈ ਕਿ ਜੋ ਨੌਜਵਾਨ ਆਪਣੇ ਮਾਂ-ਪਿਓ ਦੀ ਕਦਰ ਨਹੀਂ ਕਰਦੇ, ਉਹ ਰੁੱਲ ਜਾਂਦੇ ਹਨ। ਬਹੁਤ ਸਾਰੇ ਨੌਜਵਾਨਾਂ ਦੀ ਸੋਚ ਹੁੰਦੀ ਹੈ ਕਿ ਜ਼ਿੰਦਗੀ ਵਿਚ ਕਿਸੇ ਖਾਸ ਮਰਤਬੇ ਨੂੰ ਪਾ ਕੇ ਨਵੀਂ ਜ਼ਿੰਦਗੀ ਜਿਊਣਾ ਚਾਹੁੰਦੇ ਹਨ। ਪਰ ਕਾਰਨ ਅਜਿਹੇ ਬਣਦੇ ਨੇ ਕਿ ਉਹ ਇਹ ਚਾਹ ਕੇ ਵੀ ਇਸ ਤਰ੍ਹਾਂ ਨਹੀਂ ਕਰ ਸਕਦੇ। ਬਹੁਤ ਸਾਰੇ ਨੌਜਵਾਨ ਆਪਣੇ ਮਾਂ-ਪਿਓ ਦੀ ਸੇਵਾ ਕਰਕੇ ਰੁਤਬਾ ਖੱਟ ਜਾਂਦੇ ਹਨ ਅਤੇ ਜ਼ਿੰਦਗੀ ਦੀਆਂ ਮੰਜ਼ਿਲਾਂ ਨੂੰ ਪਾ ਕੇ ਆਪਣਾ ਕੰਮ ਕਰਦੇ ਹਨ। ਪਿਛਲੇ ਦਿਨੀਂ ਇੱਕ ਨੌਜਵਾਨ ਦੀ ਆਪਣੇ ਮਾਂ-ਪਿਉ ਨੂੰ ਧੱਕੇ ਮਾਰਦੇ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਉਸਨੂੰ ਲੋਕਾਂ ਨੇ ਲਾਹਣਤਾਂ ਪਾਈਆਂ ਸਨ। ਇਸ ਲਈ ਨੌਜਵਾਨੀ ਨੂੰ ਸਹੀ ਕੰਮ ਕਰਨੇ ਚਾਹੀਦੇ ਹਨ।

ਕਈ ਨੌਜਵਾਨਾਂ ਵੱਲੋਂ ਆਪਣੇ ਇਰਾਦੇ ਸਦਕਾ ਉੱਚੀ ਮੰਜ਼ਿਲ ਨੂੰ ਪਾ ਕੇ ਵਾਹਵਾ ਖੱਟੀ ਹੈ। ਚਾਹੇ ਉਹ ਪੁਲਿਸ ਵਿਭਾਗ ਹੋਵੇ ਜਾਂ ਸਿਆਸਤ, ਉਨ੍ਹਾਂ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ ਅਤੇ ਵੱਡੇ ਮਰਤਬੇ ਹਾਸਲ ਕੀਤੇ ਹਨ। ਇਹ ਆਪਣੇ ਆਪ ਵਿਚ ਬਹੁਤ ਵੱਡੀ ਗੱਲ ਹੈ। ਜ਼ਿੰਦਗੀ ਅੰਦਰ ਸਾਰਿਆਂ ਨੂੰ ਕੁਝ ਨਾ ਕੁਝ ਕਰਨ ਦੀ ਜ਼ਰੂਰਤ ਹੁੰਦੀ ਹੈ, ਇਸ ਲਈ ਨੌਜਵਾਨ ਵਰਗ ਦੀ ਪਹਿਲ ਹੁੰਦੀ ਹੈ ਕਿ ਉਹ ਜ਼ਿੰਦਗੀ ਅੰਦਰ ਕੁਝ ਹਾਸਲ ਕਰਕੇ ਸਮਾਜ ਨੂੰ ਦੇਣ ਦੇ ਦੇਵੇ। ਕਿਉਂਕਿ ਅੱਜਕਲ੍ਹ ਸਾਡੇ ਸਮਾਜ ਦੀਆਂ ਨੌਜਵਾਨੀ ਤੋਂ ਬਹੁਤ ਵੱਡੀਆਂ ਆਸਾਂ ਹਨ। ਸਿਆਸਤ ਦੇ ਖੇਤਰ ਅੰਦਰ ਨੌਜਵਾਨਾਂ ਨੇ ਵੱਡੀ ਪੱਧਰ 'ਤੇ ਪੂਰੀਆਂ ਪਾ ਕੇ ਸਮਾਜ ਨੂੰ ਸਹੀ ਰੁਤਬਾ ਬਖਸ਼ਿਆ ਹੈ। ਇਕ ਦਸਤੂਰ ਵੀ ਹੈ ਕਿ ਜੋ ਵਿਅਕਤੀ ਸਮਾਜ ਅਤੇ ਕੁਦਰਤ ਦੀ ਉਲੰਘਣਾ ਕਰਦਾ ਹੈ, ਉਹ ਕਦੇ ਵੀ ਪੂਰੀ ਨਹੀਂ ਪਾ ਸਕਦਾ। ਸਮਾਜਿਕ ਸਰੋਕਾਰਾਂ ਨੂੰ ਧਿਆਨ ਵਿਚ ਰੱਖ ਕੇ ਇਹ ਸਾਰਾ ਕੁਝ ਸਹੀ ਹੁੰਦਾ। ਪਰ ਅੱਜ ਦਾ ਨੌਜਵਾਨ ਗ਼ਲਤ ਰਸਤੇ 'ਤੇ ਪੈ ਕੇ ਬਹੁਤ ਕੁਝ ਕਰਨਾ ਲੋਚਦਾ ਹੈ, ਜੋ ਵੀ ਕਿਤੇ ਨਾ ਕਿਤੇ ਸਹੀ ਨਹੀਂ ਹੈ। ਨੌਜਵਾਨੀ ਦੀ ਗੱਲ ਕਲਾਕਾਰਾਂ ਦੇ ਆਪਣੇ ਗੀਤਾਂ ਅਤੇ ਸੱਭਿਆਚਾਰ ਵਿਚ ਵੀ ਬਾਖ਼ੂਬੀ ਝਲਕਦੀ ਹੈ। ਇਸ ਲਈ ਨੌਜਵਾਨਾਂ ਨੂੰ ਆਪਣੀ ਜ਼ਿੰਦਗੀ ਦੀ ਗੱਲ ਉਸ ਢੰਗ ਨਾਲ ਕਰਨੀ ਬਣਦੀ ਹੈ, ਜਿਸ ਦਾ ਰਸਤਾ ਸਿੱਧਾ ਸਹੀ ਮੰਜ਼ਿਲ ਨੂੰ ਜਾਂਦਾ ਹੈ। ਜਵਾਨੀ ਜ਼ਿੰਦਾਬਾਦ।

# ਇਨਸਾਨ ਗੁੱਸੇ ਦਾ ਸ਼ਿਕਾਰ



ਸੰਜੀਵ ਸਿੰਘ ਸੈਣੀ
ਮੋਹਾਲੀ
78889-66168
(Punjab Mail USA)



ਅੱਜ ਹਰ ਇਨਸਾਨ ਗੁੱਸੇ ਦਾ ਸ਼ਿਕਾਰ ਹੈ। ਕਈ ਵਾਰ ਛੋਟੀ-ਛੋਟੀ ਗੱਲਾਂ 'ਤੇ ਗੁੱਸਾ ਕਰਕੇ ਇਨਸਾਨ ਦੀ ਮਾਨਸਿਕ ਤੇ ਸਰੀਰਕ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ। ਜੇ ਅੱਜ ਰੋਜ਼-ਮਰਾ ਦੀ ਜ਼ਿੰਦਗੀ ਵਿਚ ਝਾਤੀ ਮਾਰੀਏ, ਤਾਂ ਨਿੱਕੀਆਂ-ਨਿੱਕੀਆਂ ਗੱਲਾਂ 'ਤੇ ਗੁੱਸਾ ਕਰ ਲੈਂਦੇ ਹਾਂ। ਗੁੱਸੇ ਕਾਰਨ ਆਪਣੇ ਰਿਸ਼ਤੇਦਾਰਾਂ ਨਾਲ ਦੂਰੀਆਂ ਵੱਧ ਜਾਂਦੀਆਂ ਹਨ। ਗੁੱਸਾ ਅਜਿਹੀ ਗਲਤੀ ਹੈ, ਜਿਸ ਨਾਲ ਮਨੁੱਖ ਆਪ ਤਾਂ ਪਰੇਸ਼ਾਨ ਹੁੰਦਾ ਹੈ, ਗੁੱਸੇ ਦੀ ਬਲਦੀ ਅੱਗ ਵਿਚ ਸੜਦਾ ਹੈ। ਕਈ ਵਾਰ ਤਾਂ ਮਾਹੌਲ ਅਜਿਹਾ ਸਿਰਜ ਜਾਂਦਾ ਹੈ ਕਿ ਸਾਹਮਣੇ ਵਾਲਾ ਵੀ ਪ੍ਰੇਸ਼ਾਨ ਹੋ ਜਾਂਦਾ ਹੈ। ਗੁੱਸਾ ਅਕਲ ਨੂੰ ਖਾ ਜਾਂਦਾ ਹੈ। ਅਸੀਂ ਸਮਾਜ ਵਿਚ ਵਿਚਰਦੇ ਹਾਂ। ਕਈ ਅਜਿਹੇ ਇਨਸਾਨ ਹੁੰਦੇ ਹਨ, ਜਿਨ੍ਹਾਂ ਨੂੰ ਛੋਟੀ-ਛੋਟੀ ਗੱਲਾਂ 'ਤੇ ਹੀ ਗੁੱਸਾ ਆ ਜਾਂਦਾ ਹੈ। ਅਜਿਹੇ ਇਨਸਾਨਾਂ ਵਿਚ ਬਰਦਾਸ਼ਤ ਸ਼ਕਤੀ, ਨਿਮਰਤਾ, ਸ਼ਹਿਣਸ਼ੀਲਤਾ ਬਿਲਕੁੱਲ ਵੀ ਨਹੀਂ ਹੁੰਦੀ ਹੈ। ਘਰ ਦਾ ਮਾਹੌਲ ਵੀ ਨਰਕ ਬਣਾ ਲੈਂਦੇ ਹਨ। ਪਤਾ ਨਹੀਂ ਇਨਸਾਨ ਗੁੱਸੇ ਵਿਚ ਆ ਕੇ ਕੀ-ਕੀ ਬੋਲ ਦਿੰਦਾ ਹੈ? ਰਿਸ਼ਤੇ ਕਈ ਵਾਰ ਟੁੱਟਣ ਦੀ ਕਗਾਰ ਤੱਕ ਪੁੱਜ ਜਾਂਦੇ ਹਨ। ਸਿਆਣੇ ਅਕਸਰ ਕਹਿੰਦੇ ਹਨ ਕਿ ਤਲਵਾਰ ਦਾ ਜ਼ਖ਼ਮ ਤਾਂ ਭਰ ਜਾਂਦਾ ਹੈ, ਪਰ ਜ਼ੁਬਾਨੋਂ ਨਿਕਲੇ ਬੋਲ ਕਦੇ ਵੀ ਦੂਰੀਆਂ ਨੂੰ ਮਿਟਾ ਨਹੀਂ ਸਕਦੇ। ਜਦੋਂ ਰਿਸ਼ਤਾ ਟੁੱਟ ਜਾਂਦਾ ਹੈ, ਫਿਰ ਪਛਤਾਉਣ ਦਾ ਕੋਈ ਫ਼ਾਇਦਾ ਨਹੀਂ ਹੁੰਦਾ। ਫਿਰ ਇਨਸਾਨ ਨੂੰ ਬਹੁਤ ਬੁਰਾ ਲੱਗਦਾ ਹੈ ਕਿ ਮੈਂ ਗੁੱਸੇ ਵਿਚ ਇਹ ਕੀ ਕਰ ਦਿੱਤਾ ਹੈ। ਕਈ ਇਨਸਾਨ ਇੰਨੇ ਸਹਿਣਸ਼ੀਲ ਹੁੰਦੇ ਹਨ ਕਿ ਜੇ ਗੁੱਸੇ ਵਿਚ ਉਨ੍ਹਾਂ ਨੂੰ ਕੋਈ ਕੁਝ ਕਹਿ ਰਿਹਾ ਹੁੰਦਾ ਹੈ, ਤਾਂ ਉਹ ਬਿਲਕੁਲ ਵੀ ਅੱਗੋਂ ਜਵਾਬ ਤੱਕ ਨਹੀਂ ਦਿੰਦੇ ਹਨ। ਅੱਜ ਦੇ ਸਮੇਂ ਵਿਚ ਜੇ ਬੱਚਿਆਂ ਦੀ ਗੱਲ ਕਰੀਏ, ਤਾਂ ਉਨ੍ਹਾਂ 'ਚ ਬਰਦਾਸ਼ਤ ਸ਼ਕਤੀ ਬਿਲਕੁਲ ਵੀ ਨਹੀਂ ਹੈ। ਮਾਂ-ਬਾਪ ਨੇ ਆਪਣੇ ਬੱਚਿਆਂ ਨੂੰ ਟੋਕਣਾ ਤਾਂ ਹੈ, ਜੇ ਉਹ ਗ਼ਲਤ ਚੱਲ ਰਹੇ ਹਨ। ਮਾਂ ਬਾਪ ਦੀਆਂ ਝਿੜਕਾਂ ਤੱਕ ਬਰਦਾਸ਼ਤ ਨਹੀਂ ਕਰਦੇ। ਗੁੱਸੇ ਵਿਚ ਆ ਕੇ ਕੋਈ ਅਜਿਹਾ ਕਦਮ ਚੁੱਕ ਲੈਂਦੇ ਹਨ, ਫਿਰ ਸਾਰੀ ਜ਼ਿੰਦਗੀ ਦਾ ਪਛਤਾਵਾ ਰਹਿ ਜਾਂਦਾ ਹੈ।

ਜੇ ਪਰਿਵਾਰਾਂ ਦੀ ਗੱਲ ਕਰੀਏ, ਤਾਂ ਪਰਿਵਾਰਾਂ ਵਿਚ ਛੋਟੀ-ਛੋਟੀ ਗੱਲਾਂ ਨੂੰ ਲੈ ਕੇ ਤਕਰਾਰ ਹੋ ਜਾਂਦਾ ਹੈ। ਕਈ ਵਾਰ ਪਰਿਵਾਰ ਵਿਚ ਅਜਿਹਾ ਮੈਂਬਰ ਹੁੰਦਾ ਹੈ, ਜੋ ਛੋਟੀ-ਛੋਟੀ ਗੱਲ 'ਤੇ ਲੜਾਈ ਝਗੜਾ ਕਰਨ ਨੂੰ ਤਿਆਰ ਹੋ ਜਾਂਦਾ ਹੈ। ਅਜਿਹੇ ਇਨਸਾਨ ਵਿਚ ਪਿਆਰ, ਸਤਿਕਾਰ, ਨਿਮਰਤਾ ਤਾਂ ਬਿਲਕੁਲ ਵੀ ਨਹੀਂ ਹੁੰਦੀ। ਆਪਣੀ ਹੀ ਅੱਗ ਵਿਚ ਸੜਦਾ ਰਹਿੰਦਾ ਹੈ। ਭੈੜੀ ਸ਼ਕਲ ਦੇਖਣ ਨੂੰ ਦਿਲ ਨਹੀਂ ਕਰਦਾ। ਕਈ ਵਾਰ ਘਰਾਂ ਵਿਚ ਸਵੇਰੇ-ਸਵੇਰੇ ਤਕਰਾਰ ਤੱਕ ਹੋ ਜਾਂਦਾ ਹੈ, ਕਿ ਫਲਾਣੀ ਚੀਜ਼ ਕਿੱਥੇ ਹੈ ਜਾਂ ਮੇਰਾ ਬੈਗ ਕਿੱਥੇ ਹੈ। ਛੋਟੀ ਗੱਲ ਪਿੱਛੇ ਹੀ ਘਰ ਦਾ ਮਾਹੌਲ ਨਰਕ ਬਣ ਜਾਂਦਾ ਹੈ। ਜੇ ਸਵੇਰੇ ਹੀ ਘਰ ਵਿਚ ਗੁੱਸੇ ਨਾਲ ਲੜਾਈ ਝਗੜਾ ਹੋ ਜਾਂਦਾ ਹੈ ਤੇ ਸਾਰਾ ਦਿਨ ਹੀ ਉਦਾਸ ਨਿਕਲਦਾ ਹੈ। ਦਫ਼ਤਰਾਂ ਵਿਚ ਵੀ ਇੱਕ ਦੋ ਅਜਿਹੇ ਬੰਦੇ ਹੁੰਦੇ ਹਨ, ਜਿਨ੍ਹਾਂ ਵਿਚ ਬਰਦਾਸ਼ਤ ਸ਼ਕਤੀ ਬਿਲਕੁਲ ਵੀ ਨਹੀਂ ਹੁੰਦੀ ਹੈ। ਜੇ ਕੰਮ ਸਮੇਂ 'ਤੇ ਟੇਬਲ 'ਤੇ ਕਰਕੇ ਨਹੀਂ ਪੁੱਜਿਆ ਜਾਂ ਕਈ ਵਾਰ ਛੋਟੀ-ਛੋਟੀ ਗੱਲ 'ਤੇ ਹੀ ਦਫ਼ਤਰ ਵਿਚ ਤੂਫਾਨ ਖੜ੍ਹਾ ਕਰ ਦਿੰਦੇ ਹਨ। ਅਜਿਹੇ ਇਨਸਾਨ ਨੂੰ ਫ਼ਿਰ ਦਫਤਰ ਵਿਚ ਵੀ ਕੋਈ ਪਸੰਦ ਨਹੀਂ ਕਰਦਾ ਹੈ। ਦੁੱਖ ਵਿਚ ਕੋਈ ਕੋਲ ਤੱਕ ਵੀ ਨਹੀਂ ਖੜਦਾ। ਕਈ ਵਾਰ ਅਜਿਹੇ ਇਨਸਾਨ ਅਜਿਹੀ ਗੰਦੀ ਸ਼ਬਦਾਂ ਦੀ ਵਰਤੋਂ ਕਰਦਾ ਹੈ ਕਿ ਸਾਹਮਣੇ ਵਾਲੇ ਦਾ ਮਰਨਾ ਹੋ ਜਾਂਦਾ ਹੈ। ਫਿਰ ਅਜਿਹੇ ਬੰਦੇ ਦੀ ਕੋਈ ਵੀ ਇੱਜ਼ਤ ਨਹੀਂ ਕਰਦਾ। ਕਿਤੇ ਪੜ੍ਹਿਆ ਸੀ ਕਿ ਇੱਕ ਇਨਸਾਨ ਕਿਤਾਬ ਪੜ੍ਹ ਰਿਹਾ ਸੀ, ਉਸ ਕਿਤਾਬ ਦਾ ਨਾਮ ਸੀ "ਸਹਿਣਸ਼ੀਲਤਾ"। ਉਸ ਇਨਸਾਨ ਦੀ ਘਰਵਾਲੀ ਨੇ ਉਸ ਨੂੰ ਕਿਹਾ ਕਿ ਤੁਸੀਂ ਨਾਸ਼ਤਾ ਕਰ ਲਓ। ਜਦੋਂ ਪੰਦਰਾਂ ਕੁ ਮਿੰਟ ਹੋ ਗਏ, ਫਿਰ ਪਤਨੀ ਨੇ ਕਿਹਾ ਕਿ ਤੁਸੀਂ ਨਾਸ਼ਤਾ ਕਰ ਲਓ। ਗੁੱਸੇ ਵਿਚ ਆ ਕੇ ਪਤੀ ਨੇ ਉਹ ਕਿਤਾਬ ਪਤਨੀ ਦੇ ਸਿਰ ਵਿਚ ਮਾਰੀ। ਵਿਚਾਰਨ ਵਾਲੀ ਗੱਲ ਹੈ ਕਿ ਕਿਤਾਬ ਤਾਂ ਤੁਸੀਂ ਸਹਿਣਸ਼ੀਲਤਾ ਵਾਲੀ ਪੜ੍ਹ ਰਹੇ ਹੋ ਕਿ ਤੁਹਾਡੇ ਅੰਦਰ ਸ਼ਹਿਣਸ਼ੀਲਤਾ ਹੈ? ਪਿਆਰ ਹੈ?

ਚਲੋ ਜੇ ਮਾੜਾ-ਮੋਟਾ ਗੁੱਸਾ ਆ ਵੀ ਜਾਂਦਾ ਹੈ, ਤਾਂ ਉਸ 'ਤੇ ਕੰਟਰੋਲ ਕਰੋ। ਬਾਹਰ ਨਿਕਲ ਜਾਓ। ਚੰਗੀ ਕਿਤਾਬ ਪੜ੍ਹੋ। ਪਾਰਕ ਵਿਚ ਸੈਰ ਕਰੋ। ਜਿਸ ਵੀ ਧਾਰਮਿਕ ਸਥਾਨ 'ਤੇ ਤੁਸੀਂ ਜਾਂਦੇ ਹੋ, ਉਸ ਦਾ ਸਿਮਰਨ ਕਰੋ। ਪ੍ਰਮਾਤਮਾ ਦਾ ਸ਼ੁਕਰਗੁਜ਼ਾਰ ਕਰੋ। ਨਕਰਾਤਮਕ ਵਿਚਾਰਾਂ ਨੂੰ ਆਪਣੇ ਨੇੜੇ ਨਾ ਢੁੱਕਣ ਦਿਓ। ਕਸਰਤ ਕਰੋ। ਗੁੱਸੇ 'ਤੇ ਕੰਟਰੋਲ ਕਰਨਾ ਬਹੁਤ ਵੱਡੀ ਚੁਣੌਤੀ ਹੁੰਦੀ ਹੈ। ਹਾਸੀ ਮਜ਼ਾਕ ਦੀ ਵਰਤੋਂ ਕਰੋ। ਬੋਲਣ ਤੋਂ ਪਹਿਲਾ ਸੋਚੋ। ਮਾਫ਼ ਕਰਨਾ ਇੱਕ ਬਹੁਤ ਵੱਡਾ ਸਾਧਨ ਹੈ। ਸਿਆਣੇ ਕਹਿੰਦੇ ਵੀ ਹਨ ਕਿ ਗ਼ਲਤੀ ਕਰਨ ਨਾਲੋਂ ਮਾਫ਼ ਕਰਨ ਵਾਲਾ ਵੱਡਾ ਹੁੰਦਾ ਹੈ। ਸੋ ਸਾਨੂੰ ਜਿਹੋ ਮਰਜ਼ੀ ਹਾਲਾਤ ਹੋਣ, ਆਪਣੇ ਗੁੱਸੇ 'ਤੇ ਕੰਟਰੋਲ ਕਰਨਾ ਚਾਹੀਦਾ ਹੈ।

# ਦਿਹਾੜੀਦਾਰ ਮਜ਼ਦੂਰਾਂ ਦੀ ਦੁਰਦਸ਼ਾ ਲਈ ਕੌਣ ਜ਼ਿੰਮੇਵਾਰ?


ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ, ਹਿਸਾਰ, (ਹਰਿਆਣਾ)
ਮੋ : 70153-75570
(Punjab Mail USA)




ਬਦਲਦੇ ਸਮੇਂ ਵਿਚ ਕਈ ਤਰ੍ਹਾਂ ਦੀਆਂ ਆਫ਼ਤਾਂ ਕਾਰਨ ਸਭ ਤੋਂ ਵੱਡਾ ਸੰਕਟ ਦਿਹਾੜੀਦਾਰ ਮਜ਼ਦੂਰਾਂ ਲਈ ਖੜ੍ਹਾ ਹੋ ਗਿਆ ਹੈ। ਜਿਨ੍ਹਾਂ ਬਾਰੇ ਦੇਸ਼ ਅੰਦਰ ਬਹੁਤ ਘੱਟ ਚਰਚਾ ਹੋਈ ਅਤੇ ਦੇਸ਼ ਦੀ ਸਰਕਾਰ ਨੇ ਉਨ੍ਹਾਂ ਦੀ ਆਰਥਿਕ ਮਦਦ ਲਈ ਕੁਝ ਨਹੀਂ ਸੋਚਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਦੇਸ਼ ਦਾ ਮਜ਼ਦੂਰ ਵਰਗ ਸਭ ਤੋਂ ਵੱਧ ਸ਼ੋਸ਼ਿਤ ਹੈ। ਦਿਹਾੜੀਦਾਰ ਮਜ਼ਦੂਰਾਂ ਲਈ ਗੁਜ਼ਾਰੇ ਦਾ ਸੰਕਟ ਖੜ੍ਹਾ ਹੋ ਗਿਆ ਹੈ। ਰੋਜ਼ੀ-ਰੋਟੀ ਦੀ ਭਾਲ ਵਿਚ ਸ਼ਹਿਰਾਂ ਵਿਚ ਆਉਣ ਵਾਲੇ ਮਜ਼ਦੂਰ ਭੁੱਖੇ ਮਰ ਰਹੇ ਹਨ। ਦਿਹਾੜੀਦਾਰ ਮਜ਼ਦੂਰਾਂ ਦਾ ਜ਼ਿੰਮੇਵਾਰ ਕੌਣ? ਦੇਸ਼ ਭਰ ਵਿਚ ਕਰੋੜਾਂ ਲੋਕ ਦਿਹਾੜੀਦਾਰ ਹਨ। ਰਾਸ਼ਟਰ ਨਿਰਮਾਣ ਵਿਚ ਮਜ਼ਦੂਰ ਦੀ ਅਹਿਮ ਭੂਮਿਕਾ ਹੁੰਦੀ ਹੈ।

ਕਿਸੇ ਵੀ ਸਮਾਜ, ਦੇਸ਼, ਸੰਸਥਾ ਅਤੇ ਉਦਯੋਗ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਮਹੱਤਤਾ ਨੂੰ ਕੋਈ ਵੀ ਘੱਟ ਨਹੀਂ ਸਮਝ ਸਕਦਾ। ਉਨ੍ਹਾਂ ਦੀ ਮਿਹਨਤ ਤੋਂ ਬਿਨਾਂ ਉਦਯੋਗਿਕ ਢਾਂਚੇ ਦੀ ਖੜ੍ਹੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਦਿਹਾੜੀਦਾਰ ਮਜ਼ਦੂਰਾਂ ਦੀਆਂ ਗਤੀਵਿਧੀਆਂ ਜਾਂ ਅੰਕੜਿਆਂ ਦਾ ਸੰਗ੍ਰਹਿ ਕਿਸੇ ਕਾਨੂੰਨੀ ਵਿਵਸਥਾ ਦੇ ਤਹਿਤ ਸਟੋਰ ਨਹੀਂ ਕੀਤਾ ਜਾਂਦਾ ਹੈ, ਭਾਵ ਸਰਕਾਰ ਉਨ੍ਹਾਂ ਦਾ ਖਾਤਾ ਨਹੀਂ ਰੱਖਦੀ। ਇਹ ਦਿਹਾੜੀਦਾਰ ਕਾਮੇ/ਗੈਰ-ਰਸਮੀ/ਅਸੰਗਠਿਤ ਖੇਤਰ ਜੀ.ਡੀ.ਪੀ. ਅਤੇ ਰੁਜ਼ਗਾਰ ਵਿਚ ਯੋਗਦਾਨ ਦੇ ਮਾਮਲੇ ਵਿਚ ਭਾਰਤੀ ਅਰਥਵਿਵਸਥਾ ਵਿਚ ਇੱਕ ਪ੍ਰਮੁੱਖ ਸਥਾਨ ਰੱਖਦੇ ਹਨ। ਦੇਸ਼ ਵਿਚ ਕੁੱਲ ਕਰਮਚਾਰੀਆਂ ਵਿਚੋਂ, ਲਗਭਗ 72 ਪ੍ਰਤੀਸ਼ਤ ਸ਼ਹਿਰੀ ਖੇਤਰਾਂ ਵਿਚ ਆਮ/ਗੈਰ-ਰਸਮੀ ਖੇਤਰ ਵਿਚ ਲੱਗੇ ਹੋਏ ਹਨ।

ਸ਼ਹਿਰੀ ਵਿਕਾਸ ਵਿਚ ਆਮ/ਗੈਰ-ਰਸਮੀ ਖੇਤਰ ਦੀ ਮਹੱਤਤਾ ਬਹੁਤ ਜ਼ਿਆਦਾ ਹੈ। ਭਾਰਤ ਦੇ ਆਰਥਿਕ ਸਰਵੇਖਣ ਦੇ ਅਨੁਸਾਰ, ਲਗਭਗ 500 ਮਿਲੀਅਨ ਕਾਮਿਆਂ ਦੇ ਭਾਰਤ ਦੇ ਕੁੱਲ ਕਰਮਚਾਰੀਆਂ ਦਾ ਲਗਭਗ 90% ਗੈਰ ਰਸਮੀ ਖੇਤਰ ਵਿਚ ਲੱਗਿਆ ਹੋਇਆ ਹੈ। ਇੰਨਾ ਹੀ ਨਹੀਂ, ਪਰਵਾਸੀ ਦਿਹਾੜੀਦਾਰ ਮਜ਼ਦੂਰ ਨਾ ਸਿਰਫ਼ ਆਧੁਨਿਕ ਭਾਰਤ, ਬਲਕਿ ਆਧੁਨਿਕ ਸਿੰਗਾਪੁਰ, ਆਧੁਨਿਕ ਦੁਬਈ ਅਤੇ ਹਰ ਆਧੁਨਿਕ ਦੇਸ਼ ਦਾ ਨਿਰਮਾਤਾ ਹੈ, ਜੋ ਆਪਣੇ ਆਪ ਨੂੰ ਆਧੁਨਿਕਤਾ ਦੇ ਗਲੈਮਰ ਕੋਸ਼ੇਂਟ ਵਿਚ ਸ਼ਾਮਲ ਕਰਦਾ ਹੈ। ਭਾਰਤ ਵਿਚ ਸ਼ਹਿਰੀ ਅਰਥਵਿਵਸਥਾ ਵਿਕਾਸਸ਼ੀਲ ਅਰਥਵਿਵਸਥਾਵਾਂ ਦੇ ਸਮਾਨ ਹੈ, ਜੋ ਗੈਰ ਰਸਮੀ ਕਾਮਿਆਂ, ਆਮ ਮਜ਼ਦੂਰਾਂ ਅਤੇ ਅਸੰਗਠਿਤ ਖੇਤਰ ਦੁਆਰਾ ਲਿਆਂਦੀ ਗਈ ਹੈ। ਦਰਅਸਲ, ਇਹ ਬੈਕ-ਐਂਡ ਭਾਰਤ ਹੈ, ਜੋ ਆਧੁਨਿਕ ਆਰਥਿਕਤਾ ਦੇ ਪਹੀਏ ਨੂੰ ਚਲਦਾ ਰੱਖਣ ਲਈ ਰੋਜ਼ਾਨਾ ਆਧਾਰ 'ਤੇ ਲੋੜੀਂਦੇ ਸਮਰਥਨ ਨਾਲ ਫਰੰਟ-ਐਂਡ ਭਾਰਤ ਪ੍ਰਦਾਨ ਕਰਦਾ ਹੈ।

ਫੈਕਟਰੀਆਂ, ਉਦਯੋਗਿਕ ਇਕਾਈਆਂ, ਹੋਟਲ, ਰੈਸਟੋਰੈਂਟ ਅਤੇ ਹੋਰ ਬਹੁਤ ਸਾਰੇ ਅਦਾਰੇ, ਚਾਹੇ ਵੱਡੇ ਨਾਵਾਂ ਅਤੇ ਉਨ੍ਹਾਂ ਦੇ ਜਾਣੇ-ਪਛਾਣੇ ਸੰਚਾਲਕ ਹੋਣ, ਅਜਿਹੇ ਮਜ਼ਦੂਰਾਂ ਜਾਂ ਦਿਹਾੜੀਦਾਰਾਂ 'ਤੇ ਨਿਰਭਰ ਹਨ। ਉਹ ਵੱਖ-ਵੱਖ ਉਦੇਸ਼ਾਂ ਲਈ ਆਉਂਦੇ ਹਨ। ਉਬੇਰ ਅਤੇ ਓਲਾ ਡਰਾਈਵਰ, ਮਿਸਤਰੀ, ਤਰਖਾਣ, ਫੂਡ ਡਿਲੀਵਰੀ ਬੁਆਏ, ਪੇਂਟਰ, ਪਲੰਬਰ ਅਤੇ ਹੋਰ ਬਹੁਤ ਸਾਰੇ ਹਨ। ਭਾਰਤ ਦੇ ਅੰਦਰ ਕਿਰਤ ਪਰਵਾਸ ਆਰਥਿਕ ਵਿਕਾਸ ਲਈ ਮਹੱਤਵਪੂਰਨ ਹੈ ਅਤੇ ਲੋਕਾਂ ਦੀ ਸਮਾਜਿਕ-ਆਰਥਿਕ ਸਥਿਤੀ ਨੂੰ ਸੁਧਾਰਨ ਵਿਚ ਯੋਗਦਾਨ ਪਾਉਂਦਾ ਹੈ। ਮਾਈਗ੍ਰੇਸ਼ਨ ਆਮਦਨ ਵਿਚ ਸੁਧਾਰ ਕਰਨ, ਹੁਨਰ ਵਿਕਸਿਤ ਕਰਨ ਅਤੇ ਸਿਹਤ ਸੰਭਾਲ ਅਤੇ ਸਿੱਖਿਆ ਵਰਗੀਆਂ ਸੇਵਾਵਾਂ ਤੱਕ ਵਧੇਰੇ ਪਹੁੰਚ ਪ੍ਰਦਾਨ ਕਰਨ ਵਿਚ ਮਦਦ ਕਰ ਸਕਦਾ ਹੈ।

ਇਸ ਦੇ ਬਾਵਜੂਦ ਇਹ ਦਿਹਾੜੀਦਾਰ ਮਜ਼ਦੂਰ ਕਈ ਸਮੱਸਿਆਵਾਂ ਵਿਚ ਘਿਰੇ ਹੋਏ ਹਨ। ਸਾਡੇ ਰਾਜਾਂ ਅਤੇ ਸ਼ਹਿਰਾਂ ਵਿਚ ਕਿੰਨੇ ਗੈਰ-ਰਸਮੀ ਖੇਤਰ ਦੇ ਕਾਮੇ/ਦਿਹਾੜੀ ਕਮਾਉਣ ਵਾਲੇ ਦਾਖਲ ਹੁੰਦੇ ਹਨ ਅਤੇ ਛੱਡਦੇ ਹਨ, ਇਸ ਬਾਰੇ ਕੋਈ ਭਰੋਸੇਯੋਗ ਡਾਟਾ ਨਹੀਂ ਹੈ। ਭਾਰਤ ਦੇ ਆਰਥਿਕ ਸਰਵੇਖਣ 2019 ਦੇ ਅਨੁਸਾਰ, ਭਾਰਤ ਦੇ ਕੁੱਲ ਕਰਮਚਾਰੀਆਂ ਦਾ ਲਗਭਗ 90% ਗੈਰ ਰਸਮੀ ਖੇਤਰ ਵਿਚ ਰੁੱਝਿਆ ਹੋਇਆ ਹੈ। ਮੁੱਖ ਚੁਣੌਤੀਆਂ ਵਿਚ ਨੌਕਰੀ ਦੀ ਸੁਰੱਖਿਆ ਦੀ ਘਾਟ, ਬੈਂਕਿੰਗ ਅਤੇ ਬੀਮਾ ਚੈਨਲਾਂ ਤੱਕ ਸੀਮਤ ਜਾਂ ਕੋਈ ਪਹੁੰਚ ਅਤੇ ਕਰਮਚਾਰੀਆਂ ਦੇ ਰਿਕਾਰਡਾਂ ਦੀ ਅਣਹੋਂਦ ਵਿਚ ਇੱਕ ਆਮ ਤੌਰ 'ਤੇ ਘੱਟ ਵਿਕਸਤ ਜਨਤਕ ਸਿਹਤ ਪ੍ਰਣਾਲੀ ਸ਼ਾਮਲ ਹੈ।

ਇੱਥੇ ਬੁਨਿਆਦੀ ਸਹੂਲਤਾਂ ਦੀ ਵੀ ਘਾਟ ਹੈ। ਗੈਰ-ਰਸਮੀ ਖੇਤਰ ਦੇ ਕਰਮਚਾਰੀ ਜਨਤਕ ਸਹੂਲਤਾਂ ਜਿਵੇਂ ਕਿ ਹੈਂਡਪੰਪ ਅਤੇ ਜਨਤਕ ਟੂਟੀਆਂ ਜਾਂ ਸਟੈਂਡ ਪਾਈਪਾਂ 'ਤੇ ਜ਼ਿਆਦਾ ਨਿਰਭਰ ਹੁੰਦੇ ਹਨ, ਜੋ ਮਿਊਂਸਪਲ ਜਾਂ ਪਬਲਿਕ ਕਨੈਕਸ਼ਨ ਨਾਲ ਜੁੜੇ ਹੁੰਦੇ ਹਨ ਅਤੇ ਇਹ ਸਰੋਤ ਆਮ ਤੌਰ 'ਤੇ ਭਰੋਸੇਯੋਗ ਨਹੀਂ ਹੁੰਦੇ ਹਨ - ਹੈਂਡ ਪੰਪ ਅਤੇ ਮਿਊਂਸੀਪਲ ਪਾਈਪ ਹਮੇਸ਼ਾ ਪੀਣਯੋਗ ਗੁਣਵੱਤਾ ਵਾਲੇ ਪਾਣੀ ਦੀ ਸਪਲਾਈ ਨਹੀਂ ਕਰਦੇ ਹਨ।

ਲਾਗ ਦਾ ਮੁਕਾਬਲਾ ਕਰਨ ਵਿਚ ਹੱਥ ਧੋਣ ਦੀ ਮਹੱਤਤਾ ਨੂੰ ਦੇਖਦੇ ਹੋਏ, ਪਾਣੀ ਦੀ ਸਫਾਈ ਅਤੇ ਸਫਾਈ ਦੀ ਘਾਟ ਪ੍ਰਵਾਸੀ ਮਜ਼ਦੂਰਾਂ ਨੂੰ ਅਸੁਰੱਖਿਅਤ ਕੰਮ ਦੇ ਮਾਹੌਲ ਵਿਚ ਕੰਮ ਕਰਨ ਦੇ ਜ਼ੋਖਮ ਵਿਚ ਪਾਉਂਦੀ ਹੈ।

ਗੈਰ-ਰਸਮੀ ਖੇਤਰ ਦੇ ਕਾਮਿਆਂ ਲਈ ਸ਼ਹਿਰੀ ਖੇਤਰਾਂ ਨੂੰ ਵਧੇਰੇ ਸਮਾਵੇਸ਼ੀ ਬਣਾਉਣ ਲਈ, ਕੇਂਦਰ ਅਤੇ ਰਾਜ ਸਰਕਾਰਾਂ ਨੂੰ ਭਾਰਤੀ ਅਰਥਵਿਵਸਥਾ ਵਿਚ ਸਮਾਜਿਕ ਅਤੇ ਆਰਥਿਕ ਅਸਮਾਨਤਾਵਾਂ, ਪੇਂਡੂ-ਸ਼ਹਿਰੀ ਪਾੜਾ, ਰਾਜਾਂ ਦੇ ਅੰਦਰ ਅਤੇ ਦੇਸ਼ ਵਿਚ ਖੇਤਰਾਂ ਦੇ ਵਿਚਕਾਰ ਅਸਮਾਨ ਵਿਕਾਸ ਨੂੰ ਦੂਰ ਕਰਨ ਲਈ ਤੁਹਾਡੇ ਯਤਨ ਤੁਹਾਨੂੰ ਜਾਰੀ ਰੱਖਣ ਦੀ ਲੋੜ ਹੈ। ਗੈਰ-ਰਸਮੀ ਖੇਤਰ ਦੇ ਵਰਕਰ ਨੂੰ ਉਨ੍ਹਾਂ ਦੇ ਸਥਾਨਕ ਪ੍ਰਸ਼ਾਸਨ ਅਤੇ ਪੰਚਾਇਤੀ ਢਾਂਚੇ ਦੁਆਰਾ ਉਨ੍ਹਾਂ ਦੇ ਹੁਨਰ ਅਤੇ ਪਿਛਲੇ ਤਜ਼ਰਬੇ ਦੇ ਆਧਾਰ 'ਤੇ ਨੌਕਰੀ ਦੀ ਭਾਲ ਅਤੇ ਰੁਜ਼ਗਾਰ ਦੇ ਮੌਕਿਆਂ ਲਈ ਸੰਬੰਧਿਤ ਜਾਣਕਾਰੀ ਅਤੇ ਸਲਾਹ ਦੇ ਨਾਲ ਸਹਾਇਤਾ ਕਰਨ ਦੀ ਲੋੜ ਹੈ। ਕਿਰਤ ਮੰਤਰਾਲੇ ਦੁਆਰਾ ਹਾਲ ਹੀ ਵਿਚ ਪ੍ਰਸਤਾਵਿਤ ਗੈਰ-ਸੰਗਠਿਤ ਵਰਕਰਜ਼ ਇੰਡੈਕਸ ਨੰਬਰ ਕਾਰਡ ਵੀ ਕਰਮਚਾਰੀਆਂ ਨੂੰ ਰਸਮੀ ਬਣਾਉਣ ਵਿਚ ਮਦਦ ਕਰੇਗਾ। ਇਨ੍ਹਾਂ ਲਈ ਬੁਨਿਆਦੀ ਲੋੜਾਂ ਨੂੰ ਜਨਤਕ ਸਿਹਤ ਢਾਂਚੇ 'ਤੇ ਧਿਆਨ ਕੇਂਦਰਿਤ ਕਰਕੇ ਪੂਰਾ ਕੀਤਾ ਜਾ ਸਕਦਾ ਹੈ।

ਸਮਾਰਟ ਸਿਟੀ ਪ੍ਰੋਜੈਕਟਾਂ ਅਤੇ ਜਨਤਕ ਸਿਹਤ ਸੰਕਟਕਾਲੀਨ ਬੁਨਿਆਦੀ ਢਾਂਚੇ ਨੂੰ ਵੀ ਮਜ਼ਬੂਤ ਕਰਨ ਦੀ ਲੋੜ ਹੈ। ਇਹ ਸਮਾਜਿਕ ਅਤੇ ਵਿੱਤੀ ਸਮਾਵੇਸ਼ ਸਮਾਰਟ ਸਿਟੀਜ਼ ਮਿਸ਼ਨ ਨੂੰ ਅਸਲ ਵਿਚ ਸੰਪੂਰਨ ਬਣਾ ਦੇਵੇਗਾ। ਦੂਜੇ ਰੈਗੂਲਰ ਕਰਮਚਾਰੀਆਂ ਵਾਂਗ ਉਨ੍ਹਾਂ ਦੀ ਵਿੱਤੀ ਮਦਦ ਕਰਨ ਨਾਲ ਉਨ੍ਹਾਂ ਦੀ ਸਮਾਜਿਕ ਸੁਰੱਖਿਆ ਮਜ਼ਬੂਤ ਹੋਵੇਗੀ। ਸਮਾਜਿਕ ਸੁਰੱਖਿਆ ਫੰਡ ਨੂੰ ਤੇਜ਼ ਕਰਨ ਦੀ ਲੋੜ ਹੈ, ਤਾਂ ਜੋ ਇਹ ਦੇਸ਼ ਦੇ ਸਭ ਤੋਂ ਗਰੀਬ ਅਤੇ ਸਭ ਤੋਂ ਕਮਜ਼ੋਰ ਵਰਗਾਂ ਨੂੰ ਵਿੱਤੀ ਸੁਰੱਖਿਆ ਦੀ ਭਾਵਨਾ ਪ੍ਰਦਾਨ ਕਰ ਸਕੇ। ਰਾਸ਼ਟਰ ਨਿਰਮਾਣ ਵਿਚ ਮਜ਼ਦੂਰ ਦੀ ਅਹਿਮ ਭੂਮਿਕਾ ਹੁੰਦੀ ਹੈ। ਕਿਸੇ ਵੀ ਸਮਾਜ, ਦੇਸ਼, ਸੰਸਥਾ ਅਤੇ ਉਦਯੋਗ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਮਹੱਤਤਾ ਨੂੰ ਕੋਈ ਵੀ ਘੱਟ ਨਹੀਂ ਸਮਝ ਸਕਦਾ। ਉਨ੍ਹਾਂ ਦੀ ਮਿਹਨਤ ਤੋਂ ਬਿਨਾਂ ਉਦਯੋਗਿਕ ਢਾਂਚੇ ਦੀ ਖੜ੍ਹੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।



# ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਦਰਸ਼ਨ ਕਰਨ ਵੇਲੇ ਵਾਪਰੀ ਘਟਨਾ ਦੀ ਯਾਦ


ਦੇਵਿੰਦਰ ਕੌਰ ਧਾਲੀਵਾਲ
(Punjab Mail USA)




ਦੋਸਤੋ, ਮੈਂ 2019 ਵਿਚ ਭਾਰਤ ਗਈ ਤਾਂ ਮੈਂ ਕਈ ਦਿਨ ਅੰਮ੍ਰਿਤਸਰ ਰਹੀ ਤੇ ਰੱਜ ਕੇ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕੀਤੇ।

ਇਕ ਦਿਨ ਸ਼ਰਧਾਲੂ ਸੰਗਤਾਂ ਇਕ ਮਾਂ ਤੇ ਧੀ ਸਰੋਵਰ ਦੇ ਕੋਲ ਫੋਟੋ ਖਿੱਚਣ ਲੱਗ ਪਈਆਂ। ਕੋਲ ਸਾਲ ਕੁ ਦਾ ਬੱਚਾ ਸੀ, ਜੋ ਉਨ੍ਹਾਂ ਗੋਦੀ ਚੁੱਕਿਆ ਹੋਇਆ ਸੀ। ਜਦੋਂ ਉਹ ਬੱਚੇ ਨਾਲ ਫੋਟੋ ਖਿਚਵਾਉਣ ਲੱਗੀਆਂ, ਤਾਂ ਦਰਬਾਰ ਸਾਹਿਬ ਸਰੋਵਰ ਦੇ ਕੰਢੇ ਪਹਿਰੇਦਾਰ ਸਰਦਾਰ ਜੀ ਆ ਗਏ। ਉਹ ਉਨ੍ਹਾਂ ਨੂੰ ਕਹਿੰਦੇ, ਬੀਬੀ ਜੀ ਤੁਸੀਂ ਬੱਚੇ ਨੂੰ ਲੈ ਕੇ ਇੱਥੇ ਫੋਟੋ ਨਹੀਂ ਖਿੱਚ ਸਕਦੇ। ਉਹ ਬੀਬੀਆਂ ਪਹਿਰੇਦਾਰ ਨਾਲ ਬਹਿਸ ਕਰਨ ਲੱਗ ਪਈਆਂ। ਮਾਂ ਜ਼ਿਆਦਾ ਪਹਿਰੇਦਾਰ ਨੂੰ ਵੱਧ ਘੱਟ ਬੋਲ ਰਹੀ ਸੀ। ਜਦੋਂ ਉਹ ਬੋਲਣੋਂ ਨਾ ਰੁਕੀਆਂ, ਤਾਂ ਪਹਿਰੇਦਾਰ ਸਿੱਖ ਸਰਦਾਰ ਜੀ ਕਹਿੰਦੇ ਤੁਹਾਨੂੰ ਮੇਰੇ ਨਾਲ ਦਫਤਰ, ਕਮਰਾ ਨੰਬਰ ਚੇਤਾ ਨਹੀਂ ਕਿਹੜਾ ਕਿਹਾ ਸੀ, 'ਚ ਜਾਣਾ ਪਵੇਗਾ। ਉੱਥੇ ਤੁਹਾਨੂੰ ਇੱਥੇ ਦੇ ਨਿਯਮ ਸਮਝਾ ਦਿੱਤੇ ਜਾਣਗੇ। ਅਖੀਰ ਜੀ ਜਿੱਤ ਸਰਦਾਰ ਜੀ ਜੋ ਪਹਿਰਾ ਦੇ ਰਹੇ ਸੀ, ਉਨ੍ਹਾਂ ਦੀ ਹੋਈ। ਉਹ ਮਾਂ ਧੀ ਨੂੰ ਦਰਬਾਰ ਸਾਹਿਬ ਦੇ ਦਫਤਰ ਨੰਬਰ ਹੁਣ ਯਾਦ ਨਹੀਂ, ਉਨ੍ਹਾਂ ਦੋਨਾਂ ਨੂੰ ਨਾਲ ਲੈ ਕੇ ਚਲੇ ਗਏ। ਉੱਥੇ ਉਹ ਮਾਂ ਧੀ ਨੂੰ ਸਮਝਾਉਣਗੇ ਕਿ ਸਰੋਵਰ ਦੀਆਂ ਪੌੜੀਆਂ ਜਿੱਥੇ ਪਾਣੀ ਹੁੰਦਾ, ਉੱਥੇ ਛੋਟੇ ਬੱਚੇ ਚੁੱਕ ਕੇ ਫੋਟੋ ਨਹੀਂ ਖਿੱਚ ਸਕਦੇ। ਕੀ ਪਤਾ ਹੁੰਦਾ, ਬੱਚਾ ਪਾਣੀ 'ਚ ਡਿੱਗ ਪਵੇ।

ਹਾਂ, ਵੈਸੇ ਤੁਸੀਂ ਬੱਚੇ ਦੀਆਂ ਹੋਰ ਥਾਂਵਾਂ 'ਤੇ ਤਸਵੀਰਾਂ ਲੈ ਸਕਦੇ ਹੋ।

ਮੈਂ ਸਰਦਾਰ ਜੀ ਸੇਵਾਦਾਰ, ਪਹਿਰੇਦਾਰ ਜੀ ਦੇ ਇਸ ਤਰ੍ਹਾਂ ਪਰਿਕਰਮਾਂ ਵਿਚ ਸਰੋਵਰ ਦੇ ਆਲੇ-ਦੁਆਲੇ ਕੋਈ ਘਟਨਾ ਨਾ ਵਾਪਰੇ ਦਾ ਸਖ਼ਤ ਪਹਿਰਾ ਦਿੰਦੇ ਦੇਖ ਉਨ੍ਹਾਂ ਦੇ ਇਸ ਵਤੀਰੇ ਤੋਂ ਬਹੁਤ ਹੀ ਪ੍ਰਭਾਵਿਤ ਹੋਈ ਹਾਂ। ਪਾਠਕੋ, ਇਹ ਇਕ ਅੱਖੀਂ ਵੇਖੀ ਘਟਨਾ ਹੈ।

ਪਿਆਰੇ ਪਾਠਕੋ, ਮੇਰੇ ਦਾਦਾ ਜੀ ਕਹਿੰਦੇ ਹੁੰਦੇ ਸਨ ਕਿ ਕਦੇ ਵੀ ਬੱਚੇ ਨੂੰ ਖੂਹ ਦੀ ਮੌਣ ਕੋਲ ਲੈ ਕੇ ਖੜ੍ਹੇ ਨਾ ਹੋਵੋ।

ਜਿੱਥੇ ਪਾਣੀ ਹੈ, ਅੱਗ ਹੈ, ਇਨ੍ਹਾਂ ਤੋਂ ਵੀ ਬੱਚੇ ਨੂੰ ਦੂਰ ਰੱਖੋ ਕਿਉਂਕਿ ਛੋਟਾ ਬੱਚਾ ਬਹੁਤੀ ਵਾਰ ਹੁੱਬਸਲੀ ਮਾਰਦੈ, ਬੱਚਾ ਪਾਣੀ 'ਚ ਗਿਰ ਸਕਦਾ।

ਬੱਚੇ ਨੂੰ ਅੱਗ ਵੀ ਵੇਖਣ ਨੂੰ ਅੱਛੀ ਲੱਗਦੀ, ਸੋ ਉਸ ਵਿਚ ਵੀ ਗਿਰ ਸਕਦਾ।

ਸਿਰਫ ਪਹਿਰੇਦਾਰ ਸਿੱਖ ਸਰਦਾਰ ਜੋ ਹਰਿਮੰਦਰ ਸਾਹਿਬ ਜੀ ਦੀ ਸੇਵਾ 'ਚ ਖੜ੍ਹੇ ਪਹਿਰਾ ਦਿੰਦੇ ਹਨ, ਉਨ੍ਹਾਂ ਨੂੰ ਹੀ ਪਤੈ, ਸੰਗਤਾਂ ਕਿਸ ਤਰ੍ਹਾਂ ਘਟਨਾਵਾਂ ਦਾ ਸ਼ਿਕਾਰ ਹੋ ਸਕਦੀਆਂ ਜਾਂ ਹੁੰਦੀਆਂ ਹਨ। ਸਰੋਵਰ ਦੀ ਸਫਾਈ ਤਾਂ ਨਿਰੰਤਰ ਚਲਦੀ ਰਹਿੰਦੀ ਹੈ, ਫਿਰ ਵੀ ਪੌੜੀਆਂ ਵਿਚ ਹਮੇਸ਼ਾ ਪਾਣੀ ਖੜ੍ਹਾ ਹੁੰਦਾ ਹੈ, ਉਥੇ ਪਾਣੀ ਖੜ੍ਹਾ ਹੋਣ ਕਰਕੇ ਕੁਦਰਤੀ ਹਰਿਆਈ 'ਤੇ ਤਿਲਕਣ ਵੀ ਕੁਦਰਤੀ ਪੈਦਾ ਹੋ ਜਾਂਦੀ, ਜੋ ਆਪਾਂ ਨੂੰ ਦਿੱਸਦੀ ਨਹੀਂ।

ਸਰੋਵਰ ਦੀਆਂ ਪੌੜੀਆਂ 'ਤੇ ਖੜ ਕੇ ਸੰਗਤਾਂ ਅਕਸਰ ਫੋਟੋ ਖਿਚਾਉਂਦੀਆਂ ਹਨ, ਕਈ ਵਾਰ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਦਾ, ਪੌੜੀ ਦੇ ਸਿਰੇ ਤੋਂ ਤਿਲਕ ਕੇ ਪਿੱਛੇ ਨੂੰ ਡਿੱਗ ਪੈਂਦੇ ਹਨ, ਜੋ ਕਾਫ਼ੀ ਖ਼ਤਰਨਾਕ ਹੈ। ਕਈ ਵਾਰ ਅਚਾਨਕ ਡਿੱਗਣ ਨਾਲ ਗਰਦਨ ਦਾ ਮਣਕਾ ਜਾਂ ਰੀੜ੍ਹ ਦੀ ਹੱਡੀ 'ਤੇ ਗੰਭੀਰ ਸੱਟਾਂ ਲੱਗ ਸਕਦੀਆਂ ਹਨ, ਜੋ ਲੱਖ ਇਲਾਜ ਦੇ ਬਾਵਜੂਦ ਵੀ ਇਹ ਸੱਟਾਂ ਠੀਕ ਹੋਣੀਆਂ ਅਸੰਭਵ ਹੋ ਜਾਂਦੀਆਂ ਹਨ।

ਪਾਠਕੋ, ਮੈਨੂੰ ਇਹ ਵੇਖਕੇ ਖੁਸ਼ੀ ਹੋਈ ਕਿ ਹਰਿਮੰਦਰ ਸਾਹਿਬ ਜੀ ਦੇ ਪਹਿਰੇਦਾਰ ਜੋ ਸਰੋਵਰ ਦੁਆਲੇ ਡਿਊਟੀ ਨਿਭਾ ਰਹੇ ਸਨ ਜੀ, ਆਪਣੇ ਅਸੂਲ 'ਤੇ ਡੱਟੇ ਰਹੇ ਤੇ ਉਨ੍ਹੀਂ ਆਪਣੇ ਫਰਜ਼ ਨੂੰ ਬਾਖੂਬੀ ਨਾਲ ਨਿਭਾਇਆ। ਉਹ ਹਰਿਮੰਦਰ ਸਾਹਿਬ ਜੀ ਦੀਆਂ ਸ਼ਰਧਾਲੂ ਸੰਗਤਾਂ ਮਾਂ ਤੇ ਧੀ ਨੂੰ ਹਰਿਮੰਦਰ ਸਾਹਿਬ ਜੀ ਦੇ ਦਫਤਰ ਵਿਚ ਨਾਲ ਲੈ ਕੇ ਚਲੇ ਗਏ। ਕੀ ਪਤਾ ਉਸ ਦਿਨ ਵੀ ਕੋਈ ਹਾਦਸਾ ਵਾਪਰ ਸਕਦਾ ਸੀ।



## 'ਜੋ ਦਿਖਾ, ਸੋ ਲਿਖਾ'

# ਕਰਨਾਟਕਾ ਨਤੀਜਾ ਕੌਮੀ ਰਾਜਨੀਤੀ ਨੂੰ ਕਰੇਗਾ ਪ੍ਰਭਾਵਿਤ

## ਨਵੇਂ ਰਾਜਨੀਤਿਕ ਸਮੀਕਰਣਾਂ ਦੇ ਸੰਕੇਤ


**ਦਰਸ਼ਨ ਸਿੰਘ ਸ਼ੰਕਰ**
ਜ਼ਿਲ੍ਹਾ ਲੋਕ ਸੰਪਰਕ
ਅਫਸਰ (ਰਿਟਾ.)
ਫੋਨ: 99158-36543
(Punjab Mail USA)




ਹੁਣੇ-ਹੁਣੇ ਹੋਈਆਂ ਕਰਨਾਟਕ ਵਿਧਾਨ ਸਭਾ ਚੋਣਾਂ ਦਾ ਨਤੀਜਾ ਦੇਸ਼ ਅੰਦਰ ਅਗਲੇ ਰਾਜਨੀਤਿਕ ਸਮੀਕਰਣਾਂ ਦੀਆਂ ਸੰਭਾਵਨਾਵਾਂ ਵੱਲ ਸਪੱਸ਼ਟ ਸੰਕੇਤ ਕਰ ਰਿਹੈ। ਕਾਂਗਰਸ ਪਾਰਟੀ ਨੇ 10 ਸਾਲ ਬਾਅਦ ਆਪਣੇ ਦਮ 'ਤੇ ਪੂਰਨ ਬਹੁਮਤ ਹਾਸਲ ਕੀਤਾ ਹੈ। ਵਿਧਾਨ ਸਭਾ ਦੀਆਂ ਕੁੱਲ 224 ਸੀਟਾਂ ਵਿਚੋਂ 135 ਜਿੱਤ ਕੇ ਕਾਂਗਰਸ ਨੇ ਸਪੱਸ਼ਟ ਬਹੁਮੱਤ ਨਾਲ ਸੱਤਾ ਵਿਚ ਵਾਪਸੀ ਕੀਤੀ ਹੈ। ਹਰ ਹੀਲਾ ਵਰਤਣ ਦੇ ਬਾਵਜੂਦ ਬੀ.ਜੇ.ਪੀ. 66 ਸੀਟਾਂ 'ਤੇ ਸਿਮਟ ਕੇ ਰਹਿ ਗਈ। ਸਾਬਕਾ ਪ੍ਰਧਾਨ ਮੰਤਰੀ ਦੇਵਗੌੜਾ ਦੀ ਜੇ.ਡੀ.ਐੱਸ. ਹਿੱਸੇ 19 ਅਤੇ ਹੋਰਾਂ ਨੇ 4 ਸੀਟਾਂ ਜਿੱਤੀਆਂ ਨੇ। ਬੀ.ਜੇ.ਪੀ. ਨੇ ਚੋਣ ਜਿੱਤਣ ਲਈ ਪੂਰੀ ਤਾਕਤ ਝੋਂਕੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਲਗਾਤਾਰ ਦੌਰੇ ਕੀਤੇ, ਸਭ ਕੋਸ਼ਿਸ਼ਾਂ ਕਰਨਾਟਕ ਵਿਚ ਫੇਲ ਹੋਈਆਂ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਨੇ ਨਫਰਤ ਦੀ ਰਾਜਨੀਤੀ 'ਤੇ ਸਵਾਲ ਉਠਾ ਕੇ ਵੋਟ ਮੰਗੇ। ਖੜਗੇ ਨੇ ਮੋਦੀ ਦੇ 'ਕਾਂਗਰਸ ਮੁਕਤ ਭਾਰਤ' 'ਤੇ ਕਿਹਾ, ਹੁਣ ਬੀ.ਜੇ.ਪੀ. ਮੁਕਤ ਦੱਖਣੀ ਭਾਰਤ ਬਣ ਚੁੱਕੈ। ਇਸ ਚੋਣ ਵਿਚ ਕਾਂਗਰਸ ਦਾ ਵੋਟ ਸ਼ੇਅਰ 2018 ਦੇ 38.01% ਤੋਂ ਵੱਧ ਕੇ 42.9% 'ਤੇ ਪੁੱਜ ਗਿਐ। ਉਂਝ 2018 'ਚ ਵੀ ਬੀ.ਜੇ.ਪੀ. ਦੀ ਹਾਰੀ ਸੀਲ ਜਨਤਾ ਦਲ ਐੱਸ. ਦੇ ਐੱਚ.ਡੀ. ਕ੍ਰਿਸ਼ਨਾਸਵਾਮੀ ਦੀ ਅਗਵਾਈ ਵਿਚ ਕਾਂਗਰਸ-ਜਨਤਾ ਦਲ ਦੀ ਸਰਕਾਰ ਬਣੀ। ਪਰ 2019 ਵਿਚ ਬੀ.ਜੇ.ਪੀ. ਨੇ ਦਲ ਬਦਲੀ ਕਰਾਕੇ ਬੀ.ਐੱਸ. ਯੇਦੀਰੱਪਾ ਨੂੰ ਮੁੱਖ ਮੰਤਰੀ ਬਣਾਇਆ ਅਤੇ ਫਿਰ ਯੇਦੀਰੱਪਾ ਦੀ ਥਾਂ ਬੀ.ਆਰ. ਬੋਮੱਈ ਨੂੰ ਮੁੱਖ ਮੰਤਰੀ ਬਣਾ ਦਿੱਤਾ। ਬੀ.ਜੇ.ਪੀ. ਦੀ ਸਰਕਾਰ ਸਮੇਂ ਵੱਡੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਲੱਗੇ। ਸਰਕਾਰੀ ਠੇਕੇਦਾਰਾਂ ਦੀ ਐਸੋਸੀਏਸ਼ਨ ਨੇ 40% ਰਿਸ਼ਵਤ ਵਾਲੀ ਸਰਕਾਰ ਦੇ ਦੋਸ਼ ਲਗਾਏ ਸਨ। ਇਸ ਤੋਂ ਪਹਿਲਾਂ ਦੋ ਸੂਬਿਆਂ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿਚ ਹੋਈਆਂ ਚੋਣਾਂ ਦੇ ਨਤੀਜੇ ਵੀ ਬੀ.ਜੇ.ਪੀ. ਲਈ ਰਲੇ-ਮਿਲੇ ਰਹੇ। ਗੁਜਰਾਤ ਵਿਚ ਬੀ.ਜੇ.ਪੀ. ਨੇ 182 ਵਿਚੋਂ 156 ਸੀਟਾਂ ਜਿੱਤ ਕੇ ਮੁੜ ਸਰਕਾਰ ਬਣਾ ਲਈ, ਪਰ ਹਿਮਾਚਲ ਪ੍ਰਦੇਸ਼ ਵਿਚ ਕਾਂਗਰਸ ਨੇ 68 ਵਿਚੋਂ 40 ਸੀਟਾਂ ਜਿੱਤ ਕੇ ਬੀ.ਜੇ.ਪੀ. ਨੂੰ ਧੂਲ ਚਟਾਈ। ਇਸ ਤਰ੍ਹਾਂ ਬੀ.ਜੇ.ਪੀ. ਨੂੰ ਦੋ ਵੱਡੇ ਸੂਬਿਆਂ ਵਿਚ ਕਾਂਗਰਸ ਨੇ ਝਟਕੇ ਦੇ ਦਿੱਤੇ। ਉਤਰ ਪ੍ਰਦੇਸ਼ ਦੀ ਮੈਨਪੁਰੀ ਲੋਕ ਸਭਾ ਜ਼ਿਮਨੀ ਚੋਣ ਵਿਚ ਵੀ ਐੱਸ.ਪੀ. ਦੀ ਡਿੰਪਲ ਯਾਦਵ ਨੇ ਬੀ.ਜੇ.ਪੀ. ਨੂੰ ਪੌਣੇ ਤਿੰਨ ਲੱਖ ਦੇ ਫਰਕ ਨਾਲ ਹਰਾਕੇ ਵੱਡੀ ਚੁਣੌਤੀ ਪੇਸ਼ ਕੀਤੀ ਹੈ।



### ਲੋਕ ਸਭਾ 'ਚ ਮੌਜੂਦਾ ਸਥਿਤੀ

18ਵੀਂ ਲੋਕ ਸਭਾ ਲਈ 2024 ਦੇ ਸ਼ੁਰੂ ਵਿਚ ਚੋਣਾਂ ਹੋਣਗੀਆਂ। 2019 ਚੋਣਾਂ ਵਿਚ ਬੀ.ਜੇ.ਪੀ. ਨੇ 542 ਵਿਚੋਂ 303 ਸੀਟਾਂ ਜਿੱਤ ਕੇ ਦੂਜੀ ਵਾਰ ਨਰੇਂਦਰ ਮੋਦੀ ਦੀ ਅਗਵਾਈ ਵਿਚ ਐੱਨ.ਡੀ.ਏ. ਦੀ ਸਰਕਾਰ ਬਣਾਈ ਸੀ। ਬੀ.ਜੇ.ਪੀ. ਵਾਲੇ ਐੱਨ.ਡੀ.ਏ. ਨੇ 353 ਸੀਟਾਂ ਅਤੇ ਕਾਂਗਰਸ ਵਾਲੇ ਯੂ.ਪੀ.ਏ. ਨੇ ਸਿਰਫ 53 ਸੀਟਾਂ ਹੀ ਜਿੱਤੀਆਂ ਸਨ। ਬੀ.ਜੇ.ਪੀ. ਦਾ 53.90% ਅਤੇ ਕਾਂਗਰਸ ਦਾ 9.18% ਵੋਟ ਸ਼ੇਅਰ ਸੀ। ਹੁਣ ਐੱਨ.ਡੀ.ਏ. ਦੇ ਤਿੰਨ ਭਾਈਵਾਲ ਨਿਤਿਸ਼ ਕੁਮਾਰ ਦੀ ਆਰ.ਜੇ.ਡੀ., ਉਧਵ ਠਾਕਰੇ ਦੀ ਸ਼ਿਵ ਸੈਨਾ ਅਤੇ ਸ਼੍ਰੋਮਣੀ ਅਕਾਲੀ ਦਲ ਗੱਠਜੋੜ ਤੋਂ ਕਿਨਾਰਾ ਕਰ ਚੁੱਕੇ ਨੇ ਅਤੇ ਬਿਹਾਰ, ਮਹਾਰਾਸ਼ਟਰ ਅਤੇ ਪੰਜਾਬ ਵਿਚ ਬੀ.ਜੇ.ਪੀ. ਨੂੰ ਵੱਡੀ ਚੁਣੌਤੀ ਪੇਸ਼ ਕਰਨ ਵਾਲੇ ਨੇ।

### ਬੀ.ਜੇ.ਪੀ. ਵਿਰੋਧੀ ਫਰੰਟ ਦੇ ਯਤਨ

ਕਰਨਾਟਕ ਵਿਚ ਕਾਂਗਰਸ ਦੀ ਜਿੱਤ ਤੋਂ ਬਾਅਦ, ਇੱਕ ਵਾਰ ਫਿਰ ਬੀ.ਜੇ.ਪੀ. ਖਿਲਾਫ ਵਿਰੋਧੀ ਪਾਰਟੀਆਂ ਵਲੋਂ ਇਕ ਸਾਂਝਾ ਫਰੰਟ ਬਣਾ ਕੇ 2024 ਲੋਕ ਸਭਾ ਚੋਣਾਂ ਲੜਨ 'ਤੇ ਚਰਚਾ ਸ਼ੁਰੂ ਹੋ ਗਈ ਹੈ। ਬੀ.ਜੇ.ਪੀ. ਪਹਿਲਾਂ ਹੀ 2024 ਚੋਣਾਂ ਲਈ ਤਿਆਰੀ ਵਿੱਢ ਚੁੱਕੀ ਹੈ। ਬੀ.ਜੇ.ਪੀ. ਸਾਸ਼ਿਤ ਰਾਜਾਂ ਦੇ ਮੁੱਖ ਮੰਤਰੀਆਂ ਸਮੇਤ ਸਮੁੱਚੇ ਕੇਡਰ ਨੂੰ ਪ੍ਰਚਾਰ ਵਿਚ ਲੱਗਾ ਦਿੱਤੈ। ਇਸ ਸਮੇਂ ਕੋਈ ਵੀ ਇਕੱਲੀ ਪਾਰਟੀ ਬੀ.ਜੇ.ਪੀ. ਨੂੰ ਟੱਕਰ ਦੇਣ ਦੀ ਸਥਿਤੀ ਵਿਚ ਨਹੀਂ ਹੈ ਅਤੇ ਵਿਰੋਧੀ ਰਾਜਨੀਤੀ ਵਿਚ ਗੰਭੀਰ ਟਕਰਾਅ ਦਿੱਖਦੈ। ਫਿਰ ਵੀ ਵਿਰੋਧੀ ਲੀਡਰ ਮਜ਼ਬੂਤ ਗੱਠਬੰਧਨ ਬਣਾਉਣ ਦੇ ਯਤਨਾਂ ਵਿਚ ਨੇ। ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ, ਮਹਾਰਾਸ਼ਟਰ ਵਿਚ ਸ਼ਰਦ ਪਵਾਰ ਅਤੇ ਸ਼ਿਵ ਸੈਨਾ ਵਾਲੇ ਮੁਕਾਬਲੇ ਵਿਚ ਨੇ। ਦਿੱਲੀ ਅਤੇ ਪੰਜਾਬ ਵਿਚ ਕਾਬਜ਼ 'ਆਪ' ਦੇ ਮੁਖੀ ਕੇਜਰੀਵਾਲ ਜੰਮੂ-ਕਸ਼ਮੀਰ ਵਿਚ ਧਾਰਾ 370 ਤੋੜਨ ਸਮੇਂ ਵਿਰੋਧੀ ਧਿਰ ਦੀ ਬਜਾਏ ਬੀ.ਜੇ.ਪੀ. ਦੇ ਨਾਲ ਖੜ੍ਹੇ ਦਿਸੇ। ਪਰ ਹੁਣ ਜਦੋਂ ਕੇਂਦਰ ਸਰਕਾਰ ਨੇ ਅਧਿਆਦੇਸ਼ ਰਾਹੀਂ ਖੰਭ ਕੁਤਰੇ, ਤਾਂ ਵਿਰੋਧੀ ਪਾਰਟੀਆਂ ਦੀ ਏਕਤਾ ਦਾ ਰਾਗ ਅਲਾਪ ਰਹੇ ਨੇ। ਦਿੱਲੀ, ਹਰਿਆਣਾ ਅਤੇ ਪੰਜਾਬ ਵਿਚ ਵੀ ਕੇਜਰੀਵਾਲ ਨੂੰ ਏਕਤਾ ਲਈ ਸਮਝੌਤੇ ਕਰਨੇ ਪੈਣਗੇ। ਵਿਰੋਧੀਆਂ ਦੀ ਤਾਕਤ ਤਾਂ ਦੇਸ਼ ਅੰਦਰ ਘੱਟ ਨਹੀਂ, ਪਰ ਇਹ ਖਿਲਰੀ ਪਈ ਹੈ। ਪਿਛਲੇ ਸਮੇਂ ਤੇਲੰਗਾਨਾ ਦੇ ਮੁੱਖ ਮੰਤਰੀ ਕੇ.ਸੀ.ਆਰ. ਰਾਓ ਦੀ ਪਹਿਲ 'ਤੇ ਚਾਰ ਮੁੱਖ ਮੰਤਰੀਆਂ ਅਤੇ ਐੱਸ.ਪੀ. ਲੀਡਰ ਅਖਿਲੇਸ਼ ਯਾਦਵ ਨੇ ਇਕੱਠੇ ਕੇਂਦਰ ਵਿਰੁੱਧ ਝੰਡਾ ਚੁੱਕਿਐ। ਮਮਤਾ ਬੈਨਰਜੀ, ਸ਼ਰਦ ਪਵਾਰ ਅਤੇ ਨਿਤੀਸ਼ ਕੁਮਾਰ ਵੀ ਵਿਰੋਧੀ ਏਕਤਾ ਲਈ ਸਰਗਰਮ ਦਿੱਸਦੇ ਨੇ। ਇਸ ਸਮੇਂ ਦੇਸ਼ ਦੇ 12 ਸੂਬਿਆਂ ਵਿਚ ਬੀ.ਜੇ.ਪੀ., 4 ਵਿਚ ਕਾਂਗਰਸ ਅਤੇ ਬਾਕੀ ਵਿਚ ਖੇਤਰੀ ਪਾਰਟੀਆਂ ਦੀਆਂ ਸਰਕਾਰਾਂ ਨੇ। ਕਰਨਾਟਕ ਅਤੇ ਹਿਮਾਚਲ ਵਿਚ ਜਿੱਤ ਨਾਲ ਕਾਂਗਰਸ ਮੁੱਖ ਵਿਰੋਧੀ ਪਾਰਟੀ ਵਜੋਂ ਉਭਰੀ ਹੈ। ਕਰਨਾਟਕਾ ਦੇ ਮੁੱਖ ਮੰਤਰੀ ਸਿੱਧਾਰਮੱਈਆ ਦੇ ਸਹੁੰ ਚੁੱਕ ਸਮਾਗਮ ਵਿਚ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਸਾਬਕਾ ਪ੍ਰਧਾਨ ਰਾਹੁਲ ਗਾਂਧੀ, ਜਨਰਲ ਸਕੱਤਰ ਪ੍ਰਿਅੰਕਾ ਗਾਂਧੀ, ਐੱਨ.ਸੀ.ਪੀ. ਮੁਖੀ ਸ਼ਰਦ ਪਵਾਰ, ਆਰ.ਜੇ.ਡੀ. ਮੁਖੀ ਨਿਤਿਸ਼ ਕਮਾਰ, ਬੀ.ਜੇ.ਡੀ. ਮੁਖੀ ਤੇਜਸਵੀ ਯਾਦਵ, ਡੀ.ਐੱਮ.ਕੇ. ਮੁਖੀ ਐੱਮ.ਕੇ. ਸਟਾਲਿਨ, ਜੇ.ਐੱਮ.ਐੱਮ. ਦੇ ਮੁੱਖੀ ਹੇਮੰਤ ਸੋਰੇਨ, ਨੈਸ਼ਨਲ ਕਾਨਫਰੰਸ ਪ੍ਰਧਾਨ ਫਾਰੂਖ ਅਬਦੁੱਲਾ, ਪੀ.ਡੀ.ਪੀ. ਮੁਖੀ ਮਹਿਬੂਬਾ ਮੁਫਤੀ, ਸੀ.ਪੀ.ਐੱਮ. ਲੀਡਰ ਸੀਤਾ ਰਾਮ ਯੇਚੁਰੀ, ਸੀ.ਪੀ.ਆਈ. ਲੀਡਰ ਡੀ ਰਾਜਾ ਨੇ ਹਾਜ਼ਰ ਰਹਿ ਕੇ ਵਿਰੋਧੀ ਖੇਮੇ ਦੀ ਏਕਤਾ ਦੇ ਸੰਕੇਤ ਦਿੱਤੇ। ਨਿਤੀਸ਼ ਕੁਮਾਰ ਅਤੇ ਤੇਜੱਸਵੀ ਯਾਦਵ ਨੇ ਦਿੱਲੀ ਵਿਚ ਕੇਜਰੀਵਾਲ ਅਤੇ ਕੋਲਕਾਤਾ ਵਿਖੇ ਮਮਤਾ ਬੈਨਰਜੀ ਨਾਲ ਮੀਟਿੰਗਾਂ ਕੀਤੀਆਂ। ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਨੂੰ ਮਿਲੇ ਹੁੰਗਾਰੇ ਨਾਲ ਪਾਰਟੀ ਅੰਦਰ ਜੋਸ਼ ਵਧਿਐ। ਰਾਹੁਲ ਨੇ ਬੀ.ਜੇ.ਪੀ. ਦੀ ਨਫਰਤ ਦੀ ਰਾਜਨੀਤੀ ਖਿਲਾਫ ਸਮਾਜ ਜੋੜੋ ਦੀ ਰਾਜਨੀਤੀ ਦਾ ਹੋਕਾ ਦਿੱਤੈ ਅਤੇ 'ਪੱਪੂ' ਵਾਲਾ ਟੈਗ ਵੀ ਉਤਾਰਿਐ। ਹੁਣ 2024 ਲੋਕ ਸਭਾ ਚੋਣਾਂ ਵਿਚ ਵਿਰੋਧੀ ਖੇਮੇ ਦੀ ਏਕਤਾ ਦੀ ਜ਼ਿੰਮੇਵਾਰੀ ਕਾਂਗਰਸ ਦੀ ਹੀ ਬਣਦੀ ਹੈ।

### ਸੈਮੀ ਫਾਈਨਲ 'ਤੇ ਰਹੇਗੀ ਨਜ਼ਰ

ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੋਰ 9 ਸੂਬਿਆਂ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ, ਤੇਲੰਗਾਨਾ, ਆਂਧਰਾ ਪ੍ਰਦੇਸ਼, ਓਡੀਸ਼ਾ, ਅਰੁਣਾਚਲ ਪ੍ਰਦੇਸ਼, ਸਿੱਕਮ ਅਤੇ ਮਿਜ਼ੋਰਮ ਵਿਚ ਵੀ ਵਿਧਾਨ ਸਭਾ ਚੋਣਾਂ ਹੋਣੀਆਂ ਨੇ। ਰਾਜਸਥਾਨ ਵਿਚ ਕਾਂਗਰਸ ਅਤੇ ਮੱਧ ਪ੍ਰਦੇਸ਼ ਵਿਚ ਭਾਜਪਾ ਦੀ ਸਰਕਾਰ ਹੈ। ਤੇਲੰਗਾਨਾ ਵਿਚ ਚੰਦਰਸ਼ੇਖਰ ਰਾਓ ਦੀ ਬੀ.ਆਰ.ਐੱਸ., ਓਡੀਸ਼ਾ ਵਿਚ ਬੀ.ਜੇ.ਡੀ. ਅਤੇ ਆਂਧਰਾ ਪ੍ਰਦੇਸ਼ ਵਿਚ ਜਗਨ ਮੋਹਨ ਰੈਡੀ ਦੀ ਵਾਈ.ਐੱਸ.ਆਰ.ਸੀ.ਪੀ. ਦੀਆਂ ਸਰਕਾਰਾਂ ਨੇ। ਇਨ੍ਹਾਂ ਚੋਣਾਂ ਵਿਚ ਵਿਰੋਧੀ ਪਾਰਟੀਆਂ ਨੂੰ ਆਪਸੀ ਟਕਰਾਅ ਤੋਂ ਬਚਣਾ ਪਵੇਗਾ। ਜੇਕਰ ਇਹ ਬੀ.ਜੇ.ਪੀ. ਨੂੰ ਮਾਤ ਦਿੰਦੀਆਂ ਨੇ, ਤਾਂ ਉਸ ਦਾ ਪ੍ਰਭਾਵ 2024 ਫਾਈਨਲ ਮੁਕਾਬਲੇ 'ਤੇ ਪੈਣਾ ਲਾਜ਼ਮੀ ਹੈ। ਭਵਿੱਖ ਵਿਚ ਕਈ ਨਵੇਂ ਸਿਆਸੀ ਸਮੀਕਰਣ ਬਣਦੇ ਦਿੱਖਣਗੇ। ਬੀ.ਜੇ.ਪੀ. ਦੀਆਂ ਦਮਨਕਾਰੀ ਨੀਤੀਆਂ, ਨਫਰਤ ਦੀ ਰਾਜਨੀਤੀ, ਮਹਿੰਗਾਈ, ਬੇਰੁਜ਼ਗਾਰੀ, ਈ.ਡੀ./ਸੀ.ਬੀ.ਆਈ. ਦੀ ਦੁਰਵਰਤੋਂ ਤੋਂ ਜਨਤਾ ਅਤੇ ਪਾਰਟੀਆਂ ਬੁਰੀ ਤਰ੍ਹਾਂ ਤੋਂ ਪੀੜਤ ਹੈ। ਹੁਣ ਦੇਖਣਾ ਇਹ ਹੈ ਕਿ ਵਿਰੋਧੀ ਲੀਡਰ ਸਾਂਝੇ ਮੁੱਦਿਆਂ ਉਪਰ ਬੀ.ਜੇ.ਪੀ. ਨੂੰ ਚੁਣੌਤੀ ਦੇਣ ਵਿਚ ਸਫਲ ਹੁੰਦੇ ਨੇ, ਜਾਂ ਫਿਰ ਬੇਢੰਗੀ ਚਾਲ ਚਲਦੇ ਕੁੱਟ ਖਾਂਦੇ ਰਹਿਣਗੇ।





## 'ਯਾਦ ਰੱਖਣ ਯੋਗ ਗੱਲਾਂ'


**ਹਰਦੀਪ ਸਿੰਘ ਸੋਢੀ ਨਡਾਲਾ**
ਫੀਨਿਕਸ 480-794-0325




- ਉਨ੍ਹਾਂ ਲੋਕਾਂ ਨੂੰ ਛੱਡਣ ਵਿਚ ਢਿੱਲ ਨਾ ਕਰੋ, ਜਿਨ੍ਹਾਂ ਨੂੰ ਜੇ ਤੁਸੀਂ ਨਾ ਛੱਡਿਆ, ਤਾਂ ਉਨ੍ਹਾਂ ਨੇ ਤੁਹਾਨੂੰ ਕਿਸੇ ਥਾਂ ਜੋਗਾ ਨਹੀਂ ਛੱਡਣਾ।
- ਦੁਨੀਆਂ ਦੇ ਸਾਰੇ ਲੋਕ ਬੇਸ਼ੱਕ ਬਿੱਲੀ ਨੂੰ ਮਾਸੀ ਕਹਿਣ ਪਰ ਚੂਹੇ ਸਭ ਤੋਂ ਬਿਹਤਰ ਸਮਝਦੇ ਹਨ ਕਿ ਇਹ ਸਾਡੀ ਕਿਹੜੇ ਰਿਸ਼ਤੇ ਨਾਲ ਮਾਸੀ ਲੱਗਦੀ ਹੈ।
- ਪਹਿਲਾਂ ਉਸ ਕੰਮ ਨੂੰ ਹੱਥ ਪਾਉ, ਜੋ ਜਲਦੀ ਕਰਨ ਦੀ ਲੋੜ ਹੈ। ਫਿਰ ਉਹ ਕੰਮ ਕਰੋ, ਜੋ ਤੁਸੀਂ ਆਰਾਮ ਨਾਲ ਕਰ ਸਕਦੇ ਹੋ, ਵੇਖੋ ਹੁਣ ਤੁਸੀਂ ਉਹ ਕੰਮ ਦੇ ਕਰਨਯੋਗ ਵੀ ਹੋ ਗਏ ਹੋ, ਜੋ ਅਸੰਭਵ ਲੱਗਦਾ ਸੀ।
- ਇੱਕ ਗੱਲ ਯਾਦ ਰੱਖਿਉ ਕਿ ਖੁਸ਼ੀਆਂ ਭਾਵੇਂ ਪਰਾਏ ਹੀ ਦੇ ਜਾਣ ਪਰ ਦੁੱਖ ਦੇਣ ਵਾਲੇ ਹਮੇਸ਼ਾਂ ਆਪਣੇ ਹੀ ਹੋਣਗੇ।
- ਪਿਆਰ ਅਤੇ ਸਿਆਸਤ ਵਿਚ ਕਾਮਯਾਬ ਹੋਣ ਵਾਸਤੇ ਜਿੰਨੇ ਜ਼ਿਆਦਾ ਝੂਠੇ ਹੋਵੋਗੇ, ਓਨਾ ਉੱਚਾ ਰੁਤਬਾ ਪਾਉਗੇ।
- ਗਰੀਬ ਦੀ ਗਰੀਬੀ ਨੂੰ ਦਰਸਾਉਂਦਾ ਬਿਲਕੁਲ ਨਵਾਂ ਦੋਹਾ:- ਗੁਸਤਾਖ ਦੀ ਗੁਸਤਾਖੀ ਦਾ ਕਿਹੜਾ ਉਸ ਤੋਂ ਡੰਨ ਲੈਂਦੇ ਹਾਂ? ਉਹਦਾ ਭਾਣਾ ਹੀ ਇਹੋ ਸੀ ਕਹਿ ਕੇ ਮੰਨ ਲੈਂਦੇ ਹਾਂ।
- ਬੁਰੇ ਵਕਤ ਵਿਚ ਹੱਥਾਂ ਦੀਆਂ ਲਕੀਰਾਂ ਵੀ ਪਾਸਾ ਵੱਟ ਲੈਂਦੀਆਂ ਹਨ।

(Punjab Mail USA)

# 24 ਘੰਟੇ

ਕਹਾਣੀ)

-ਅਵਤਾਰ ਐੱਸ. ਸੰਘਾ
(Punjab Mail USA)



ਦਸ ਕੁ ਸਾਲ ਪਹਿਲਾਂ ਮੇਰੀ ਜ਼ਿੰਦਗੀ 'ਚ ਇਕ ਦਿਨ ਐਸਾ ਆਇਆ ਸੀ, ਜਿਸ ਦਿਨ ਰਾਤ ਦੇ ਸਮੇਂ ਲੇਟ ਸੌਣ ਤੋਂ ਲੈ ਕੇ ਦੂਜੇ ਦਿਨ ਸਾਮ ਤੱਕ ਮੈਂ ਡਰ ਅਤੇ ਖੌਫ ਦਾ ਹੀ ਸ਼ਿਕਾਰ ਰਿਹਾ ਸੀ। ਰਾਤ ਨੂੰ ਸੌਣ ਤੋਂ ਪਹਿਲਾਂ ਮੈਂ ਸਿਵ ਕੁਮਾਰ ਬਟਾਲਵੀ ਦੀ ਉਹ ਕਵਿਤਾ ਦੁਬਾਰਾ ਪੜ੍ਹ ਬੈਠਾ, ਜਿਹੜੀ ਮੈਂ ਸਿਵ ਨੂੰ 1973-74 ਵਿਚ ਸਾਰੇ ਦਾ ਸਾਰਾ ਪੜ੍ਹਨ ਸਮੇਂ ਪੜ੍ਹੀ ਸੀ। ਮਹੀਨਾ ਉਦੋਂ ਵੀ ਜੇਠ ਦਾ ਹੀ ਸੀ:

"ਜੇਠ ਹਾੜ ਦੀ
ਬਲਦੀ ਰੁੱਤੇ
ਪੀਲੀ ਪਿੱਤਲ ਰੰਗੀ ਧੁੱਪੇ
ਮੜ੍ਹੀਆਂ ਵਾਲੇ
ਮੰਦਰ ਉੱਤੇ
ਬੈਠੀ ਚੁਪ ਤ੍ਰਿੰਜਣ ਕੱਤੇ
ਧੁੱਪ-ਛਾਵਾਂ ਦਾ
ਮੁੱਢਾ ਲੱਥੇ
ਗਿਰਝਾਂ ਦਾ ਪਰਛਾਵਾਂ ਨੱਸੇ
ਨੰਗੀ ਡੈਣ
ਪਈ ਇਕ ਨੱਚੇ
ਪੁੱਠੇ ਥਣ ਮੋਢੇ 'ਤੇ ਰੱਖੇ
ਛੱਜ ਪੌਣ ਦਾ
ਕੱਲਰ ਛੱਟੇ
ਬੋਦੀ ਵਾਲਾ ਵਾਵਰੋਲਾ
ਰੱਕੜ ਦੇ ਵਿਚ ਚੱਕਰ ਕੱਟੇ
ਹਿੱਲਣ ਪਏ
ਥੋਹਰਾਂ ਦੇ ਪੱਤੇ
ਵਿਚ ਕਰੀਰਾਂ ਸੱਪਣੀ ਵੱਸੇ
ਮੱਕੜੀਆਂ ਦੇ
ਜਾਲ ਪਲੱਚੇ
ਅੱਕ ਕੱਕੜੀ ਦੇ ਫੰਭਿਆਂ ਤਾਈਂ
ਭੂਤ ਭੂਤਾਨਾ
ਮਾਰੇ ਧੱਕੇ
ਬੁੱਢੇ ਬੋਹੜ ਦੀਆਂ ਖੋੜਾਂ ਵਿਚ
ਚਾਮ ਚੜਿੱਕਾਂ ਦਿੱਤੇ ਬੱਚੇ
ਮੜ੍ਹੀਆਂ ਵਾਲਾ
ਬਾਬਾ ਹੱਸੇ
ਪਾਟੇ ਕੰਨ ਭਬੂਤੀ ਮੱਥੇ
ਤੇ ਮੇਰੇ ਖਾਬਾਂ ਦੇ ਬੱਚੇ
ਜਾਵਣ ਨੱਸੇ
ਨੰਗੇ ਪੈਰ ਧੂੜ ਥੀਂ ਅੱਟੇ
ਦਿਲ ਧੜਕਣ
ਤੇ ਚਿਹਰੇ ਲੱਥੇ
ਪੀਲੀ ਪਿੱਤਲ ਰੰਗੀ ਧੁੱਪ ਦਾ
ਦੂਰ ਦੂਰ ਤਕ
ਮੀਂਹ ਪਿਆ ਵੱਸੇ

ਰਾਤ ਭਰ ਇਹ ਕਵਿਤਾ ਮੇਰੇ ਖੁਆਬਾਂ ਵਿਚ ਘੁੰਮਦੀ ਰਹੀ। ਡਰ ਅਤੇ ਖੌਫ ਦਾ ਆਲਮ ਛਾਇਆ ਰਿਹਾ। ਮੈਂ ਅਰਧ ਸੁੱਤਾ ਰਹਿ ਗਿਆ। ਸਵੇਰੇ ਮੇਰੀ ਗ੍ਰੈਜੂਏਟ ਡਿਪਲੋਮਾ ਇਨ ਐਜੂਕੇਸਨ (Graduate Diploma in Education) ਦੀ ਪ੍ਰੈਕਟਿਸ ਟੀਚਿੰਗ ਸੀ। ਡਿਪਲੋਮਾ ਵਿਚ ਮੇਰੇ ਪ੍ਰਮੁੱਖ ਮਜਮੂਨ ਅੰਗਰੇਜੀ ਅਤੇ ਇਤਿਹਾਸ ਸਨ। ਮੇਰੀ ਪਤਨੀ ਲੜਕੀ ਪਾਸ ਕੈਨਬਰਾ ਗਈ ਹੋਈ ਸੀ ਅਤੇ ਮੇਰਾ ਲੜਕਾ ਆਪਣੇ ਵਿਆਹ ਤੋਂ ਬਾਅਦ ਯੂਰਪ ਵਿਚ ਹਨੀਮੂਨ 'ਤੇ ਗਿਆ ਹੋਇਆ ਸੀ। ਘਰ ਵਿਚ ਮੈਂ ਅਤੇ ਸਾਡਾ ਕੁੱਤਾ ਰੈਂਬੋ ਹੀ ਸਾਂ। ਕੁੱਤੇ ਦਾ ਜ਼ਿਆਦਾ ਖਿਆਲ ਮੇਰੇ ਘਰ ਵਾਲੇ ਹੀ ਰੱਖਿਆ ਕਰਦੇ ਸਨ।

ਮੈਨੂੰ ਸਵੇਰੇ ਜਲਦੀ ਉੱਠ ਕੇ ਮੇਰੇ ਘਰ ਤੋਂ ਕੋਈ 20 ਕੁ ਕਿਲੋਮੀਟਰ ਦੂਰ ਉਸ ਸਕੂਲ ਵਿਚ ਪਹੁੰਚਣਾ ਸੀ, ਜਿੱਥੇ ਮੇਰੀ ਪ੍ਰੈਕਟਿਸ ਟੀਚਿੰਗ ਚੱਲ ਰਹੀ ਸੀ। ਉਸ ਦਿਨ ਮੇਰੀ ਪ੍ਰੈਕਟਿਸ ਨੂੰ ਪਰਖਣ ਲਈ ਯੂਨੀਵਰਸਿਟੀ ਦੇ ਤਜ਼ਰਬਾ ਪਾਰਖੂ ਵਿਭਾਗ ਦੇ ਕੋਆਰਡੀਨੇਟਰ ਪ੍ਰੋਫੈਸਰ ਜੌਹਨ ਮੋਰਿਸ ਨੇ ਆਉਣਾ ਸੀ। ਸਵੇਰੇ ਉੱਠ ਕੇ ਮੈਂ ਕਾਰ ਸਟਾਰਟ ਕਰਕੇ ਦੇਖਣੀ ਹੁੰਦੀ ਸੀ। ਫਿਰ ਅੰਦਰ ਜਾ ਕੇ ਤਿਆਰੀ ਕਰਨੀ ਹੁੰਦੀ ਸੀ। ਉਸ ਦਿਨ ਘਰ ਵਿਚ ਇਕੱਲਾ ਹੋਣ ਕਰਕੇ ਮੇਰੀ ਦੌੜ-ਭੱਜ ਵਿਚ ਭੂਤਨੀ ਭੁੱਲੀ ਪਈ ਸੀ। ਚਾਹ ਆਪ ਬਣਾਈ। ਫਿਰ ਗੁਸਲਖਾਨੇ ਦੇ ਕਾਰਜ ਸੰਪੂਰਨ ਕੀਤੇ। ਮਨ 'ਤੇ ਸਕੂਲ ਦੀ ਜਮਾਤ ਦਾ ਇੰਨਾ ਡਰ ਕਿ ਰੈਂਬੋ ਦਾ ਖਿਆਲ ਰੱਖਣ ਦਾ ਚੇਤਾ ਹੀ ਭੁੱਲ ਗਿਆ। ਰੈਂਬੋ ਛੋਟੇ ਕੱਦ ਦਾ ਮਾਲਟੀਜ ਸਿਲਕੀ ਟੈਰੀਅਰ ਨਸਲ ਦਾ ਕੁੱਤਾ ਸੀ ਤੇ ਘਰ ਵਿਚ ਇਹ ਹਮੇਸ਼ਾ ਖੁੱਲ੍ਹਾ ਹੀ ਫਿਰਦਾ ਰਹਿੰਦਾ ਸੀ। ਆਪਣਾ ਨਾਸ਼ਤਾ ਲਿਆ। ਦੁਪਹਿਰ ਦੇ ਖਾਣੇ ਦਾ ਟਿਫਨ ਤਿਆਰ ਕੀਤਾ ਤੇ ਰੈਂਬੋ ਨੂੰ ਆਵਾਜ਼ ਮਾਰੀ। ਹੈਰਾਨੀ ਹੋਈ ਕਿ ਰੈਂਬੋ ਕਿਤੇ ਨਜ਼ਰ ਹੀ ਨਾ ਆਵੇ। ਡਰ ਪੈ ਗਿਆ ਕਿ ਰੈਂਬੋ ਕਿਤੇ ਉਸ ਵੇਲੇ ਬਾਹਰ ਨਾ ਨਿਕਲ ਗਿਆ ਹੋਵੇ, ਜਦ ਮੈਂ ਕਾਰ ਸਟਾਰਟ ਕਰ ਕੇ ਦੇਖੀ ਸੀ। ਸਕੂਲ ਨੂੰ ਜਾਣ ਦੀ ਕਾਹਲੀ ਅਤੇ ਰੈਂਬੋ ਨੂੰ ਲੱਭਣ ਦਾ ਪੁਆੜਾ! ਰੈਂਬੋ ਬਾਹਰ ਕਿਸੇ ਨੂੰ ਕੱਟ ਵੀ ਸਕਦਾ ਸੀ। ਇਹ ਆਸਟ੍ਰੇਲੀਆ ਏ। ਇੱਥੇ ਤੁਹਾਡਾ ਕੁੱਤਾ ਕਿਸੇ ਨੂੰ ਕੱਟ ਦੇਵੇ, ਤਾਂ ਹਜ਼ਾਰਾਂ ਡਾਲਰ ਮਾਲਕ ਦੇ ਸਿਰ ਪੈ ਸਕਦੇ ਹੁੰਦੇ ਹਨ। ਕੀ ਕੀਤਾ ਜਾਵੇ? ਮੈਂ ਰੈਂਬੋ ਨੂੰ ਆਵਾਜ਼ਾਂ ਮਾਰੀ ਜਾਵਾਂ, ਉਹ ਕਿਤੇ ਦਿਖੇ ਹੀ ਨਾ। ਜੇ ਪ੍ਰੈਕਟਿਸ ਟੀਚਿੰਗ 'ਚੋਂ ਗੈਰਹਾਜ਼ਰ ਹੁੰਦਾ ਹਾਂ, ਤਾਂ ਡਿਪਲੋਮਾ 'ਚੋਂ ਫੇਲ੍ਹ ਹੋ ਜਾਵਾਂਗਾ। ਰੈਂਬੋ!....... ਰੈਂਬੋ!!....... ਰੈਂਬੋ!!!........ ਕਹਿ ਕੇ ਉੱਚੀ-ਉੱਚੀ ਆਵਾਜ਼ਾਂ ਮਾਰੀਆਂ। ਰੈਂਬੋ ਕਿਤੇ ਵੀ ਨਾ ਦਿਖਿਆ। ਲੜਕਾ ਤੇ ਬਹੂ ਰੈਂਬੋ ਨੂੰ ਇਕਦਮ ਲੱਭ ਲਿਆ ਕਰਦੇ ਸਨ। ਮੇਰੀ ਪਤਨੀ ਦਾ ਤਾਂ ਉਹ ਇੰਨਾ ਚਹੇਤਾ ਸੀ ਕਿ ਉਸ ਦੇ ਬੁਲਾਏ 'ਤੇ ਇਕ ਦਮ ਸਾਹਮਣੇ ਆ ਜਾਇਆ ਕਰਦਾ ਸੀ। ਉਹ ਐਸੀ ਤਰਜ ਨਾਲ ਆਵਾਜ਼ ਕੱਢ ਕੇ ਉਸ ਦਾ ਨਾਮ ਲੈਂਦੀ ਸੀ ਕਿ ਉਹ ਖੱਲਾਂ ਖੂੰਜਿਆਂ ਵਿਚੋਂ ਵੀ ਆ ਕੇ ਪ੍ਰਗਟ ਹੋ ਜਾਇਆ ਕਰਦਾ ਸੀ। ਮੈਂ ਉਸ ਨੂੰ ਲੱਭੇ ਬਗੈਰ ਸਕੂਲ ਨਹੀਂ ਜਾ ਸਕਦਾ ਸਾਂ। ਮੁੰਡੇ ਨੂੰ ਮੈਂ ਫੋਨ ਨਹੀਂ ਕਰ ਸਕਦਾ ਸਾਂ, ਕਿਉਂਕਿ ਯੂਰਪ ਵਿਚ ਉਸ ਸਮੇਂ ਰਾਤ ਸੀ। ਘਰ ਵਾਲੀ ਅਜੇ ਕੈਨਬਰਾ ਸੁੱਤੀ ਪਈ ਸੀ। ਉਹ ਲੜਕੀ ਪਾਸ ਗਈ ਹੋਈ ਅਕਸਰ ਲੇਟ ਸੌਂਦੀ ਸੀ। ਉਹ ਦੋਨੋਂ ਲੇਟ ਹੀ ਸਵੇਰੇ ਉੱਠਦੀਆਂ ਸਨ। ਆਖਰ ਕੌੜਾ ਘੁੱਟ ਕਰ ਕੇ ਘਰ ਵਾਲੀ ਨੂੰ ਫੋਨ ਕਰ ਹੀ ਲਿਆ।

"ਹੈਲੋ!"

"ਹੈਲੋ! ਕੀ ਹੋ ਗਿਐ, ਸਵੇਰੇ, ਸਵੇਰੇ", ਉਸ ਨੇ ਅੱਧ ਸੁੱਤੀ ਨੇ ਹੀ ਕਹਿ ਦਿੱਤਾ

"ਰੈਂਬੋ ਲੱਭ ਨਹੀਂ ਰਿਹਾ।"

"ਫਿਰ ਮੈਂ ਕੀ ਕਰਾਂ। ਘਰ ਵਿਚ ਧਿਆਨ ਨਾਲ ਦੇਖੋ। ਕਦੀ ਕੋਈ ਕੰਮ ਆਪ ਵੀ ਕਰ ਲਿਆ ਕਰੋ। ਹਰ ਵੇਲੇ ਕਿਤਾਬਾਂ ਵਿਚ ਰਹਿਣ ਤੋਂ ਇਲਾਵਾ ਹੋਰ ਕੰਮ ਵੀ ਕਰਨੇ ਆਉਣੇ ਚਾਹੀਦੇ ਹਨ।" ਉਹਨੇ ਅੱਧ ਸੁੱਤੀ ਨੇ ਹੀ ਮੈਨੂੰ ਹਲਕੀ ਜਿਹੀ ਝਿੜਕ ਮਾਰ ਦਿੱਤੀ।

ਮੈਂ ਫਿਰ ਚੱਕਰ ਵਿਚ ਪੈ ਗਿਆ। ਫਿਰ ਹੌਂਸਲਾ ਕੀਤਾ।

"ਹੈਲੋ! ਮੈਂ ਪ੍ਰੇਸ਼ਾਨ ਹਾਂ। ਐਮਰਜੈਂਸੀ ਦਾ ਮਤਲਬ ਵੀ ਸਮਝ ਲਿਆ ਕਰੋ।"

"ਮੈਂ ਕੀ ਕਰਾਂ? ਦੂਰ ਬੈਠੀ ਹਾਂ।"

"ਤੂੰ ਚੰਗੀ ਤਰ੍ਹਾਂ ਜਾਗ। ਤੇਰੀ ਸਲਾਹ ਲਏ ਬਗੈਰ ਮਸਲਾ ਹੱਲ ਨਹੀਂ ਹੋਣਾ। ਤੈਨੂੰ ਪਤਾ ਹੈ ਕਿ ਅੱਜ ਮੇਰੇ ਸਕੂਲ ਦਾ ਖਾਸ ਦਿਨ ਏ। ਯੂਨੀਵਰਸਿਟੀ ਦਾ ਸੁਪਰਵਾਈਜ਼ਰ ਮੇਰੀ ਕਲਾਸ ਵਿਚ ਬੈਠਣ ਲਈ ਆ ਰਿਹਾ ਏ। ਇਹ ਆਮਦ ਮੇਰੀ ਸਲਾਹ ਲੈ ਕੇ ਪਹਿਲਾਂ ਤੋਂ ਨਿਸ਼ਚਤ ਏ। ਮੈਂ ਸਭ ਪਾਸਿਉਂ ਭੈਭੀਤ ਹਾਂ।"

"ਹੁਣ ਦੱਸੋ, ਕੀ ਆਫਤ ਆ ਗਈ?" ਉਹ ਪੂਰੀ ਤਰ੍ਹਾਂ ਜਾਗ ਕੇ ਬੋਲੀ।

"ਮੈਨੂੰ ਰੈਂਬੋ ਨਹੀਂ ਲੱਭਦਾ। ਸਕੂਲ ਜਾਣ ਦਾ ਸਮਾਂ ਹੋ ਰਿਹਾ ਏ। ਜੇ ਸਵੇਰੇ-ਸਵੇਰੇ ਬਾਹਰ ਨਿਕਲ ਗਿਆ ਹੋਇਆ, ਤਾਂ ਵੱਡਾ ਪੁਆੜਾ ਬਣ ਸਕਦਾ ਏ। ਦੱਸ ਕੀ ਕਰਾਂ?"

"ਮੈਂ ਐਂਡੀ ਦੂਰ ਬੈਠੀ ਕੀ ਕਰ ਸਕਦੀ ਹਾਂ? ਉਸ ਨੂੰ ਆਵਾਜ਼ਾਂ ਮਾਰ ਕੇ ਲੱਭੋ। ਉਸ ਦੀ ਖੁਰਾਕ ਪਾ ਕੇ ਦੇਖੋ।"

"ਮੈਂ ਖੁਰਾਕ ਪਾਈ। ਉਹ ਬਾਹਰ ਆਇਆ ਹੀ ਨਹੀਂ। ਤੂੰ ਸਿਮਰਨ ਨੂੰ ਜਗਾ। ਉਸ ਦੀ ਸਲਾਹ ਲਉ।"

"ਉਹ ਰਾਤ ਲੇਟ ਸੁੱਤੀ ਸੀ। ਜੇ ਜਗਾਈ ਤਾਂ ਮੈਨੂੰ ਬੁਰਾ ਭਲਾ ਬੋਲੂ।"

"ਮਸਲੇ ਦਾ ਹੱਲ ਤਾਂ ਤੁਹਾਨੂੰ ਲੱਭਣਾ ਹੀ ਪਊ।" ਮੈਂ ਲੇਲੜ੍ਹੀ ਕੱਢੀ।

ਉਸ ਨੇ ਲੜਕੀ ਸਿਮਰਨ ਨੂੰ ਆਵਾਜ਼ਾਂ ਮਾਰੀਆਂ। ਉਹ ਜਾਗੇ ਹੀ ਨਾ। ਆਖਰਕਾਰ ਜ਼ੋਰ ਦੇ ਕੇ ਉਸ ਨੇ ਉਸ ਨੂੰ ਜਗਾ ਹੀ ਲਿਆ ਅਤੇ ਮਸਲੇ ਦਾ ਹੱਲ ਪੁੱਛਿਆ।

ਦੋ ਕੁ ਮਿੰਟ ਸੋਚਾਂ 'ਚ ਪਈ ਰਹੀ।

"ਸੱਪ ਵੀ ਕੱਢੋਗੀਆਂ ਜਾਂ ਬੀਨ ਹੀ ਵਜਾਈ ਜਾਉਗੀਆਂ?" ਮੈਂ ਥੋੜ੍ਹਾ ਸਖਤ ਹੋਇਆ।

ਫਿਰ ਸਿਮਰਨ ਤ੍ਰਬਕ ਕੇ ਬੋਲੀ, "ਮੰਮੀ! ਰੈਂਬੋ ਨੂੰ ਉਸੇ ਹੀ ਤਰਜ 'ਤੇ ਆਵਾਜ ਮਾਰੋ, ਜਿਸ ਤਰਜ ਨਾਲ ਉਹਨੂੰ ਉੱਥੇ ਬੁਲਾਂਦੇ ਹੁੰਦੇ ਸੀ। ਕਹੋ.... ਰੈਂ .....ਬੋ!!"

"ਮੈਂ ਐਂਡੀ ਦੂਰ ਤੋਂ ਇਵੇਂ ਕਿਵੇਂ ਉਹਨੂੰ ਆਪਣੀ ਆਵਾਜ਼ ਸੁਣਾ ਸਕਦੀ ਹਾਂ?"

"ਮੰਮੀ ਤੁਹਾਨੂੰ ਇਹ ਵੀ ਨਹੀਂ ਪਤਾ?"

"ਨਹੀਂ।"

"ਆਹ ਫੜੋ ਫੋਨ। ਓਧਰ ਡੈਡੀ ਨੂੰ ਕਹੋ ਕਿ ਉਹ ਆਪਣੇ ਫੋਨ ਦੀ ਆਵਾਜ਼ ਪੂਰੀ ਉੱਚੀ ਕਰ ਲੈਣ। ਉਨ੍ਹਾਂ ਦਾ ਫੋਨ ਬਥੇਰਾ ਵਧੀਆ ਏ। ਤੁਸੀਂ ਆਪ ਹੀ ਇਹ ਵਧੀਆ ਫੋਨ ਉਨ੍ਹਾਂ ਨੂੰ ਪਿਛਲੇ ਮਹੀਨੇ ਲੈ ਕੇ ਦਿੱਤਾ ਸੀ। ਆਪਣੀ ਸੰਗੀਤਮਈ ਆਵਾਜ਼ ਵਿਚ ਕਹੋ.... ਰੈਂ .....ਬੋ!!"

"ਸਿਮਰਨ, ਕਮਾਲ ਕਰ ਤੀ। ਮੈਨੂੰ ਤਾਂ ਇਵੇਂ ਸੁੱਝਿਆ ਹੀ ਨਹੀਂ। ਮੈਂ ਹੁਣੇ ਇਵੇਂ ਕਰ ਕੇ ਦੇਖਦੀ ਹਾਂ। ਸ਼ਾਇਦ ਕੰਮ ਲੋਟ ਆ ਹੀ ਜਾਵੇ।"

ਮੇਰੀ ਘਰਵਾਲੀ ਨੇ ਐਸੀ ਸੰਗੀਤਮਈ ਤਰਜ ਨਾਲ ਸਬਦ "ਰੈਂਬੋ" ਦੋ-ਤਿੰਨ ਵਾਰ ਉਚਾਰਿਆ ਕਿ ਇਧਰ "ਰੈਂਬੋ" (ਡੀ.ਓ.ਜੀ. ਸਾਹਿਬ) ਮੈਨੂੰ ਮੇਰੇ ਵੱਲ ਨੂੰ ਧੀਰੇ-ਧੀਰੇ ਤੁਰੇ ਆਉਂਦੇ ਦਿਖ ਪਏ। ਮੈਂ ਹੈਰਾਨ ਹੋ ਗਿਆ ਸਿਮਰਨ ਦੀ ਇਸ ਖੋਜ 'ਤੇ।

'ਕੈਲੰਡਰ ਨਾਲੋਂ ਡੱਡੂ ਨੂੰ ਮੀਂਹ ਬਾਰੇ ਜ਼ਿਆਦਾ ਪਤਾ ਹੁੰਦਾ ਏ...' ਇਹ ਕਹਾਵਤ ਸੱਚੀਂ ਹੋ ਗਈ।

ਮੈਂ ਰੈਂਬੋ ਨੂੰ ਖੁਰਾਕ ਪਾਈ। ਘੜੀ ਕੁ ਲਈ ਉਸ ਨੂੰ ਪਿੱਛੇ ਵਿਹੜੇ ਵਿਚ ਕੱਢਿਆ। ਕਾਰ ਸਟਾਰਟ ਕੀਤੀ ਤੇ ਸਕੂਲ ਨੂੰ ਚੱਲ ਪਿਆ।

ਸਕੂਲ ਨੂੰ ਜਾਂਦੇ ਸਮੇਂ ਫਿਰ ਮੇਰੇ ਮਨ ਵਿਚ ਡਰ ਪੈਦਾ ਹੋਈ ਜਾਵੇ। ਯੂਨੀਵਰਸਿਟੀ ਤੋਂ ਪ੍ਰੈਕਟਿਸ ਟੀਚਿੰਗ ਮਹਿਕਮੇ ਦਾ ਡਾਇਰੈਕਟਰ ਆ ਰਿਹਾ ਏ....... ਸ਼ਾਇਦ ਸਾਰਾ ਪੀਰੀਅਡ ਜਮਾਤ ਵਿਚ ਬੈਠੂ......... ਸੁਣਿਆ ਬੜਾ ਸਖਤ ਏ...... ਗੋਰੇ ਕਿਸੇ ਨੂੰ ਪਾਸ ਤਾਂ ਹੀ ਕਰਦੇ ਹਨ, ਜੇ ਬੰਦਾ ਠੀਕ ਪ੍ਰਫਾਰਮੈਂਸ ਦੇਵੇ ........ ਉਹ ਸੱਚ, ਇੱਕ ਗੱਲ ਹੋਰ ........ ਜੇ ਯੀਅਰ ਟੈੱਨ ਵਿਚ ਬੈਠ ਗਿਆ, ਤਾਂ ਉਹ ਡਾ. ਜੌਹਨ ਫਾਲਿਨ ਵਾਲਾ ਚੈਪਟਰ ਪੜ੍ਹਾਉਣ ਲਈ ਵੀ ਕਹਿ ਸਕਦਾ ਏ.......ਜੌਹਨ ਫਾਲਿਨ ਦੀ ਆਸਟ੍ਰੇਲੀਆ ਦੇ ਵੀਹ ਡਾਲਰ ਦੇ ਕਰੰਸੀ ਨੋਟ 'ਤੇ ਤਸਵੀਰ ਏ ......... ਇਹ ਬੰਦਾ ਇਕ ਦੇਸੀ ਜਿਹਾ ਡਾਕਟਰ ਸੀ........ਜਿਸ ਨੇ ਪਹਿਲੀ ਵਿਸ਼ਵ ਜੰਗ ਸਮੇਂ ਦਿਰਾਤ ਵਿਚ ਦੂਰ-ਦੂਰ ਜਾ ਕੇ ਜ਼ਖਮੀ ਫੌਜੀਆਂ ਦੀ ਸੇਵਾ ਅਤੇ ਦੇਖਭਾਲ ਕੀਤੀ ਸੀ ....... ਪਹਿਲਾਂ ਇਸ ਪਾਸ ਆਉਣ ਜਾਣ ਲਈ ਵਾਹਨ ਵੀ ਸਾਦਾ ਜਿਹਾ ਸੀ ......... ਫਿਰ ਇਸ ਨੇ ਇੱਕ ਹਵਾਈ ਪਾਇਲਟ ਨਾਲ ਮਿਲ ਕੇ ਇਸ ਵਾਹਨ ਨੂੰ ਇੱਕ ਏਅਰ ਐਂਬੂਲੈਂਸ ਵਿਚ ਤਬਦੀਲ ਕਰ ਲਿਆ ਸੀ। ਦੁਨੀਆਂ ਦੇ ਬਹੁਤੇ ਦੇਸ਼ਾਂ ਦੇ ਕਰੰਸੀ ਨੋਟਾਂ ਉੱਤੇ ਉੱਥੋਂ ਦੇ ਰਾਜੇ ਰਾਣੀਆਂ ਦੀਆਂ ਤਸਵੀਰਾਂ ਹਨ........ ਆਸਟ੍ਰੇਲੀਆ ਨੇ ਇਸ ਨੋਟ 'ਤੇ ਇੱਕ ਸਿਰੜੀ ਅਤੇ ਈਮਾਨਦਾਰ ਦੇਸੀ ਡਾਕਟਰ ਦੀ ਤਸਵੀਰ ਛਾਪ ਕੇ ਇਕ ਨਿਵੇਕਲਾ ਕੰਮ ਕੀਤਾ ਹੋਇਆ ਏ........ ਸੱਚ ਇੱਕ ਗੱਲ ਦਾ ਮੈਂ ਖਿਆਲ ਰੱਖਿਆ ਈ ਨਹੀਂ........ ਮੇਰੀ ਰੈਂਬੋ ਨੇ ਸੁੱਧ-ਬੁੱਧ ਭੁਲਾ ਈ ਛੱਡੀ...... ਕੀ ਮੇਰੀ ਜੇਬ ਵਿਚ 20 ਦਾ ਕਰੰਸੀ ਨੋਟ ਹੈ ਵੀ? ਜੇ ਮੈਨੂੰ ਇਹ ਚੈਪਟਰ ਯੀਅਰ ਟੈੱਨ ਨੂੰ ਪੜ੍ਹਾਉਣ ਨੂੰ ਕਹਿ ਦਿੱਤਾ, ਤਾਂ ਮੈਨੂੰ ਵੀਹ ਦਾ ਕਰੰਸੀ ਨੋਟ ਜਮਾਤ ਵਿਚ ਬੱਚਿਆਂ ਨੂੰ ਜ਼ਰੂਰ ਦਿਖਾਉਣਾ ਚਾਹੀਦਾ ਏ.........।

ਮੈਂ ਕਾਰ ਰੋਕ ਕੇ ਸੜਕ ਦੇ ਇੱਕ ਪਾਸੇ ਖੜ੍ਹੀ ਕਰ ਲਈ। ਆਪਣਾ ਪਰਸ ਜੇਬ 'ਚੋਂ ਕੱਢਿਆ। ਜਦ ਦੇਖਿਆ ਤਾਂ ਉਸ ਵਿਚੋਂ ਦੋ 50, 50 ਡਾਲਰ ਦੇ ਨੋਟ ਸਨ। ਮੈਂ ਸੋਚਾਂ 'ਚ ਪੈ ਗਿਆ ਕਿ ਮੈਂ 20 ਦਾ ਨੋਟ ਕਿੱਥੋਂ ਪੈਦਾ ਕਰਾਂ।

ਮੈਂ ਕਾਰ ਫਿਰ ਸਟਾਰਟ ਕਰ ਲਈ। ਕਾਰ ਸਕੂਲ ਦੀ ਪਾਰਕਿੰਗ ਵਿਚ ਲਗਾ ਕੇ ਤੇਜ਼ੀ ਨਾਲ ਲਾਇਬ੍ਰੇਰੀ ਵੱਲ ਵਧਿਆ। ਉੱਥੇ ਦੋ ਕੁ ਲਾਇਬ੍ਰੇਰੀ ਦੀਆਂ ਸਟਾਫ ਮੈਂਬਰਾਂ ਬੈਠੀਆਂ ਸਨ ਤੇ ਇਕ ਗੋਰੀ ਲੜਕੀ ਪਰੇ ਪੁਸਤਕਾਂ ਦੀਆਂ ਅਲਮਾਰੀਆਂ ਵੱਲ ਬੈਠੀ ਸੀ। ਸਟਾਫ ਮੈਂਬਰਾਂ ਨਾਲ ਮੈਂ ਗੱਲ ਕਰਨ ਤੋਂ ਹਿਚਕਿਚਾ ਗਿਆ। ਮੈਂ ਪਰੇ ਬੈਠੀ ਲੜਕੀ ਪਾਸ ਗਿਆ।

"ਐਕਸਕਿਊਜ਼ ਮੀ ਪਲੀਜ਼।"

"ਹੈਲੋ ਸਰ, ਹਊ ਆਈ ਕੈਨ ਹੈਲਪ ਯੂ?"

"ਕੀ ਤੁਹਾਡੇ ਪਾਸ 20 ਡਾਲਰ ਦਾ ਨੋਟ ਹੈ?"

ਮੈਂ ਅੰਗ੍ਰੇਜ਼ੀ ਵਿਚ ਬੋਲਦਾ ਗਿਆ। ਲੜਕੀ ਨੇ ਆਪਣਾ ਪਰਸ ਫੋਲਿਆ ਤੇ ਬੋਲੀ, "ਯੈੱਸ ਆਈ ਡੂ ਹੈਵ ਇੱਟ।"

ਪੈਰ ਪੈਰ 'ਤੇ ਖੌਫ!! ਅੱਜ ਦੀ ਜਮਾਤ ਆਮ ਰੋਜ਼ ਦੀਆਂ ਜਮਾਤਾਂ ਵਾਂਗ ਨਹੀਂ ਸੀ। ਆਫਟਰ ਆਲ ਯੂਨੀਵਰਸਿਟੀ ਦੇ ਕਿਸੇ ਵੱਡੇ ਅਧਿਕਾਰੀ ਦੀ ਦੇਖ-ਰੇਖ ਵਿਚ ਵਧੀਆ ਪੇਸ਼ਕਾਰੀ ਦੇਣੀ ਸੀ।

ਜਮਾਤ ਸ਼ੁਰੂ ਹੋਣ ਦਾ ਵਕਤ ਹੋ ਗਿਆ। ਮੈਂ ਜਾ ਕੇ ਕਮਰੇ ਦੇ ਮੂਹਰੇ ਖੜ੍ਹ ਗਿਆ। ਬੱਚੇ ਆ ਕੇ ਕਤਾਰ ਵਿਚ ਕਮਰੇ ਦੇ ਮੂਹਰੇ ਖੜ੍ਹ ਗਏ। ਮੈਂ ਉਨ੍ਹਾਂ ਨੂੰ ਤਰੀਕੇ ਨਾਲ ਬਿਨਾਂ ਕਿਸੇ ਧੱਕਾ-ਮੁੱਕੀ ਦੇ ਕਮਰੇ ਅੰਦਰ ਦਾਖਲ ਕਰਵਾ ਦਿੱਤਾ। ਮੇਰਾ ਨਿਰੀਖਕ ਮੇਰੇ ਸੁਪਰਵਾਈਜ਼ਰ ਅਧਿਆਪਕ ਨਾਲ ਆਇਆ ਅਤੇ ਆ ਕੇ ਜਮਾਤ ਦੇ ਪਿੱਛੇ ਲੱਗੀ ਕੁਰਸੀ 'ਤੇ ਬੈਠ ਗਿਆ। ਮੈਂ ਦੋਹਾਂ ਨੂੰ 'ਗੁੱਡ ਡੇ' ਕਿਹਾ ਤੇ ਪੁੱਛਿਆ ਕਿ ਮੈਂ ਕੀ ਪੜ੍ਹਾਵਾਂ?

"ਮਿਸਟਰ ਸਿੰਘ! ਤੁਸੀਂ ਪਿਛਲੇ ਪੱਚੀ ਦਿਨ ਤੋਂ ਜਮਾਤ ਲੈਂਦੇ ਆ ਰਹੇ ਹੋ। ਪੜ੍ਹਾਉਂਦੇ-ਪੜ੍ਹਾਉਂਦੇ ਪੁਸਤਕ ਦੇ ਕਿਸ ਚੈਪਟਰ ਤੱਕ ਪਹੁੰਚੇ ਹੋ?" ਜੌਹਨ ਮੋਰਿਸ ਅੰਗਰੇਜ਼ੀ ਵਿਚ ਬੋਲਿਆ।

"ਜੌਹਨ! ਹੈ ਅੱਜ ਕੱਲ੍ਹ ਆਸਟ੍ਰੇਲੀਅਨ ਫੈਡਰੇਸਨ ਪੜ੍ਹਾ ਰਿਹਾ ਹਾਂ।"

"ਬਸ ਉਥੋਂ ਵੀ ਅੱਗੇ ਸ਼ੁਰੂ ਕਰ ਲਓ।"


ਮੈਂ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਪੀਰੀਅਡ ਖਤਮ ਹੋ ਗਿਆ।

ਮੈਂ ਜਲਦੀ-ਜਲਦੀ ਫਿਰ ਲਾਇਬ੍ਰੇਰੀ ਵੱਲ ਗਿਆ। ਉਹ ਲੜਕੀ ਨੇੜੇ ਹੀ ਖੜ੍ਹੀ ਸੀ। ਮੈਂ ਉਸ ਨੂੰ ਵੀਹ ਦਾ ਕਰੰਸੀ ਨੋਟ ਵਾਪਸ ਕਰਦੇ ਹੋਏ ਉਸ ਦਾ ਧੰਨਵਾਦ ਕੀਤਾ ਤੇ ਸੁੱਖ ਦਾ ਸਾਹ ਲਿਆ। ਮੈਨੂੰ ਇੰਝ ਕਰੰਸੀ ਨੋਟ ਉਸ ਲੜਕੀ ਨੂੰ ਦੇਂਦੇ ਨੂੰ ਫਿਰ ਕਈਆਂ ਨੇ ਵੇਖਿਆ। ਮੈਂ ਡਰਦਾ ਰਿਹਾ, ਪਰ ਅਣਹੋਣੀ ਕੋਈ ਨਾ ਵਾਪਰੀ। ਸ਼ਾਇਦ ਇਸ ਕਰਕੇ ਕਿ ਮੇਰੀ ਸੋਚ ਅਜੇ ਭਾਰਤੀ ਹੀ ਸੀ ਅਤੇ ਉਸ ਲੜਕੀ ਅਤੇ ਆਲੇ-ਦੁਆਲੇ ਮੌਜੂਦ ਲੋਕਾਂ ਦੀ ਸੋਚ ਆਸਟ੍ਰੇਲੀਅਨ ਸੀ। ਮੈਨੂੰ ਮਹਿਸੂਸ ਹੋਇਆ ਕਿ ਉੱਚੀਆਂ ਪੌਣਾਂ ਉੱਚਿਆਂ ਪਹਾੜਾਂ 'ਤੇ ਹੀ ਵਗਦੀਆਂ ਹਨ।

ਇਸ ਪ੍ਰਕਾਰ ਮੇਰੇ ਤਰ੍ਹਾਂ-ਤਰ੍ਹਾਂ ਦੇ ਡਰ ਅਤੇ ਖੌਫ ਦੇ ਉਹ ਚੌਵੀ ਘੰਟੇ ਤਾਂ ਪੂਰੇ ਹੋ ਗਏ। ਨਤੀਜਾ ਅਜੇ ਪੰਜ ਕੁ ਦਿਨ ਬਾਅਦ ਪਤਾ ਲੱਗਣਾ ਸੀ। ਭਾਵੇਂ ਆਸਟ੍ਰੇਲੀਆ ਵਿਚ ਜੇਠ-ਹਾੜ ਪੰਜਾਬ ਵਾਂਗ ਨਹੀਂ ਤੱਪਦਾ, ਪਰ ਫਿਰ ਵੀ ਸ਼ਿਵ ਦੀ ਕਵਿਤਾ ਵਿਚ ਬਿਆਨ ਕੀਤਾ ਜੇਠਹਾੜ ਡੇਢ ਕੁ ਦਿਨ ਮੇਰੀ ਕਲਪਨਾ 'ਤੇ ਪੂਰੀ ਤਰ੍ਹਾਂ ਛਾਇਆ ਰਿਹਾ।

**ਪੁਸਤਕ ਪੜਚੋਲ**

# ਅਜੋਕੇ ਸਮਾਜਿਕ ਵਰਤਾਰਿਆਂ ਵੱਲ ਖੁੱਲ੍ਹਦੀ 'ਤੀਸਰੀ ਖਿੜਕੀ'




-ਤੇਜਿੰਦਰ ਚੰਡਿਹੋਕ
-ਰਿਟਾ. ਏ.ਐੱਸ.ਪੀ.
ਰਾਸ਼ਟਰਪਤੀ ਐਵਾਰਡ
ਜੇਤੂ, ਬਰਨਾਲਾ
95010-00224



(Punjab Mail USA)

ਨਿਰੰਜਣ ਬੋਹਾ ਮੜ੍ਹਕ ਨਾਲ ਚਾਲ ਚਲਣ ਵਾਲਾ, ਸੁਘੜ, ਸਿਆਣਾ ਅਤੇ ਸ਼ਾਂਤ ਸੁਭਾਅ ਵਾਲਾ ਕਹਾਣੀਕਾਰ ਹੈ। ਵਾਰਤਕ ਦੇ ਖੇਤਰ ਵਿਚ ਉਸ ਦਾ ਆਪਣਾ ਮੁਕਾਮ ਹੈ। ਮਾਸਿਕ ਮੈਗ਼ਜੀਨ 'ਮਹਿਰਮ' ਵਿਚ ਉਸ ਦਾ ਕਾਲਮ 'ਮੇਰੇ ਹਿੱਸੇ ਦਾ ਅਦਬੀ ਸੱਚ' ਪਿਛਲੇ ਸਤ ਸਾਲ ਤੋਂ ਲਗਾਤਾਰ ਛਪ ਰਿਹਾ ਹੈ, ਜਿਸ ਵਿਚ ਪੰਜਾਬੀ ਸਾਹਿਤ ਬਾਰੇ ਵੱਖ-ਵੱਖ ਤਰ੍ਹਾਂ ਦੇ ਲੇਖ, ਜਾਣਕਾਰੀਆਂ ਪ੍ਰਕਾਸ਼ਿਤ ਹੋ ਰਹੀਆਂ ਹਨ। ਉਸ ਵੱਲੋਂ ਹਰ ਬੁੱਧਵਾਰ ਨੂੰ ਯੂ ਟਿਊਬ ਚੈਨਲ ਦਸਤਾਵੇਜ਼ 'ਤੇ ਆਪਣਾ ਲੜੀਵਾਰ ਕਾਲਮ 'ਕਿਤਾਬਾਂ ਬੋਲਦੀਆਂ' ਚਲਾਇਆ ਜਾ ਰਿਹਾ ਹੈ, ਜਿਸ ਵਿਚ ਉਹ ਨਵੀਆਂ ਛਪੀਆਂ ਪੁਸਤਕਾਂ ਬਾਰੇ ਨਿੱਠ ਕੇ ਚਰਚਾ ਕਰਦਾ ਹੈ। ਕਹਾਣੀ ਦੇ ਨਾਲ-ਨਾਲ ਉਹ ਅਲੋਚਨਾ, ਮਿੰਨੀ ਕਹਾਣੀ ਵਾਰਤਕ ਅਤੇ ਸੰਪਾਦਨ ਨਾਲ ਜੁੜਿਆ ਕਾਰਜ ਵੀ ਜਾਰੀ ਰੱਖਿਆ ਹੋਇਆ ਹੈ।

ਹੱਥਲੀ ਪੁਸਤਕ 'ਤੀਸਰੀ ਖਿੜਕੀ' ਉਸਦਾ ਦੂਜਾ ਕਹਾਣੀ ਸੰਗ੍ਰਹਿ ਹੈ, ਜਿਸਨੂੰ ਉਸ ਨੇ ਆਪਣੇ ਹੋਣਹਾਰ ਬੇਟੇ ਨਵਨੀਤ ਅਤੇ ਮਨਮੀਤ ਨੂੰ ਸਮਰਪਿਤ ਕੀਤਾ ਹੈ। ਇਸ ਤੋਂ ਪਹਿਲਾਂ ਉਸ ਦਾ ਪਲੇਠਾ ਕਹਾਣੀ ਸੰਗ੍ਰਹਿ 'ਪੂਰਾ ਮਰਦ' ਲਗਭਗ ਵੀਹ-ਬਾਈ ਸਾਲ ਪਹਿਲਾਂ ਛਪਿਆ ਸੀ। ਇਸ ਤਰ੍ਹਾਂ ਇੱਕ ਲੰਬੇ ਅੰਤਰਾਲ ਤੋਂ ਬਾਅਦ ਉਸ ਦਾ ਇਹ ਕਹਾਣੀ ਸੰਗ੍ਰਹਿ ਪਾਠਕਾਂ ਨੂੰ ਪੜ੍ਹਨ ਨੂੰ ਮਿਲਿਆ ਹੈ। ਇਸ ਕਹਾਣੀ ਸੰਗ੍ਰਹਿ ਵਿਚ ਉਸ ਨੇ ਬਾਰਾਂ ਲੰਬੀਆਂ ਕਹਾਣੀਆਂ 144 ਪੰਨਿਆਂ 'ਤੇ ਪਸਰੀਆਂ ਹਨ।

ਇਸ ਪੁਸਤਕ ਵਿਚਲੀਆਂ ਕਹਾਣੀਆਂ ਦਾ ਪਾਠ ਕਰਦਿਆਂ ਮੈਨੂੰ ਮਹਿਸੂਸ ਹੋਇਆ ਕਿ ਇਹ ਕਹਾਣੀਆਂ ਆਪਣੇ ਅੰਦਰ ਅਜੋਕੇ ਸਮੇਂ ਦੇ ਪਰਿਵਾਰਕ ਅਤੇ ਸਮਾਜਿਕ ਰਿਸ਼ਤਿਆਂ ਨਾਲ ਜੁੜੀਆਂ ਬਹੁਤ ਸਾਰੀਆਂ ਸੰਗਤੀਆਂ-ਵਿਸੰਗਤੀਆਂ ਨੂੰ ਸਮੋਈ ਬੈਠੀਆਂ ਹਨ। ਕਹਾਣੀ 'ਉਹ ਮੇਰਾ ਵੀ ਕੁਝ ਲਗਦੈ' ਪਰਿਵਾਰਕ ਰਿਸ਼ਤਿਆਂ ਦੇ ਤਾਣੇ-ਬਾਣੇ ਅਤੇ ਮੋਹ ਨੂੰ ਪੇਸ਼ ਕਰਦੀ ਹੈ। ਕਹਾਣੀ ਬਬਲੀ ਤੇ ਸਤਨਾਮ ਦੇ ਦੁਹਾਜੂ ਵਿਆਹ ਕਰਵਾ ਕੇ ਪਤੀ ਪਤਨੀ ਤਾਂ ਬਣ ਜਾਂਦੇ ਹਨ ਪਰ ਦੋਵੇਂ ਇਕ ਦੂਜੇ ਦੇ ਪਹਿਲੇ ਵਿਆਹ ਦੇ ਬੱਚਿਆਂ ਪ੍ਰਤੀ ਵੱਖੋ-ਵੱਖਰਾ ਨਜ਼ਰੀਆ ਰੱਖਦੇ ਹਨ। ਕਹਾਣੀ 'ਉਹ ਰਾਤ' ਦਰਸ਼ਨ ਵਰਗੇ ਸ਼ਰਾਬੀਆਂ ਦੀ ਹੋਣ ਵਾਲੀ ਦੁਰਗਤੀ ਨੂੰ ਬਿਆਨਦੀ ਹੈ। ਪਿਉ-ਪੁੱਤ ਵਿਚ ਫਰਕ, ਪਾਤਰ ਮਿੰਟੂ 'ਤੇ ਮਾੜਾ ਪ੍ਰਭਾਵ ਪੈਣਾ, ਨਸ਼ੇ ਵਿਚ ਜਿਸਮ ਦੀ ਭੁੱਖ ਦਾ ਵੱਧਣਾ, ਫਿਰ ਮਾਰ-ਕੁਟਾਈ ਦਾ ਸਿਲਸਿਲਾ ਕਹਾਣੀ ਨੂੰ ਗੰਭੀਰਤਾ ਵੱਲ ਲਿਜਾਂਦੇ ਹਨ। ਕਹਾਣੀ ਵਿਚਲੇ ਸ਼ਬਦ ਤਲਵਾਰ ਦੇ ਫੱਟ ਨਾਲੋਂ ਸ਼ਬਦਾਂ ਦੇ ਬਾਣ ਤਿੱਖੇ ਹੁੰਦੇ ਨੇ, ਜੋ ਡੂੰਘੇ ਉਤਰ ਜਾਂਦੇ ਨੇ, ਆਪਣਾ ਪ੍ਰਭਾਵ ਛੱਡਦੇ ਹਨ। ਦਰਸ਼ਨ ਆਪ ਤਾਂ ਗਿੱਲਾਂ ਦੇ ਜੱਸੀ ਵਰਗਿਆਂ ਦੀ ਮਾੜੀ ਸੰਗਤ ਵਿਚ ਹੈ। ਕਹਾਣੀ ਵਿਚ ਔਰਤ ਦੀ ਤ੍ਰਾਸਦੀ ਹੈ ਕਿ ਉਹ ਆਪ ਤਾਂ ਸਾਰਾ ਕੁਝ ਸਹਿ ਸਕਦੀ ਹੈ ਪਰ ਉਸਦੀ ਔਲਾਦ ਨੂੰ ਕੋਈ ਕੁਝ ਕਹੇ, ਉਹ ਬਰਦਾਸ਼ਤ ਨਹੀਂ ਕਰ ਸਕਦੀ।

ਕਹਾਣੀ 'ਕੋਈ ਤਾਂ ਹੈ' ਵਿਚ ਸੰਘਰਸ਼ਵਾਦੀ ਅੰਸ਼ ਮਿਲਦੇ ਹਨ। ਨਾਇਕਾ ਸੁਸ਼ੀਲਾ ਵਿਧਵਾ ਹੈ ਅਤੇ ਉਸ ਆਪ ਪਾਤਰ ਸੰਤੋਖ ਨਾਲ ਵਿਆਹ ਕਰਵਾਇਆ ਹੈ। ਉਨ੍ਹਾਂ ਦੀਆਂ ਰਾਜਸੀ ਗਤੀਵਿਧੀਆਂ ਤੋਂ ਉਨ੍ਹਾਂ ਦਾ ਪਰਿਵਾਰ ਦੁਖੀ ਹੈ। ਪਤੀ-ਪਤਨੀ ਵਿਚ ਚੱਲ ਰਹੇ ਤਨਾਅ ਘਰ ਨੂੰ ਤਣਾਉਗ੍ਰਸਤ ਬਣਾ ਦਿੰਦਾ ਹੈ। 'ਇਸ ਤਰ੍ਹਾਂ ਹੀ ਹੋਵੇਗਾ ਹੁਣ' ਕਹਾਣੀ ਵੀ ਇੱਕ ਦੁਖਾਂਤ ਸਿਰਜਦੀ ਹੈ। ਕਹਾਣੀ ਵਿਚਲੇ ਸ਼ਰਾਬੀ ਸੁਰਜੀਤ ਅਤੇ ਮਿਸਟਰ ਮਹਿਤਾ ਵਲੋਂ ਆਪਣੀਆਂ ਪਤਨੀਆਂ ਸਾਹਮਣੇ ਆਪਣੀ ਈਗੋ ਵਿਚ ਆਪਣੇ ਆਪ ਨੂੰ ਉਚਿਤ ਠਹਿਰਾਉਂਦੇ ਹਨ। ਇਹ ਕਹਾਣੀ ਇੱਕ ਅੰਤਰ-ਜਾਤੀ ਵਿਆਹ ਦੀ ਦਾਸਤਾਂ ਦਰਸਾਉਂਦੀ ਹੈ। ਕਹਾਣੀ 'ਇਕ ਦਾਅ ਹੋਰ' ਅਤੇ 'ਬੋਲਾਂ ਤਾਂ ਕੀ ਬੋਲਾਂ' ਇੱਕੋ ਜਿਹੇ ਸੰਦਰਭ ਵਿਚ ਸਿਰਜੀਆਂ ਗਈਆਂ ਹਨ। ਕਹਾਣੀਕਾਰ ਸੁਸ਼ੀਲ ਅਤੇ ਉਸ ਦੀ ਨੌਕਰੀ ਕਰਦੀ ਬੀਵੀ ਵਿਚ ਨਿੱਤ ਦਿਨ ਲੜਾਈ ਵੀ ਆਪਣੀ ਮਰਜ਼ੀ ਨਾਲ ਕੀਤੇ ਵਿਆਹ ਦਾ ਖਮਿਆਜ਼ਾ ਭੁਗਤਣਾ ਪੈਂਦਾ ਹੈ। ਚਾਹੇ ਨਾਇਕਾ ਨੇ ਆਪਣੇ ਪਹਿਲੇ ਪਤੀ ਅਜੀਤ ਦੀ ਮੌਤ ਤੋਂ ਬਾਅਦ ਆਪਣੀ ਮਰਜ਼ੀ ਵਿਚ ਸੁਸ਼ੀਲ ਨਾਲ ਕੋਰਟ ਮੈਰਿਜ ਕੀਤੀ ਹੈ। ਉੱਧਰ ਕਹਾਣੀ 'ਬੋਲਾਂ ਤਾਂ ਕੀ ਬੋਲਾਂ' ਦਾ ਨਾਇਕ ਸੁਰਿੰਦਰ ਇੱਕ ਕਵੀ ਹੈ ਪਰ ਉਸ ਦੀ ਬੀਵੀ ਮੈਥ ਅਤੇ ਇਕਨਾਮਿਕਸ ਵਿਚ ਦਿਲਚਸਪੀ ਰੱਖਦੀ ਹੈ। ਸੁਰਜੀਤ ਦਾ ਆਪਣੀ ਸਹਿ ਕਰਮੀ ਅਤੇ ਤਲਾਕਸ਼ੁਦਾ ਔਰਤ ਆਰਤੀ ਮਿੱਢਾ ਨਾਲ ਚਲਦਾ ਸਿਲਸਿਲਾ ਉਸਦੀ ਬੀਵੀ ਨੂੰ ਪਸੰਦ ਨਹੀਂ ਹੁੰਦਾ ਅਤੇ ਸੁਰਿੰਦਰ ਅਤੇ ਮੈਡਮ ਆਰਤੀ ਆਪਣੀ ਬਦਲੀ ਕਿਸੇ ਹੋਰ ਸ਼ਹਿਰ ਦੀ ਕਰਵਾ ਲੈਂਦੇ ਹਨ। ਪਰ ਮੁੜ ਕੇ ਸੁਰਜੀਤ ਘਰ ਦਾ ਰੁੱਖ ਕਰਦਾ ਹੈ। ਕਹਾਣੀ ਦੱਸਦੀ ਹੈ ਇੱਕ ਔਰਤ ਵਿਚ ਆਪਣੇ ਪਤੀ ਦੀ ਜ਼ਿੰਦਗੀ ਵਿਚ ਦੂਜੀ ਔਰਤ ਪ੍ਰਤੀ ਸ਼ਹਿਨਸ਼ੀਲਤਾ ਨਹੀਂ ਹੁੰਦੀ। ਸਮਾਜ ਦੀ ਦ੍ਰਿਸ਼ਟੀ ਵਿਚ ਮਰਦ ਅਤੇ ਔਰਤ ਦਾ ਮਿਲਣਾ ਵਿਚਾਰਾਂ ਦੀ ਸਾਂਝ ਨਹੀਂ, ਸਗੋਂ ਜਿਸਮਾਨੀ ਸਾਂਝ ਹੁੰਦੀ ਹੈ। ਕਹਾਣੀਆਂ ਦਰਸਾਉਂਦੀਆਂ ਹਨ ਕਿ ਲੇਖਕ ਕਿਸਮ ਦੇ ਬੰਦੇ ਆਪਣੀ ਦੁਨੀਆਂ ਵਿਚ ਹੀ ਰਹਿੰਦੇ ਹਨ, ਹੋਰ ਕਿਸੇ ਦੀ ਪ੍ਰਵਾਹ ਨਹੀਂ ਹੁੰਦੀ। ਕਹਾਣੀ ਰਿਸ਼ਤਿਆਂ ਦੇ ਦਾਅ ਖੇਡਣ ਦੀ ਵਿਥਿਆ ਪੇਸ਼ ਕਰਦੀ ਹੈ।

'ਕੋਈ ਹੋਰ ਠਿਕਾਣਾ' ਅਤੇ 'ਤੂੰ ਇੰਜ ਨਾ ਕਰੀਂ' ਕਹਾਣੀਆਂ ਵੀ ਔਰਤ 'ਤੇ ਹੋ ਰਹੇ ਜਬਰ-ਜ਼ੁਲਮ ਦੀ ਦਾਸਤਾਂ ਨੂੰ ਦਰਸਾਉਂਦੀਆਂ ਹਨ। ਕਹਾਣੀ 'ਕੋਈ ਹੋਰ ਠਿਕਾਣਾ' ਨਾਇਕਾ ਮਿਨਾਕਸ਼ੀ ਨਾਲ ਉਸਦੇ ਮਤਰਏ ਪਿਓ ਹਰਨਾਮ ਵੱਲੋਂ ਕੀਤੇ ਜਬਰ-ਜਨਾਹ ਦੀ ਕਥਾ ਬਿਆਨਦੀ ਹੈ, ਜੋ ਅੱਜ ਦੇ ਸੰਦਰਭ ਵਿਚ ਢੁੱਕਵੀਂ ਜਾਪਦੀ ਹੈ ਕਿਉਂਕਿ ਨਿੱਤ ਮਿਲਦੀਆਂ ਖ਼ਬਰਾਂ ਤੋਂ ਅਸੀਂ ਭਲੀ-ਭਾਂਤ ਜਾਣੂ ਹਾਂ। ਭਾਵੇਂ ਕਹਾਣੀ ਦੀ ਨਾਇਕਾ ਆਸ਼ਰਮ ਦੀ ਸ਼ਰਨ ਲੈਂਦੀ ਹੈ ਪਰ ਉਸ ਦੀ ਸਹੇਲੀ ਪ੍ਰੇਮ ਲਤਾ ਨਾਲ ਆਸ਼ਰਮ ਦੇ ਮੁੰਨੀ ਵੱਲੋਂ ਕੀਤੀ ਬਦਤਮੀਜ਼ੀ ਇਸ ਗੱਲ ਦਾ ਪ੍ਰਮਾਣ ਹੈ ਕਿ ਹੁਣ ਧਾਰਮਿਕ ਸਥਾਨ ਵੀ ਔਰਤ ਲਈ ਸੁਰੱਖਿਅਤ ਠਿਕਾਣਾ ਨਹੀਂ ਰਹੇ। ਇਵੇਂ ਹੀ ਕਹਾਣੀ 'ਤੂੰ ਇੰਜ ਨਾ ਕਰੀਂ' ਵਿਚ ਵੀ ਆਸ਼ਰਮ ਦੀ ਗੱਲ ਆਉਂਦੀ ਹੈ ਅਤੇ ਪ੍ਰਬਲ ਸੈਕਸ ਇੱਛਾਵਾਂ ਕਾਰਨ ਘਰ ਦੇ ਉਜੜਨ ਨੂੰ ਖੁੱਲ੍ਹਾ ਸਦਾ ਹੁੰਦਾ ਹੈ। ਕਹਾਣੀ ਦੀ ਨਾਇਕਾ ਦੀ ਮਾਂ ਨੀਲਮ ਰਾਣੀ ਵਲੋਂ ਮਿਸਟਰ ਮਹਿਤਾ ਅਤੇ ਹੋਰਾਂ ਨਾਲ ਸਬੰਧ ਜਿਸਮਾਨੀ ਭੁੱਖ ਨੂੰ ਉਜਾਗਰ ਕਰਦੀ ਹੈ।

ਕਹਾਣੀ 'ਹੋਰ ਵੰਡ ਨਹੀਂ' ਸਾਰੀਆਂ ਰਿਸ਼ਤੇਦਾਰੀਆਂ ਦੀ ਪੈਸੇ ਨਾਲ ਜੁੜੀ ਮਾਨਸਿਕਤਾ ਨੂੰ ਦਿਖਾਉਂਦੀ ਹੈ। ਕਹਾਣੀ ਦੇ ਨਾਇਕ ਦਾ ਭਰਾ ਹਰਬੰਸ ਅਤੇ ਉਸ ਦੀ ਭਰਜਾਈ ਰੂਮਨ ਨੇ ਪੈਸੇ ਪਿੱਛੇ ਹੀ ਦੌੜ ਰੱਖੀ ਹੋਈ ਹੈ। ਬਜ਼ੁਰਗਾਂ ਦੀ ਨਿਰਾਦਰੀ ਕਰਨੀ ਅਤੇ ਆਪਣੇ ਲਈ ਹਿੱਸੇ ਦੀ ਝਾਕ ਰੱਖਣੀ ਰਿਸ਼ਤੇਦਾਰੀਆਂ ਦੇ ਸਮਾਜਿਕ ਧਰਾਤਲ ਨੂੰ ਨੀਵੇਂ ਲਿਜਾਣ ਵਾਲਿਆਂ ਗੱਲਾਂ ਹਨ। ਰੂਮਨ ਵਰਗੀ ਪਾਤਰ ਦਾ ਖੇਖਣ ਕਰਨਾ, ਆਪਣੇ ਆਪ ਨੂੰ ਹਿਤੈਸ਼ੀ ਦਿਖਾਉਣਾ ਸੱਚ ਜਾਪਦਾ ਹੈ। ਜੇਕਰ ਦੇਖਿਆ ਜਾਵੇ ਤਾਂ ਵਰਤਮਾਨ ਸਮੇਂ ਅਜਿਹੀ ਪ੍ਰਸਥਿਤੀ ਨਜ਼ਰ ਆਉਂਦੀ ਹੈ। ਪੁਸਤਕ ਦੀ ਆਖ਼ਰੀ ਕਹਾਣੀ 'ਆਪਣਾ ਹੀ ਪਰਛਾਵਾਂ' ਬਚਪਨ ਦਾ ਅਤੀਤ ਪੇਸ਼ ਕਰਦੀ ਹੈ। ਇਕ ਨੋਨੂੰ ਦਾ ਸਹਾਰਾ ਲੈ ਕੇ ਲੇਖਕ ਨੇ ਬੜੀ ਸੂਖਮਤਾ ਨਾਲ ਉਸ ਬੱਚੇ ਦੀ ਕਹਾਣੀ ਬਿਆਨ ਕੀਤੀ ਹੈ, ਜੋ ਸਰੀਰਕ ਪੱਖੋਂ ਤੰਦਰੁਸਤ ਨਹੀਂ ਹੈ ਪਰ ਉਸ ਦੇ ਸ਼ੌਂਕ, ਇੱਛਾਵਾਂ ਉਸਦੇ ਸੁਪਨਿਆਂ ਵਿਚ ਵਿਚਰਦੇ ਹਨ। ਕਹਾਣੀ ਵਿਚ ਉਸੇ ਵਿਦਿਆਰਥੀ ਦੀ ਕਾਮਯਾਬੀ ਦਾ ਚਿਤਰਣ ਕਰਦੇ ਹੋਏ, ਉਸ ਨੂੰ ਐੱਸ.ਡੀ.ਐੱਮ. ਬਣਦਾ ਅਤੇ ਕਈ ਸਾਹਿਤਕ ਵਿਧਾਵਾਂ ਦਾ ਛਪਣਾ ਦਿਖਾਇਆ ਗਿਆ ਹੈ।

'ਖਲਾਅ ਵਿਚ ਭਟਕਦੇ ਰਿਸ਼ਤੇ' ਕਹਾਣੀ ਵਿਚ ਰਿਸ਼ਤਿਆਂ ਨੂੰ ਨਿਭਾਉਣ ਲਈ ਸਿਰਫ਼ ਮਾਣ ਦੀ ਲੋੜ ਨਹੀਂ, ਸਗੋਂ ਆਰਥਿਕ ਹਾਲਾਤ ਵੀ ਮਜ਼ਬੂਤ ਹੋਣ ਦੀ ਲੋੜ ਹੈ। ਇਸ ਕਹਾਣੀ ਦਾ ਨਾਇਕ ਮਾਸਟਰ ਹੈ, ਜਿਸ ਨੂੰ ਸਰਕਾਰ ਵਲੋਂ ਸਿਰਫ਼ ਦਸ ਹਜ਼ਾਰ ਰੁਪਏ ਤਨਖ਼ਾਹ ਮਿਲਦੀ ਹੈ, ਜਿਸ ਨਾਲ ਘਰ ਦਾ ਗੁਜ਼ਾਰਾ ਕਰਨਾ ਮੁਸ਼ਕਿਲ ਹੀ ਨਹੀਂ, ਸਗੋਂ ਅੱਜ ਦੇ ਜ਼ਮਾਨੇ ਵਿਚ ਅਸੰਭਵ ਹੈ। ਰੱਖੜੀ ਬੰਨਣ ਆਈ ਭੈਣ ਅਤੇ ਜੀਜੇ ਦੀ ਸੇਵਾ ਲਈ ਪੈਸੇ ਦੀ ਤਾਂ ਲੋੜ ਹੈ ਪਰ ਨਾਇਕ ਦੀ ਜੇਬ ਵਿਚ ਪੈਸੇ ਨਹੀਂ ਹਨ। ਉਹ ਰਿਸ਼ਤੇਦਾਰੀ ਨਿਭਾਉਣ ਲਈ ਕਿਵੇਂ ਓੜ-ਪੌੜ ਕਰਦਾ ਹੈ, ਤਾਂ ਸਮਾਜ ਦੀ ਹਕੀਕਤ ਚੰਗੀ ਤਰ੍ਹਾਂ ਉਘੜ ਕੇ ਸਾਹਮਣੇ ਆਉਂਦੀ ਹੈ। ਕਹਾਣੀ ਵਿਚ ਜਿੱਥੇ ਨਾਇਕ ਸਰਕਾਰ ਨੂੰ ਕੋਸਦਾ ਹੈ, ਉੱਥੇ ਮੁਲਾਜ਼ਮਾਂ ਦੀਆਂ ਤੰਗੀਆਂ-ਤੁਰਸ਼ੀਆਂ ਵੀ ਸਾਡੇ ਸਾਹਮਣੇ ਰੱਖਦੀ ਹੈ। ਉਹ ਇਸ ਗੱਲ 'ਤੇ ਵਿਸ਼ਵਾਸ ਕਰਦਾ ਹੈ ਕਿ ਉਹ ਪੁਲਿਸ ਜਾਂ ਮਾਲ ਵਿਭਾਗ ਵਿਚ ਨਹੀਂ ਹੈ, ਜਿੱਥੇ ਉਸ ਨੂੰ ਉਪਰੋਂ ਕਮਾਈ ਹੋਵੇ। ਇਹ ਗੱਲ ਕੁਝ ਹੱਦ ਤੱਕ ਸਹੀ ਮੰਨੀ ਜਾ ਸਕਦੀ ਹੈ, ਪੂਰਨ ਰੂਪ ਵਿਚ ਨਹੀਂ, ਕਿਉਂਕਿ ਮਹਿਕਮੇ ਵਿਚ ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ।

ਹੁਣ ਉਸ ਕਹਾਣੀ ਦੀ ਗੱਲ ਕਰਦੇ ਹਾਂ, ਜਿਸ ਦੇ ਆਧਾਰ 'ਤੇ ਲੇਖਕ ਨੇ ਪੁਸਤਕ ਦਾ ਨਾਮ ਰੱਖਿਆ ਹੈ, 'ਤੀਸਰੀ ਖਿੜਕੀ'। ਇਹ ਕਹਾਣੀ ਸਾਡੇ ਸਮਾਜਿਕ ਹੀ ਨਹੀਂ, ਸਗੋਂ ਪਰਿਵਾਰਕ ਸਬੰਧਾਂ ਦੇ ਦਰਸ਼ਨ ਕਰਵਾਉਂਦੀ ਹੈ। ਕਹਾਣੀ ਦੀ ਨਾਇਕਾ ਜਦੋਂ ਨਾਨਕਿਆਂ ਅਤੇ ਸਹੁਰਿਆਂ ਘਰ ਦੀਆਂ ਖਿੜਕੀਆਂ ਬੰਦ ਕਰਕੇ 'ਤੀਸਰੀ ਖਿੜਕੀ' ਖੋਲ੍ਹਦੀ ਹੈ, ਤਾਂ ਅਹਿਸਾਸ ਹੁੰਦਾ ਹੈ ਕਿ ਆਪਣਿਆਂ ਨਾਲੋਂ ਗ਼ੈਰਾਂ ਕਿੰਨੇ ਚੰਗੇ ਹੋ ਸਕਦੇ ਹਨ। ਨਾਇਕਾ ਦੀ ਮਾਂ ਅਤੇ ਮਾਮੇ ਵੱਲੋਂ ਉਸ ਨਾਲ ਵਿਆਹ ਸਬੰਧੀ ਕੀਤਾ ਧੱਕਾ ਸਾਡੇ ਰਿਸ਼ਤਿਆਂ ਦੇ ਮਤਲਬੀ ਹੋਣ ਦਾ ਕਾਰਨ ਬਣਦੇ ਹਨ। ਕਹਾਣੀ ਵਿਚਲੀ ਅੰਮਾ ਅਤੇ ਅੱਬਾ ਉਸ ਲਈ 'ਤੀਸਰੀ ਖਿੜਕੀ' ਬਣਦੇ ਹਨ। ਭਾਵੇਂ ਉਸਨੂੰ ਆਪਣੇ ਮਾਮੇ ਨਾਲ, ਉਸਦੇ ਮੁੰਡੇ ਨਾਲ ਨਫ਼ਰਤ ਹੈ ਪਰ ਘਰ ਆਏ ਨੂੰ ਉਹ ਫਿਰ ਵੀ ਤ੍ਰਿਸਕਾਰਦੀ ਨਹੀਂ ਤੇ ਨਾ ਉਸ ਦੀ ਬਦਲਾ ਲੈਣ ਦੀ ਇੱਛਾ ਹੈ।

ਪੁਸਤਕ ਵਿਚ ਕਈ ਥਾਂਈਂ ਪਰੂਫ ਰੀਡਿੰਗ ਦੀ ਘਾਟ ਅਖਰਦੀ ਹੈ, ਜਿਵੇਂ ਕਈ ਥਾਂਈ ਦੋ-ਦੋ ਸ਼ਬਦ ਲਿਖੇ ਹਨ- ਮਸਲਨ ਨਾਲ-ਨਾਲ, ਹੋਰ-ਹੋਰ ਆਦਿ ਇਵੇਂ ਹੀ ਸ਼ਬਦਾਂ ਦੀ ਬਣਤਰ ਜਿਵੇਂ ਸ਼ਬਦ 'ਆਇਆ ਤੇ ਗਿਆ' ਦਾ ਅਸਲ ਰੂਪ 'ਗਿਆ ਤੇ ਆਇਆ' ਹੈ', 'ਡਿਗਦੇ ਨੂੰ ਤਿਣਕੇ ਦਾ ਸਹਾਰਾ' ਦੀ ਥਾਂ 'ਡੁਬਦੇ ਨੂੰ ਤਿਣਕੇ ਦਾ ਸਹਾਰਾ' ਹੋਣਾ ਚਾਹੀਦਾ ਹੈ। ਇਵੇਂ ਹੀ ਪੁਸਤਕ ਦੀ ਨੌਵੀਂ ਕਹਾਣੀ 'ਤੀਸਰੀ ਖਿੜਕੀ' ਵਿਚ ਮਾਮੇ ਨੂੰ ਮਾਂ ਜਾਇਆ ਲਿਖਿਆ ਹੈ। ਪੁਸਤਕ ਵਿਚਲੀਆਂ ਕਹਾਣੀਆਂ ਨਾਇਕਾਵਾਂ ਦੀ ਜ਼ੁਬਾਨੀ ਪੇਸ਼ ਕੀਤੀਆਂ ਗਈਆਂ ਹਨ ਕਿਉਂਕਿ ਕਹਾਣੀਆਂ ਵਿਚ ਔਰਤ ਦਾ ਪੱਖ ਭਾਰੀ ਹੈ। ਪੁਸਤਕ ਦੀ ਭਾਸ਼ਾ ਆਮ ਘਰੇਲੂ ਅਤੇ ਸਰਲ ਹੈ। ਇਨ੍ਹਾਂ ਕਹਾਣੀਆਂ ਨੂੰ ਪੜ੍ਹਦਿਆਂ ਇੰਜ ਜਾਪਦਾ ਹੈ, ਜਿਵੇਂ ਘਟਨਾਵਾਂ ਸਾਡੇ ਆਲੇ-ਦੁਆਲੇ ਵਾਪਰ ਰਹੀਆਂ ਹੋਣ। ਇਸ ਪੁਸਤਕ ਨੂੰ ਪੰਜਾਬੀ ਸਾਹਿਤ ਜਗਤ ਵਿਚ ਖੁਸ਼ਆਮਦੀਦ ਕਹਿੰਦਿਆਂ ਲੇਖਕ ਤੋਂ ਹੋਰ ਉਸਾਰੂ ਕਹਾਣੀਆਂ ਦੀ ਆਸ ਕੀਤੀ ਜਾਂਦੀ ਹੈ।

# ਇਤਿਹਾਸਕ ਗੁਰਦੁਆਰਾ ਸ੍ਰੀ ਬਿਬਾਨਗੜ੍ਹ ਸਾਹਿਬ, ਸ੍ਰੀ ਫਤਹਿਗੜ੍ਹ ਸਾਹਿਬ



ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ,
ਜ਼ਿਲ੍ਹਾ ਲੁਧਿਆਣਾ।
ਮੋਬ : 75279-31887



(Punjab Mail USA)

ਇਤਿਹਾਸ ਅਨੁਸਾਰ 1704 ਈਸਵੀ ਨੂੰ ਜ਼ਾਲਮ ਮੁਗਲ ਸਰਕਾਰ ਨੇ ਬਾਬਾ ਜੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਨੂੰ ਬੜੀ ਬੇਰਹਿਮੀ ਨਾਲ ਗੁਰਦੁਆਰਾ ਸ੍ਰੀ ਫਤਹਿਗੜ੍ਹ ਵਾਲੇ ਅਸਥਾਨ 'ਤੇ ਸ਼ਹੀਦ ਕਰ ਦਿੱਤਾ ਸੀ। ਸ਼ਹੀਦੀਆਂ ਪਾ ਜਾਣ ਤੋਂ ਬਾਅਦ ਭਾਈ ਮੋਤੀ ਰਾਮ ਮਹਿਰਾ ਜੀ ਨੇ ਸ਼ਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖਬਰ ਠੰਡੇ ਬੁਰਜ ਵਿਚ ਕੈਦ ਮਾਤਾ ਗੁਜਰ ਕੌਰ ਜੀ ਨੂੰ ਸੁਣਾਈ। ਮਾਮਾ ਜੀ ਨੇ ਇਹ ਬਚਨ ਸੁਣਕੇ ਵਾਹਿਗੁਰੂ ਜੀ ਦਾ ਹੁਕਮ ਮੰਨਦੇ ਹੋਏ ਅਰਦਾਸ ਕੀਤੀ ਤੇ ਠੰਡੇ ਬੁਰਜ 'ਚ ਹੀ ਗੁਰਪੁਰੀ ਸਿਧਾਰ ਗਏ। ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ ਆਪਣੇ ਸਿਪਾਹੀਆਂ ਤੋਂ ਤਿੰਨੇ ਪਵਿੱਤਰ ਸਰੀਰਾਂ ਨੂੰ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਨਾਲ ਵਗਦੀ ਹੰਸਲਾ ਨਦੀ ਦੇ ਕੰਡੇ ਸੰਘਣੇ ਬੀਆਬਾਨ ਜੰਗਲ ਵਿਚ ਇਸ ਅਸਥਾਨ 'ਤੇ ਸੁਟਵਾ ਦਿੱਤਾ, ਜਿੱਥੇ ਖਤਰਨਾਕ ਮਾਸਖੋਰੇ ਜਾਨਵਰ ਰਹਿੰਦੇ ਸਨ। ਇਨ੍ਹਾਂ ਮਾਸਖੋਰੇ ਖੂੰਖਾਰ ਜਾਨਵਰਾਂ ਤੋਂ ਪਵਿੱਤਰ ਸਰੀਰਾਂ ਦੀ ਰਾਖੀ ਇੱਕ ਸ਼ੇਰ ਨੇ 48 ਘੰਟਿਆਂ ਤੱਕ ਇਸ ਅਸਥਾਨ 'ਤੇ ਕੀਤੀ। ਫਿਰ ਦੀਵਾਨ ਟੋਡਰ ਮੱਲ ਅਤੇ ਹੋਰ ਸਿੱਖ ਇੱਥੇ ਪਹੁੰਚੇ ਤੇ ਪਵਿੱਤਰ ਸਰੀਰਾਂ ਦੀ ਸੰਭਾਲ ਕੀਤੀ। ਇਥੇ ਹੀ ਸਰੀਰਾਂ ਦਾ ਇਸ਼ਨਾਨ ਕਰਵਾਕੇ ਬਿਬਾਨ ਵਿਚ ਸਜਾਕੇ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਤੋਂ ਗੁਰਦੁਆਰਾ ਜੋਤੀ ਸਰੂਪ ਸਾਹਿਬ ਵਿਖੇ ਸੰਸਕਾਰ ਲਈ ਲੈ ਗਏ, ਜਿੱਥੇ ਉਨ੍ਹਾਂ ਤਿੰਨੇ ਪਵਿੱਤਰ ਸਰੀਰਾਂ ਦਾ ਸਸਕਾਰ ਕੀਤਾ ਗਿਆ। ਸਸਕਾਰ ਵਾਲੀ ਚਾਰ ਸੁਕੇਅਰ ਜਗ੍ਹਾਂ ਨੂੰ ਦੀਵਾਨ ਟੋਡਰ ਮੱਲ ਜੀ ਨੇ 78 ਹਜ਼ਾਰ ਸੋਨੇ ਦੀਆਂ ਮੋਹਰਾਂ ਜ਼ਮੀਨ 'ਤੇ ਸਿੱਧੀਆਂ ਖੜ੍ਹੀਆਂ ਕਰਕੇ ਮੁੱਲ ਖਰੀਦਿਆ ਸੀ। ਉਸੇ ਸਮੇਂ ਤੋਂ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਦੁਨੀਆਂ ਭਰ ਵਿਚ ਮਸ਼ਹੂਰ ਹੈ। ਇਹ ਗੁਰਦੁਆਰਾ ਸਾਹਿਬ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਥੋੜ੍ਹੀ ਹੀ ਦੂਰੀ 'ਤੇ ਸਥਿਤ ਹੈ ਅਤੇ ਇਥੇ ਪੈਦਲ ਹੀ ਪਹੁੰਚਿਆ ਜਾ ਸਕਦਾ ਹੈ।

## ਪਿਆਰੀ ਮਾਂ

ਕਿਸਮਤ ਵਾਲੇ ਨੇ ਲੋਕੀ ਉਹ
ਕੋਲ ਜਿਨ੍ਹਾਂ ਦੇ ਮਾਵਾਂ ਨੇ

ਤੱਪਦੀ ਦੁਪਹਿਰ ਅੰਦਰ
ਸਿਰ ਠੰਡੀਆਂ ਛਾਵਾਂ ਨੇ

ਕਰ ਕੇ ਗੁਰੂ ਘਰ ਅਰਦਾਸ ਜੋ
ਦੂਰ ਬੱਚਿਆਂ ਤੋਂ ਰੱਖਦੀਆਂ ਬਲਾਵਾਂ ਨੇ

ਪੁੱਤ ਹੋ ਕਿੰਨਾ ਵੀ ਬੁਰਾ ਭਾਵੇਂ
ਮਾਵਾਂ ਮੂੰਹ ਹੁੰਦੀਆਂ ਦੁਆਵਾਂ ਨੇ

ਹੁੰਦੀ ਮਾਂ ਘਣਛਾਵਾਂ ਬੂਟਾ
ਜਿੱਥੋਂ ਵਗਦੀਆਂ ਮੋਹ ਦੀਆਂ ਹਵਾਵਾਂ ਨੇ

ਜੇਕਰ ਮਾਂ ਹੈ ਕੋਲ ਤਾਂ ਕਦਰ ਕਰਲੋ
ਮੁੜ ਨਹੀਂ ਲੱਭਣਾ ਇਨ੍ਹਾਂ ਛਾਵਾਂ ਨੇ

ਮਰਕੇ ਵੀ ਇਹ ਬੱਚਿਆਂ ਦੀ ਖੈਰ ਚਾਹੁਣ
ਰਹਿੰਦੀਆਂ ਬਣ ਨਾਲ ਪਰਛਾਵਾਂ ਨੇ

ਕਿਸਮਤ ਵਾਲੇ ਨੇ ਲੋਕੀ ਉਹ
ਕੋਲ ਜਿਨ੍ਹਾਂ ਦੇ ਮਾਵਾਂ ਨੇ।



-ਗੁਰਪ੍ਰੀਤ ਸਿੰਘ ਵਿੱਕੀ
ਪਿੰਡ ਤੇ ਡਾਕ ਬਡਾਲੀ ਆਲਾ ਸਿੰਘ
ਜ਼ਿਲ੍ਹਾ ਫਤਹਿਗੜ੍ਹ ਸਾਹਿਬ

(Punjab Mail USA)

## ਗੋਬਿੰਦ ਦੇ ਲਾਲ

ਦਿੱਤੇ ਸੀ ਲਾਲਚ ਕਈ
ਬੱਚਿਆ ਨੂੰ ਐਸ਼ੋ ਆਰਾਮ ਦੇ
ਫਿਰ ਵੀ ਸੁਪਨੇ ਪੂਰੇ ਨਾ ਹੋਏ
ਜ਼ਾਲਮ ਸਰਕਾਰ ਦੇ
ਅੱਡੀ ਚੋਟੀ ਦਾ ਸੀ ਜ਼ੋਰ ਲਾ ਲਿਆ
ਪਰ ਝੁਕਾ ਨਾ ਸਕਿਆ ਬਾਲਾਂ ਨੂੰ।
ਮੌਤ ਵੀ ਥਰ-ਥਰ ਕੰਬਦੀ ਸੀ
ਦੇਖ ਨੀਹਾਂ ਵਿਚ ਖੜ੍ਹੇ
ਗੋਬਿੰਦ ਦੇ ਲਾਲਾਂ ਨੂੰ।

ਨਿੱਕੀਆਂ ਜਿੰਦਾਂ ਵੱਡੇ ਸਾਕੇ
ਐਵੇਂ ਨਹੀਓਂ ਬਣ ਗਏ ਸੀ
ਬਿਨਾਂ ਸੋਚੇ ਸਮਝੇ, ਧਰਮ ਲਈ
ਨੀਹਾਂ ਵਿਚ ਖੜ੍ਹ ਗਏ ਸੀ
ਨਾ ਮੌਤ ਦਾ ਭੈ ਸੀ,
ਨਾ ਡਰ ਸੀ ਕੋਈ ਬਾਲਾਂ ਨੂੰ।
ਮੌਤ ਵੀ ਥਰ-ਥਰ ਕੰਬਦੀ ਸੀ
ਦੇਖ ਨੀਹਾਂ ਵਿਚ ਖੜ੍ਹੇ
ਗੋਬਿੰਦ ਦੇ ਲਾਲਾਂ ਨੂੰ।

ਦੇਕੇ ਨਿੱਕੀ ਉਮਰੇ ਸ਼ਹੀਦੀ
ਨਾਂ ਦਾਦੇ ਪਿਤਾ ਦਾ ਰੋਸ਼ਨ ਕਰ ਗਏ ਸੀ
ਇਹ ਸਭ ਦੇਖ ਕੇ ਜ਼ਾਲਮ
ਹੋਰ ਵੀ ਅੰਦਰੋਂ ਸੜ ਗਏ ਸੀ
ਜ਼ੋਰ ਦੀ ਸੀ ਲਾਏ ਜੈਕਾਰੇ
ਸੁਣਕੇ ਵਜ਼ੀਰ ਕੰਬ ਗਏ ਸੀ
ਭੱਠਲਾਂ ਵਾਲਿਆਂ ਕੌਮ ਦੇਣ ਨੀ ਦੇ ਸਕਦੀ
ਜੋ ਬਲੀਦਾਨ ਦਿੱਤਾ ਬਾਲਾਂ ਦਾ।
ਮੌਤ ਵੀ ਥਰ-ਥਰ ਕੰਬਦੀ ਸੀ
ਜਿਗਰਾ ਦੇਖ ਗੋਬਿੰਦ ਦੇ ਲਾਲਾਂ ਦਾ।



-ਅੰਮ੍ਰਿਤਪਾਲ ਸਿੰਘ ਗਿੱਲ
ਪਿੰਡ ਭੱਠਲਾਂ, ਜ਼ਿਲ੍ਹਾ ਬਰਨਾਲਾ।
ਸੰਪਰਕ : 88375-51245

(Punjab Mail USA)

## ਮਾਂ ਦੀ ਯਾਦ

ਮਾਂਵਾਂ ਬੋਹੜ ਦੀਆਂ ਠੰਡੀਆਂ ਛਾਵਾਂ
ਛਾਵਾਂ ਕੌਣ ਕਰੇ
ਮਾਂਵਾਂ ਬਿਨਾਂ ਕੌਣ ਲਾਡ ਲਡਾਵੇ
ਮਾਂਵਾਂ ਬਿਨਾਂ ਕੌਣ ਚਾਅ-ਮਲ੍ਹਾਰ ਕਰੇ
ਮਾਂ ਹੁੰਦੀ ਹੈ ਮੋਹ-ਮਮਤਾ
ਚਾਵਾਂ, ਮਲ੍ਹਾਰ, ਸੱਧਰਾਂ, ਉਮੰਗਾਂ
ਰੀਝਾਂ ਤੇ ਇੱਛਾਵਾਂ ਦੀ ਮੂਰਤ
ਮਾਂ ਜਦੋਂ ਤੇਰੀ ਯਾਦ ਆਉਂਦੀ
ਲੱਗ ਜਾਂਦੀ ਹੰਝੂਆਂ ਦੀ ਝੜੀ
ਕਦੀ ਕਿਸੇ ਬੱਚੇ ਦੀ ਮਾਂ ਨਾ ਮਰੇ
ਮਾਂ ਬਿਨਾਂ ਜੀਵਨ ਵਿਚ ਹੁੰਦਾ ਹੈ ਹਨ੍ਹੇਰਾ
ਮਾਂ ਨੂੰ ਦੇਖਦਿਆਂ ਹੀ ਚੜ੍ਹ ਜਾਂਦਾ ਹੈ ਚਾਅ
ਮਾਂ ਬਿਨਾਂ
ਜੀਵਨ ਉਸ ਬਿਰਖ ਵਾਂਗ ਹੋ ਜਾਂਦਾ ਹੈ
ਜਿਸ ਉੱਤੇ ਪੱਤਝੜ ਦਾ ਮੌਸਮ ਹੋਵੇ
ਉਸ ਉੱਤੇ ਕਿਸੇ ਫੁੱਲ ਤੇ ਫਲ
ਆਉਣ ਦੀ ਹੁਣ ਕੋਈ ਆਸ ਨਾ ਹੋਵੇ
ਮਾਂ ਤੇਰੇ ਪਰਉਪਕਾਰ ਭੁਲਾਏ ਨਹੀਂ ਜਾ ਸਕਦੇ
ਮਾਂ ਤੇਰਾ ਕਰਜ਼ਾ ਕਦੀ ਵੀ ਉਤਾਰਿਆ ਨਹੀਂ ਜਾ ਸਕਦਾ।
ਮਾਂ ਤੇਰਾ ਮੇਰੇ ਨਾਲ ਪਿਆਰ
ਬਾਕੀ ਪਰਿਵਾਰ ਨਾਲੋਂ ਵੱਖਰਾ ਹੀ ਸੀ
ਜਦ ਕਿਸੇ ਦਿਨ ਮੈਂ ਸਕੂਲ ਤੋਂ ਲੇਟ ਹੋ ਜਾਂਦਾ
ਤਾਂ ਤੂੰ ਮੇਰਾ ਸਕੂਲ ਦਾ ਰਾਹ ਤੱਕਦੀ ਰਹਿੰਦੀ
ਮਾਂ ਤੂੰ ਬਾਕੀ ਪਰਿਵਾਰ ਨਾਲੋਂ ਮੇਰੇ ਖਾਣ-ਪੀਣ
ਦਾ ਵੀ ਵੱਧ ਖਿਆਲ ਰੱਖਦੀ
ਸਵੇਰ ਨੂੰ ਦਹੀ ਵਿਚ ਮੱਖਣ ਪਾਉਣਾ
ਅਤੇ ਰਾਤ ਨੂੰ ਦੁੱਧ ਦਾ ਗਿਲਾਸ ਦੇਣਾ ਵੀ ਕਦੀ ਨਾ ਭੁੱਲਦੀ
ਮਾਂ ਤੇਰੇ ਪਾਸ ਭਾਵੇਂ ਸਕੂਲੀ ਵਿਦਿਆ ਨਹੀਂ ਸੀ
ਪਰ ਮਾਂ ਤੂੰ ਮੈਨੂੰ ਬਹੁਤ ਵਧੀਆ ਸੰਸਕਾਰ ਦਿੱਤੇ
ਮਾਂ ਅੱਜ ਮੈਂ ਜੋ ਵੀ ਹਾਂ, ਤੇਰੇ ਕਰਕੇ ਹੀ ਹਾਂ,
ਮਾਂ ਜਦੋਂ ਤੇਰੀ ਯਾਦ ਆਉਂਦੀ, ਲੱਗ ਜਾਂਦੀ ਹੰਝੂਆਂ ਦੀ ਝੜੀ



-ਮਾਸਟਰ ਨਿਰਮਲ ਸਿੰਘ ਲਾਲੀ
530-777-0955

(Punjab Mail USA)

## ਕੰਡਿਆਲ਼ਾ ਰਾਹ

ਹਿਜਰਾਂ ਦੀ ਪੀੜ ਕੁਲਹਿਣੀ ਜੇ ਹੱਡੀਂ ਬਹਿ ਜਾਂਦੀ,
ਹੌਲ਼ੇ ਜਿਹੇ ਆ ਕੇ ਫਿਰ ਦਿਲ ਵਿਚ ਲਹਿ ਜਾਂਦੀ।

ਚੰਦਰੀ ਇਸ਼ਕ ਬਿਮਾਰੀ ਦੁਨੀਆਂ ਹੈ ਕਹਿੰਦੀ,
ਨੈਣਾਂ ਰਾਹੀਂ ਅੰਦਰ ਆ ਕੇ ਸਾਹੀਂ ਵਸ ਬਹਿੰਦੀ।

ਲੱਭੇ ਨ ਇਲਾਜ ਕੋਈ ਲੁਕਮਾਨ ਜਿਹੇ ਝੁੱਕ ਜਾਂਦੇ ,
ਕਿੰਨੇ ਆਸ਼ਕ ਜੋ ਅਣਿਆਈ ਮੌਤ ਹੀ ਮੁੱਕ ਜਾਂਦੇ।

ਲੈਂਦੇ ਨੇ ਹਉਕੇ ਹਾਵੇ ਸੌਂਦੇ ਕੰਡਿਆਂ ਦੀ ਸੇਜ ਉੱਤੇ,
ਚੜ੍ਹੇ ਬਲੀ ਇਸ਼ਕ ਦੀ ਕਈ 'ਸ਼ਿਵ' ਜਵਾਨੀ ਰੁੱਤੇ।

ਕੱਚੇ ਪੱਕੇ ਨੂੰ ਪਰਖਦਾ ਕਦੇ ਕੰਢੇ ਝਨਾਂ ਦੇ ਉੱਤੇ,
ਸੱਸੀ ਨੂੰ ਰੋਲ ਥਲੀਂ ਕਦੇ ਟੰਗਕੇ ਤੀਰ ਜੰਡ ਉੱਤੇ।

ਛੱਡਦਾ ਨਾ ਕੱਖ ਪੱਲੇ ਨਾ ਇਹ ਪੱਲੇ ਪੈਣ ਦਿੰਦਾ,
ਕਰਦਾ ਲੰਬੀਆਂ ਵਾਟਾਂ ਨਾ ਚੁੱਪ ਰਹਿਣ ਦਿੰਦਾ।



ਸੇਵਾ ਸਿੰਘ "ਨੂਰਪੁਰੀ"

(Punjab Mail USA)

## ਇੱਕ ਹੂਕ...

ਕਰਾਂ ਮੁਸ਼ੱਕਤ ਹੱਕ ਦੀ ਖਾਵਾਂ, ਨਾ ਕੋਈ ਹੇਰਾ ਫੇਰੀ,
ਹੱਥਾਂ ਦੀਆਂ ਤਲੀਆਂ ਦੇ ਰੱਟਣ, ਭਰਨ ਗਵਾਹੀ ਮੇਰੀ।
ਕੀ ਪਤਾ ਹੈ ਕਦ ਤੁਰ ਜਾਣਾ, ਰੋਜ਼ ਉਡੀਕਣ ਕਬਰਾਂ,
ਖਬਰਾਂ ਪੜ੍ਹਦੇ-ਪੜ੍ਹਦੇ ਇੱਕ ਦਿਨ, ਬਣ ਜਾਵਾਂਗੇ ਖਬਰਾਂ।
ਮੁੜ-ਮੁੜ ਦਿਲ ਦੇ ਜ਼ਖਮ ਉਚੇੜਨ, ਬੀਤ ਗਏ ਦੀਆਂ ਯਾਦਾਂ,
ਦਰ ਤੇਰੇ 'ਤੇ ਮਸਤਕ ਰਗੜੇ, ਕੀਤੀਆਂ ਨੇ ਫਰਿਆਦਾਂ।
ਕਿੱਧਰ ਤੁਰ ਗਏ ਵੱਡ ਵਡੇਰੇ, ਜ਼ਿੰਦਗੀ ਦੇ ਕਈ ਸਾਥੀ,
ਅਪਣੀ ਚਾਲੇ ਜਾ ਰਿਹਾ ਹੈ, ਨਿਡਰ ਸਮੇ ਦਾ ਹਾਥੀ।
ਵਿੱਛੜ ਗਿਆਂ ਨੂੰ ਕਿੱਥੇ ਟੋਲ੍ਹਾਂ, ਕਿੱਥੇ ਚਿੱਠੀਆਂ ਪਾਵਾਂ,
ਹੁਣ ਤਾਂ ਯਾਦ ਰਿਹਾ ਨਹੀਂ ਮੈਨੂੰ, ਅਪਣਾ ਹੀ ਸਿਰਨਾਵਾਂ।
ਕੀ-ਕੀ ਸੁਣਿਆਂ ਕੀ-ਕੀ ਤੱਕਿਆ, ਅੱਗੇ ਕੀ-ਕੀ ਹੋਣਾ,
ਜ਼ਿੰਦਗੀ ਦੇ ਵਿਚ ਸਭ ਕੁੱਝ ਮਿਲਿਆ, ਗੌਣਾ ਹੱਸਣਾ ਰੋਣਾ।
ਕਿਸੇ ਕੋਲ ਵੀ ਵਕਤ ਨਹੀਂ ਹੈ, ਕਿਸ ਨੂੰ ਹਾਲ ਸੁਣਾਵਾਂ,
ਦੂਰ ਹੋ ਗਿਆ ਹੁਣ ਤਾਂ ਮੈਥੋਂ, ਅਪਣਾ ਹੀ ਪਰਛਾਵਾਂ।

***

ਕਿਤਨਾ ਵਕਤ ਹੋ ਗਿਆ ਤੁਰਿਆਂ, ਆ ਗਏ ਕਿਤਨਾ ਦੂਰ,
ਲੰਘ ਗਏ ਅੱਖਾਂ ਦੇ ਸਾਹਵੇਂ, ਪੱਤਣੋਂ ਕਿਤਨੇ ਪੂਰ।
ਬਾਬੇ ਦਾਦੇ ਚਾਚੇ ਤਾਏ, ਮਾਪੇ ਰਿਸਤੇਦਾਰ,
ਵਾਰੋ-ਵਾਰੀ ਹੱਥ ਛੁਡਾ ਕੇ, ਹੋ ਗਏ ਪਰਲੇ ਪਾਰ।
ਕਿੱਧਰ ਤੁਰ ਗਏ ਪਿੰਡ ਮੇਰੇ ਦੇ, ਸ਼ੇਰਾਂ ਵਰਗੇ ਜਾਏ,
ਰੋਟੀ ਦੇ ਲਈ ਗਏ ਪਰਦੇਸੀਂ, ਮੁੜ ਕੇ ਫਿਰ ਨਾ ਆਏ।
ਪਿੰਡ ਦੀ ਸ਼ਾਨ ਵਧਾਈ ਜਿਨ੍ਹਾਂ, ਜ਼ਿਲ੍ਹੇਦਾਰ ਜਿਹੇ ਸਿਆਣੇ,
ਪਿੰਡ ਵਿਚ ਨਾਮ ਨਿਸ਼ਾਨ ਨਹੀਂ ਹੈ, ਰੱਬ ਦੀਆਂ ਰੱਬ ਹੀ ਜਾਣੇ।
ਵੇਲਾ ਸੀ ਜਦ ਹਰ ਘਰ ਦੇ ਵਿਚ ਸੀ, ਵੱਡਿਆਂ ਦਾ ਸਤਿਕਾਰ,
ਅੱਜ ਤਾਂ ਪੁੱਤਰ ਪਿਓ ਨੂੰ ਆਖਣ, ਹੋ ਜਾ ਘਰ ਤੋਂ ਬਾਹਰ।
ਬਦਲ ਗਿਆ ਹੈ ਰੰਗ ਸਮੇਂ ਦਾ, ਮਤਲਬ ਦੇ ਸਭ ਯਾਰ,
ਰਿਸ਼ਤੇ ਨਾਤੇ ਪਾਣੀ ਬਣ ਗਏ, ਪੈਸੇ ਨਾਲ ਪਿਆਰ।
ਇੱਕ ਦੂਜੇ ਦੇ ਕੰਮ ਆਵਣ ਦਾ, ਹਰ ਇੱਕ ਨੂੰ ਸੀ ਚਾਅ,
ਹੁਣ ਤਾਂ ਦੁਖੀ ਭਰਾ ਦੇ ਲਾਗੇ, ਆਉਂਦਾ ਨਹੀਂ ਭਰਾ।
ਬੀਤੇ ਦੀ ਗੱਲ ਬਣ ਗਈਆਂ ਨੇ-ਸ਼ਰਮ ਹਯਾ ਦੀਆਂ ਗੱਲਾਂ,
ਭੈਣ ਭਰਾਵਾਂ ਵਾਂਗ ਨਾ ਰਹੀਆਂ-ਭੈਣ ਭਰਾ ਦੀਆਂ ਗੱਲਾਂ।

******

ਹਰ ਘਰ ਲਈ ਨਾਸੂਰ ਬਣੀ ਹੈ, ਟੀ.ਵੀ. ਦੀ ਬਿਮਾਰੀ,
ਪੁੱਠੇ ਬੈਣ 'ਚ ਰੁੜਦੀ ਜਾਂਦੀ, ਅੱਜਕੱਲ੍ਹ ਦੁਨੀਆਂ ਸਾਰੀ।
ਧੀਆਂ ਪੁੱਤਰ ਬਾਗੀ ਹੋ ਕੇ, ਕਰਦੇ ਉਹ ਉਹ ਸਾਕੇ,
ਕੁੰਡੀਆਂ ਮੁੱਛਾਂ ਵਾਲਾ ਬਾਪੂ, ਬਹਿ ਗਿਆ ਨੀਵੀਂ ਪਾ ਕੇ।
ਪਿੰਡ ਦੀ ਧੀ ਸੀ ਧੀ ਸਭਨਾਂ ਦੀ, ਮੁੰਡੇ ਵਾਂਗ ਭਰਾਵਾਂ,
ਕਹਿਰ ਸਮੇਂ ਦਾ ਆਪੋ ਵਿਚ ਹੀ, ਲੈਂਦੇ ਫਿਰਦੇ ਲਾਵਾਂ।
ਇਲਮ ਅਕਲਾਂ ਕਲਮ ਦੇ ਕਾਰੇ, ਜਾਂ ਪਾਪਾਂ ਦੀ ਖੱਟੀ,
ਅੱਧ ਪਿੰਡ ਉਜਾੜ ਉੱਜੜ ਗਈ, ਇਕ ਲਾਲੇ ਦੀ ਹੱਟੀ।
ਵੇਲਾ ਸੀ ਜਦ ਰਲ ਮਿਲ ਲੋਕੀਂ, ਸਭ ਦੇ ਦੁੱਖ ਵੰਡਾਂਦੇ,
ਹੁਣ ਤਾਂ ਮੁਰਦਾ ਫੂਕਣ ਨੂੰ ਵੀ, ਲੋਕ ਧੜੇ ਦੇ ਜਾਂਦੇ।
ਮਿੱਟੀ ਪਿੰਡ ਦੀ ਵਾਜਾਂ ਮਾਰੇ, ਮੁੜ ਆਓ ਪਿੰਡ ਦੇ ਜਾਇਓ,
ਘਰ ਜ਼ਮੀਨਾਂ ਸਾਂਭੀਆਂ ਗੈਰ, ਮੁੜ ਰੋਣੇ ਨੂੰ ਆਇਓ।
ਜਿਊਂਦਿਆਂ ਦੇ ਨਾਲ ਸੌ ਸੌ ਗੱਲਾਂ, ਮੋਇਆਂ ਦੇ ਨਾਲ ਕੀ,
ਜੋ ਕੁੱਝ ਦਿੱਸਦਾ ਹੋ ਜਾਵੇਗਾ, ਇੱਕ ਦਿਨ ਹੈ ਤੋਂ ਸੀ।



-ਸਤਨਾਮ ਸਿੰਘ ਦਰਦੀ ਚਾਨੀਆਂ-ਜਲੰਧਰ
92569-73526
(Punjab Mail USA)

## "ਤੱਤੀ ਤਵੀ ਨੂੰ"

ਨਾ ਕਰ ਐਨਾ ਕਹਿਰ ਨੀ ਤਵੀਏ
ਨਾ ਹੋ ਐਨੀ ਲਾਲ।
ਸਤਿਗੁਰ ਬੈਠੇ ਮਾਰ ਚੌਂਕੜਾ
ਕੁਝ ਤਾਂ ਕਰ ਤੂੰ ਖਿਆਲ।
ਤਵੀ ਦੇ ਹੇਠਾਂ ਬਲਦੀਏ ਅੱਗੇ
ਨਾ ਕੱਢ ਐਨੀਆਂ ਲਾਟਾਂ,
ਸਾੜ ਦੇਈਂ ਨਾ ਜਿਸਮ ਗੁਰਾਂ
ਦਾ ਸੰਗਤ ਤਕਦੀ ਵਾਟਾਂ,
ਲੱਗਿਆ ਚੰਦੂ ਦੇਣ ਤਸੀਹੇ
ਇਹ ਪਾਪੀ ਦੀ ਚਾਲ।
ਨਾ ਕਰ ਐਨਾ ਕਹਿਰ ਨੀ ਤਵੀਏ...।
ਸੀਸ ਦੇ ਉਪਰ ਪੈਂਦੀਏ ਰੇਤੇ
ਇੱਕ ਦਮ ਠੰਡੀ ਹੋਜਾ,
ਕੜਸੇ ਭਰਕੇ ਪਾਉਣ ਵਾਲਿਆ
ਤੂੰ ਵੀ ਜਰਾ ਖਲੋਜਾ
ਮੋਮ ਦੇ ਵਾਂਗੂੰ ਜਿਸਮ ਗੁਰਾਂ ਦਾ
ਨਾ ਦੇਵੀਂ ਤੂੰ ਢਾਲ।
ਨਾ ਕਰ ਐਨਾ ਕਹਿਰ ਨੀ ਤਵੀਏ...।
ਸਤਿਗੁਰ ਅਰਜਨ ਦੇਵ ਸਾਹਿਬ ਜੀ
ਹਨ ਦੁਖੀਆਂ ਦੇ ਦਰਦੀ,
ਵਿਚ ਲਹੌਰ ਦੇ ਵੇਖ ਸਕੇ ਨਾ
ਦੁਨੀਆਂ ਹੈਅ ਹੈਅ ਕਰਦੀ,
ਨਾਮ ਦੀਆਂ ਸਦਾ ਦਾਤਾਂ ਵੰਡਦਾ
ਮਾਂ ਭਾਨੀ ਦਾ ਲਾਲ।
ਨਾ ਕਰ ਐਨਾ ਕਹਿਰ ਨੀ ਤਵੀਏ...।
ਜ਼ਾਲਮੋ-ਜ਼ੁਲਮ ਕਰੋ ਨਾ ਭਾਰੀ
ਇਹ ਤਾਂ ਰੂਪਨੇ ਰੱਬ ਦਾ,
ਚਰਨੀ ਡਿੱਗ ਕੇ ਭੁੱਲ ਬਖਸ਼ਾਲੋ
ਭਲਾ ਜੋ ਚਾਹੁੰਦੇ ਸਭ ਦਾ,
"ਗਿੱਲ ਮਲਕੀਤ" ਨਾ ਲੱਭਦੇ ਮੁੜਕੇ
ਕਦੇ ਗੁਆਚੇ ਲਾਲ।
ਨਾ ਕਰ ਐਨਾ ਕਹਿਰ ਨੀ ਤਵੀਏ
ਨਾ ਹੋ ਐਨੀ ਲਾਲ।



-ਮਲਕੀਤ ਸਿੰਘ ਗਿੱਲ (ਭੱਠਲਾਂ)
ਜ਼ਿਲ੍ਹਾ ਬਰਨਾਲਾ।
ਸੰਪਰਕ : 94174-90943
79865-2225

(Punjab Mail USA)

## ਸਿੱਖੀ

ਲਹੌਰ ਚੰਦੂ ਤੋਂ ਸੜੀ ਨਾ ਸਿੱਖੀ
ਚੌਂਕ ਚਾਂਦਨੀ ਡਰੀ ਨਾ ਸਿੱਖੀ
ਮੌਤ ਕੋਲੋਂ ਵੀ ਹਰੀ ਨਾ ਸਿੱਖੀ
ਹਰ ਸਿੱਖ ਸੀਸ ਲੁਹਾ ਸਕਦਾ।
ਨਾ ਜੰਮਿਆ ਨਾ ਕੋਈ ਜੰਮਣਾ ਏ
ਜੋ ਸਿੱਖੀ ਤਾਈਂ ਮਿਟਾ ਸਕਦਾ।

ਇਹ ਆਰਿਆਂ ਕੋਲੋਂ ਡੋਲੀ ਨਾ
ਸੀਹ ਚਰਖੜੀਆਂ 'ਤੇ ਬੋਲੀ ਨਾ
ਤੱਕ ਦੇਗ਼ ਉੱਬਲਦੀ ਹੌਲੀ ਨਾ
ਨਾ ਸਿਦਕੋਂ ਕੋਈ ਡੁਲਾ ਸਕਦਾ।
ਨਾ ਜੰਮਿਆ ਨਾ ਕੋਈ ਜੰਮਣਾ ਏ ....।

ਬੰਦ ਬੰਦ ਕਟਵਾਕੇ ਹੱਸਦੀ ਰਹੀ
ਤਿੱਖੀਆਂ ਤੇਗਾਂ 'ਤੇ ਨੱਚਦੀ ਰਹੀ
ਇਹ ਮਰਕੇ ਜਿਊਣਾਂ ਦੱਸਦੀ ਰਹੀ
ਇਸ ਵੱਲ ਨਾ ਕੋਈ ਉਂਗਲ ਉਠਾ
ਸਕਦਾ।
ਨਾ ਜੰਮਿਆ ਨਾ ਕੋਈ ਜੰਮਣਾ ਏ ....।


ਇਹ ਹਰ ਜੰਗ ਜਿੱਤ ਕੇ ਆਉਂਦੀ ਰਹੀ
ਵੈਰੀ ਨੂੰ ਭਾਜੜਾਂ ਪਾਉਂਦੀ ਰਹੀ
ਲੱਖਾਂ ਨਾਲ ਇੱਕ ਲੜਾਉਂਦੀ ਰਹੀ
ਨਾ ਇਸ ਨੂੰ ਕੋਈ ਹਰਾ ਸਕਦਾ।
ਨਾ ਜੰਮਿਆ ਨਾ ਕੋਈ ਜੰਮਣਾ ਏ ....।

ਇਹ ਹੱਸ ਨੀਹਾਂ ਵਿਚ ਖੜ੍ਹ ਸਕਦੀ
ਜਿੰਦ ਨਿੱਕੀ ਜ਼ੁਲਮ ਨਾਲ ਲੜ ਸਕਦੀ
ਇਹ ਵੱਡੇ ਸਾਕੇ ਕਰ ਸਕਦੀ
ਨਾ ਦੁਸ਼ਮਣ ਕੋਈ ਡਰਾ ਸਕਦਾ।
ਨਾ ਜੰਮਿਆ ਨਾ ਕੋਈ ਜੰਮਣਾ ਏ ....।

ਇਹ ਬੂਟਾ ਨਾਨਕ ਜੀ ਲਾਇਆ ਏ
ਦਸਮੇਸ਼ ਨੇ ਅੰਮ੍ਰਿਤ ਪਾਇਆ ਏ
ਇਹਤੇ ਗ੍ਰੰਥ ਸਾਹਿਬ ਦਾ ਸਾਇਆ ਏ
"ਮਲਕੀਤ" ਕੀ ਮਹਿਮਾਂ ਗਾ ਸਕਦਾ।
ਨਾ ਜੰਮਿਆ ਨਾ ਕੋਈ ਜੰਮਣਾ ਏ
ਜੋ ਸਿੱਖੀ ਤਾਈਂ ਮੁਕਾ ਸਕਦਾ।

ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 79865-28225

(Punjab Mail USA)


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Elk Grove 9700 BLVD
Bradshaw 9600 RD
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567